Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 15 | Friday, January 21, 2022 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਕੋਵਿਡ-19 ਪਾਬੰਦੀਆਂ ਹਟਾਉਣ ਲਈ ਓਨਟਾਰੀਓ ਨੇ ਐਲਾਨੀ ਤਿੰਨ ਪੜਾਵੀ ਯੋਜਨਾ

ਓਨਟਾਰੀਓ, 20 ਜਨਵਰੀ (ਪੋਸਟ ਬਿਊਰੋ) : ਪ੍ਰੋਵਿੰਸ ਵਿੱਚ ਕੋਵਿਡ-19 ਪਾਬੰਦੀਆਂ ਨੂੰ ਹੌਲੀ ਹੌਲੀ ਹਟਾਉਣ ਲਈ ਓਨਟਾਰੀਓ ਨੇ 31 ਜਨਵਰੀ ਤੋਂ ਇੰਡੋਰ ਡਾਈਨਿੰਗ ਤੇ ਜਿੰਮਜ਼ ਨੂੰ ਮੁੜ ਖੋਲ੍ਹਣ ਤੇ ਇੱਕਠ ਦੀ ਲਿਮਿਟ ਵਧਾਉਣ ਦਾ ਐਲਾਨ ਕੀਤਾ ਹੈ।



ਵੀਰਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਸਾਨੂੰ ਇਹ ਵਿਸ਼ਵਾਸ ਹੈ ਕਿ ਮਾੜਾ ਸਮਾਂ ਹੁਣ ਬੀਤ ਚੁੱਕਿਆ ਹੈ ਤੇ ਅਸੀਂ ਬੜੀ ਅਹਿਤਿਆਤ ਨਾਲ ਪਬਲਿਕ ਹੈਲਥ ਮਾਪਦੰਡਾਂ ਨੂੰ ਸੁਖਾਲਾ ਕਰਨ ਜਾ ਰਹੇ ਹਾਂ। ਪ੍ਰੋਵਿੰਸ ਨੇ ਆਖਿਆ ਕਿ 31 ਜਨਵਰੀ ਤੋਂ ਸ਼ੁਰੂ ਹੋ ਕੇ ਸੋਸ਼ਲ ਇੱਕਠ ਦੀ ਸਮਰੱਥਾ ਇੰਡੋਰਜ਼ ਲਈ 10 ਤੇ ਆਊਟਡੋਰਜ਼ ਲਈ 25 ਕਰ ਦਿੱਤੀ ਜਾਵੇਗੀ। ਇੰਡੋਰ ਡਾਈਨਿੰਗ, ਜਿੰਮਜ਼, ਰੀਟੇਲਰਜ਼, ਸ਼ਾਪਿੰਗ ਮਾਲਜ਼ ਤੇ ਸਿਨੇਮਾਜ਼ 50 ਫੀ ਸਦੀ ਸਮਰੱਥਾ ਨਾਲ ਖੁੱਲ੍ਹਣਗੇ।

ਮਿਊਜ਼ੀਅਮ, ਗੈਲਰੀਜ਼, ਐਕੁਏਰੀਅਮ, ਜ਼ੂ, ਕੈਸੀਨੋ, ਬਿੰਗੋ ਹਾਲ ਤੇ ਹੋਰ ਗੇਮਿੰਗ ਅਸਟੈਬਲਿਸ਼ਮੈਂਟਸ ਵੀ ਮੁੜ ਖੁੱਲ੍ਹ ਸਕਦੀਆਂ ਹਨ। ਸਰਕਾਰ ਖੇਡ ਮੁਕਾਬਲਿਆਂ, ਕੰਸਰਟ ਵੈਨਿਊਜ਼ ਤੇ ਥਿਏਟਰਜ਼ ਨੂੰ 50 ਫੀ ਸਦੀ ਸਮਰੱਥਾ ਜਾਂ 500 ਲੋਕ, ਜੋ ਵੀ ਘੱਟ ਹੋਵੇ, ਨਾਲ ਖੋਲ੍ਹ ਸਕਦੀ ਹੈ। ਪਬਲਿਕ ਹੈਲਥ ਰੁਝਾਨਾਂ ਦੀ ਨਿਗਰਾਨੀ ਲਈ ਰੀਓਪਨਿੰਗ ਦਾ ਹਰ ਕਦਮ 21 ਦਿਨਾਂ ਦੇ ਵਕਫੇ ਉੱਤੇ ਅਮਲ ਵਿੱਚ ਲਿਆਂਦਾ ਜਾਵੇਗਾ।

...ਬਾਕੀ ਪੰਨਾ 6 'ਤੇ

# ਕੈਨੇਡਾ ਤੇ ਅਮਰੀਕਾ ਦੀ ਸਰਹੱਦ ਨੇੜੇ ਮਿਲੀਆਂ ਚਾਰ ਲਾਸ਼ਾਂ

### ਮਨੁੱਖੀ ਸਮਗਲਿੰਗ ਲਈ ਫਲੋਰਿਡਾ ਦੇ ਵਿਅਕਤੀ ਨੂੰ ਕੀਤਾ ਗਿਆ ਚਾਰਜ

ਮੈਨੀਟੋਬਾ, 20 ਜਨਵਰੀ (ਪੋਸਟ ਬਿਊਰੋ) :ਕੈਨੇਡਾ-ਯੂਐਸ ਬਾਰਡਰ ਦੇ ਨੇੜੇ ਮੈਨੀਟੋਬਾ ਵਿੱਚ ਇੱਕ ਬੱਚੇ ਸਮੇਤ ਚਾਰ ਵਿਅਕਤੀਆਂ ਦੀਆਂ ਲਾਸ਼ਾਂ ਮਿਲਣ ਤੋਂ ਬਾਅਦ ਫਲੋਰਿਡਾ ਦੇ ਇੱਕ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ। ਉਸ ਉੱਤੇ ਮਨੁੱਖੀ ਸਮਗਲਿੰਗ ਦਾ ਦੋਸ਼ ਲਾਇਆ ਗਿਆ ਹੈ।



ਡਿਸਟ੍ਰਿਕਟ ਆਫ ਮਿਨੀਸੋਟਾ ਲਈ ਯੂਨਾਈਟਿਡ ਸਟੇਟਸ ਅਟਾਰਨੀ ਆਫਿਸ ਅਨੁਸਾਰ 47 ਸਾਲਾ ਸਟੀਵ ਸ਼ੈਂਡ ਨੂੰ ਬੁੱਧਵਾਰ ਨੂੰ ਯੂਐਸ ਬਾਰਡਰ ਪੈਟਰੋਲ ਵੱਲੋਂ ਬਿਨਾਂ ਦਸਤਾਵੇਜ਼ਾਂ ਦੇ ਵਿਦੇਸ਼ੀ ਨਾਗਰਿਕਾਂ ਨੂੰ ਸਮਗਲ ਕਰਨ ਲਈ ਗ੍ਰਿਫਤਾਰ ਕੀਤਾ ਗਿਆ ਸੀ। ਉਸ ਖਿਲਾਫ ਲਾਏ ਗਏ ਚਾਰਜਿਜ਼ ਅਦਾਲਤ ਵਿੱਚ ਸਿੱਧ ਨਹੀਂ ਹੋਏ ਹਨ। ਯੂਨਾਈਟਿਡ ਸਟੇਟਸ ਅਟਾਰਨੀ ਆਫਿਸ ਨੇ ਆਖਿਆ ਕਿ ਬੁੱਧਵਾਰ ਨੂੰ ਯੂਐਸ ਬਾਰਡਰ ਪੈਟਰੋਲ ਨੇ ਸ਼ੈਂਡ ਨੂੰ ਰੋਕਿਆ, ਉਹ ਬਾਰਡਰ ਦੇ ਦੱਖਣ ਵੱਲ ਦੋ ਕਿਲੋਮੀਟਰ ਤੋਂ ਵੀ ਘੱਟ ਦੀ ਦੂਰੀ ਉੱਤੇ ਪੇਂਡੂ ਇਲਾਕੇ ਵਿੱਚ 15 ਸੀਟਰ ਪੈਸੈਂਜਰ ਵੈਨ ਚਲਾ ਰਿਹਾ ਸੀ। ਰਲੀਜ਼ ਵਿੱਚ ਆਖਿਆ ਗਿਆ ਕਿ ਵੈਨ ਵਿੱਚ ਬਿਨਾਂ ਦਸਤਾਵੇਜ਼ਾਂ ਵਾਲੇ ਦੋ ਵਿਅਕਤੀ ਮੌਜੂਦ ਸਨ।

ਯੂਨਾਈਟਿਡ ਸਟੇਟਸ ਅਟਾਰਨੀ ਆਫਿਸ ਅਨੁਸਾਰ ਜਿਸ ਸਮੇਂ ਸ਼ੈਂਡ ਤੇ ਦੋ ਪੈਸੈਂਜਰਜ਼ ਨੂੰ ਉੱਤਰੀ ਡਕੋਤਾ ਵਿੱਚ ਪੈਂਬੀਨਾ ਬਾਰਡਰ ਪੈਟਰੋਲ ਸਟੇਸ਼ਨ ਲਿਜਾਇਆ ਗਿਆ ...ਬਾਕੀ ਪੰਨਾ 6 'ਤੇ

## ਬਰੈਂਪਟਨ, ਮਿਸੀਸਾਗਾ ਅਤੇ ਪੀਲ ਵਿੱਚ ਪਬਲਿਕ ਟਰਾਂਜ਼ਿਟ ਨੂੰ ਹੁਲਾਰਾ ਦੇਣ ਲਈ ਓਨਟਾਰੀਓ ਮੁਹੱਈਆ ਕਰਵਾਏਗਾ ਆਰਥਿਕ ਮਦਦ

ਓਨਟਾਰੀਓ, 20 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਸਿਟੀ ਆਫ ਬਰੈਂਪਟਨ, ਮਿਸੀਸਾਗਾ ਅਤੇ ਪੀਲ ਵਿੱਚ ਪਬਲਿਕ ਟਰਾਂਜ਼ਿਟ ਸਰਵਿਸਿਜ਼ ਦੇ ਪਸਾਰ ਤੇ ਸੁਧਾਰ ਲਈ ਕ੍ਰਮਵਾਰ 15,625,839 ਡਾਲਰ, 18,932,146 ਡਾਲਰ ਅਤੇ 482,539 ਡਾਲਰ ਮੁਹੱਈਆ ਕਰਵਾਏ ਜਾ ਰਹੇ ਹਨ। ਇਹ ਫੰਡਿੰਗ ਪ੍ਰੋਵਿੰਸ ਦੇ ਗੈਸ ਟੈਕਸ ਪ੍ਰੋਗਰਾਮ ਦਾ ਹਿੱਸਾ ਹੈ, ਜਿਸ ਤਹਿਤ ਇਸ ਸਾਲ 375.6 ਮਿਲੀਅਨ ਡਾਲਰ 107 ਮਿਊਂਸਪੈਲਿਟੀਜ਼ ਨੂੰ ਦਿੱਤੇ ਜਾਣਗੇ, ਜੋ ਅੱਗੇ ਪਬਲਿਕ ਟਰਾਂਜ਼ਿਟ ਵਿੱਚ ਲਾਏ ਜਾਣਗੇ।



ਬਰੈਂਪਟਨ ਵੈਸਟ ਤੋਂ ਐਮਪੀਪੀ ਅਮਰਜੋਤ ਸੰਧੂ ਨੇ ਆਖਿਆ ਕਿ ਕੋਵਿਡ-19 ਦੌਰਾਨ ਸੰਘਰਸ਼ ਕਰ ਰਹੀਆਂ ਕਮਿਊਨਿਟੀਜ਼ ਲਈ ਸਰਵਿਸ ਦਾ ਪੱਧਰ ਮੇਨਟੇਨ ਕਰਨ ਵਾਸਤੇ ਸਾਡੀ ਸਰਕਾਰ ਜਾਣਦੀ ਹੈ ਕਿ ਪਬਲਿਕ ਟਰਾਂਜ਼ਿਟ ਸਿਸਟਮ ਵਧੇਰੇ ਅਹਿਮ ਹੈ। ਇਸ ਲਈ ਇਸ ਦਾ ਸਮਰਥਨ ਕਰਨਾ ਜ਼ਰੂਰੀ ਹੈ। ਉਨ੍ਹਾਂ ਆਖਿਆ ਕਿ ਇਸੇ ਲਈ ਇਸ ਸਾਲ ਪੰਪ ਉੱਤੇ ਘਟੀ ਸੇਲ ਵਾਸਤੇ ਅਸੀਂ ਗੈਸ ਟੈਕਸ ਫੰਡਿੰਗ ਵਿੱਚ ਸੱਭ ਤੋਂ ਉੱਪਰ ਹਾਂ।

ਇਸ ਦੌਰਾਨ ਮਿਸੀਸਾਗਾ-ਸਟਰੀਟਸਵਿੱਲ ਤੋਂ ਐਮਪੀਪੀ ਨੀਨਾ ਟਾਂਗਰੀ ਨੇ ਆਖਿਆ ਕਿ ਸਾਡੀ ਸਰਕਾਰ ਵੱਲੋਂ ਪਬਲਿਕ ਟਰਾਂਜ਼ਿਟ ਸਿਸਟਮਜ਼ ਦੀ ਅਹਿਮੀਅਤ ਨੂੰ ਧਿਆਨ ਵਿੱਚ ਰੱਖਦਿਆਂ ਸਾਡੀ ਕਮਿਊਨਿਟੀ ਨੂੰ ਦਰਪੇਸ਼ ਚੁਣੌਤੀਆਂ ਦਾ ਖਿਆਲ ਰੱਖਿਆ ਜਾ ਰਿਹਾ ਹੈ। ਇਸ ਗੈਸ ਟੈਕਸ ਪ੍ਰੋਗਰਾਮ ਤਹਿਤ ਸਿਟੀ ਆਫ ਮਿਸੀਸਾਗਾ ਨੂੰ 18 ਮਿਲੀਅਨ ਡਾਲਰ ਤੋਂ ਉੱਪਰ ਦੀ ਤੇ ਪੀਲ ਰੀਜਨ ਨੂੰ 400,000 ਡਾਲਰ ਤੋਂ ਵੱਧ ਦੀ ਫੰਡਿੰਗ ਮੁਹੱਈਆ ਕਰਵਾਈ ਜਾਵੇਗੀ।

...ਬਾਕੀ ਪੰਨਾ 6 'ਤੇ

## ਅੰਦਰ ਇਹ ਵੀ ਪੜ੍ਹੋ

ਵਾਧੂ ਡੋਜ਼ਾਂ ਹੋਣ ਦੇ ਬਾਵਜੂਦ ਹੁਣ ਤੱਕ 35 ਫੀ ਸਦੀ ਕੈਨੇਡੀਅਨਜ਼ ਨੂੰ ਹੀ ਲੱਗੀ ਹੈ ਬੂਸਟਰ ਡੋਜ਼ — ਪੰਨਾ 03
ਭਗਵੰਤ ਮਾਨ ਪੰਜਾਬ ਵਿਧਾਨ ਸਭਾ ਦੇ ਧੂਰੀ ਹਲਕੇ ਤੋਂ ਚੋਣ ਲੜਨਗੇ — ਪੰਨਾ 05





# ਬਰੈਂਪਟਨ ਦੇ ਘਰ ਵਿਚ ਲੱਗੀ ਅੱਗ, 3 ਬੱਚਿਆਂ ਦੀ ਮੌਤ

ਬਰੈਂਪਟਨ, 20 ਜਨਵਰੀ (ਪੋਸਟ ਬਿਊਰੋ) : ਬਰੈਂਪਟਨ ਵਿੱਚ ਇੱਕ ਟਾਊਨਹਾਊਸ ਵਿੱਚ ਲੱਗੀ ਅੱਗ ਤੋਂ ਬਾਅਦ ਤਿੰਨ ਬੱਚਿਆਂ ਦੀ ਮੌਤ ਹੋ ਗਈ।

ਪੀਲ ਪੁਲਿਸ ਨੇ ਆਖਿਆ ਕਿ ਸਵੇਰੇ 9:11 ਵਜੇ ਟੌਰਬ੍ਰੈਮ ਰੋਡ ਤੇ ਕਲਾਰਕ ਬੋਲੀਵੀਅਰਡ ਉੱਤੇ ਸਥਿਤ ਇੱਕ ਘਰ ਵਿੱਚ ਲੱਗੀ ਅੱਗ ਤੋਂ ਬਾਅਦ ਫਰਸਟ ਰਿਸਪਾਂਡਰਜ਼ ਮੌਕੇ ਉੱਤੇ ਪਹੁੰਚੇ। ਜਿਸ ਸਮੇਂ ਅੱਗ ਲੱਗੀ ਉਸ ਸਮੇਂ ਘਰ ਵਿੱਚ ਲੋਕ ਮੌਜੂਦ ਸਨ। ਇਸ ਦੀ ਖਬਰ ਮਿਲਦੇ ਸਾਰ ਹੀ ਮੌਕੇ ਉੱਤੇ ਪਹੁੰਚੇ ਫਾਇਰਫਾਈਟਰਜ਼ ਨੂੰ ਉੱਪਰਲੀ ਮੰਜ਼ਿਲ ਦੀਆਂ ਖਿੜਕੀਆਂ ਵਿੱਚ ਪੌੜੀਆਂ ਲਾ ਕੇ ਘਰ ਦੇ ਅੰਦਰ ਜਾਣ ਦੀ ਕੋਸ਼ਿਸ਼ ਕਰਦਿਆਂ ਵੇਖਿਆ ਗਿਆ।



ਫਾਇਰਫਾਈਟਰਜ਼ ਨੇ ਦੱਸਿਆ ਕਿ ਘਰ ਵਿੱਚ ਰਹਿਣ ਵਾਲੇ ਲੋਕਾਂ ਨੂੰ ਦੂਜੀ ਤੇ ਤੀਜੀ ਮੰਜ਼ਿਲ ਤੋਂ ਬਾਹਰ ਕੱਢਿਆਂ ਗਿਆ। ਪੀਲ ਰੀਜਨਲ ਪੈਰਾਮੈਡਿਕਸ ਸਰਵਿਸਿਜ਼ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਗੰਭੀਰ ਹਾਲਤ ਵਿੱਚ ਤਿੰਨ ਲੋਕਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਇਸ ਤੋਂ ਇਲਾਵਾ ਇੱਕ ਵਿਅਕਤੀ ਦੇ ਮਾਮੂਲੀ ਜ਼ਖ਼ਮਾਂ ਦਾ ਇਲਾਜ ਵੀ ਮੌਕੇ ਉੱਤੇ ਹੀ ਕੀਤਾ ਗਿਆ।

ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਸਵੇਰੇ 11:30 ਵਜੇ ਟਵੀਟ ਕਰਕੇ ਆਖਿਆ ਕਿ ਹੁਣ ਤੱਕ ਤਿੰਨ ਬੱਚਿਆਂ ਦੇ ਮਰਨ ਦੀ ਪੁਸ਼ਟੀ ਹੋ ਚੁੱਕੀ ਹੈ। ਬ੍ਰਾਊਨ ਨੇ ਲਿਖਿਆ ਕਿ ਇਸ ਘਾਟੇ ਨੂੰ ਕਦੇ ਪੂਰਾ ਨਹੀਂ ਕੀਤਾ ਜਾ ਸਕਦਾ। ਸਾਡੇ ਕੋਈ ਵੀ ਲਫਜ਼ ਕਦੇ ਵੀ ਇਸ ਦੁੱਖ ਦੀ ਘੜੀ ਲਈ ਕਾਫੀ ਨਹੀਂ ਹੋਣਗੇ। ਇਸ ਪਰਿਵਾਰ ਦੀ ਦੁੱਖ ਦੀ ਘੜੀ ਵਿੱਚ ਅਸੀਂ ਉਨ੍ਹਾਂ ਦੇ ਨਾਲ ਹਾਂ।

ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਅੱਗ ਕਾਰਨ ਘਰ ਵਿੱਚ ਮੌਜੂਦ 18 ਸਾਲ ਤੋਂ ਘੱਟ ਉਮਰ ਦੇ ਤਿੰਨ ਬੱਚਿਆਂ ਦੀ ਮੌਤ ਹੋ ਗਈ। ਪੀਲ ਪੈਰਾਮੈਡਿਕਸ ਨੇ ਆਖਿਆ ਕਿ ਉਨ੍ਹਾਂ ਨੇ 9,12 ਤੇ 15 ਸਾਲ ਉਮਰ ਦੇ ਤਿੰਨ ਬੱਚਿਆਂ ਨੂੰ ਹਸਪਤਾਲ ਪਹੁੰਚਾਇਆ ਤੇ ਉਨ੍ਹਾਂ ਵਿੱਚ ਕੋਈ ਸਾਹ ਸਤ ਨਹੀਂ ਸੀ।

ਓਨਟਾਰੀਓ ਫਾਇਰ ਮਾਰਸ਼ਲ ਆਫਿਸ ਨੂੰ ਇਸ ਮਾਮਲੇ ਦੀ ਜਾਣਕਾਰੀ ਦੇ ਦਿੱਤੀ ਗਈ ਹੈ ਤੇ ਉਨ੍ਹਾਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾਵੇਗੀ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Critical illness Ins •Travel & Visitor Ins •RESP & TFSA & RRSP
• Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352) Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration, Family Law, Corporate, Power of Attorney/Affidavit /Attestations, Real Estate, Business Closing, Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

YES! Immigration — Yes we can...
Locations: Woodbridge, Mississauga, Scarborough
Celebrating 16 Years — 16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
ICCRC Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ: (416)740-6969 (647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance, Mortgage Insurance, Life Insurance, Visitor & Travel Insurance, RESP(Education Plan), Critical Illness Insurance
RANJIT GILL Insurance Advisor 416-724-5000

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Gift Prize with Every Purchase
* Repair at no extra cost * Appraisal Certificate * Buy, Sell, Trade
Tuesday to Sunday (12-8) (Monday Closed)
Raj & Gulshan Mob: 416-465-1200
www.dubaijewellers.ca info@dubaijewellers.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | Avon Financial Inc. Brokerage Lic. 12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

HELPING YOU PLAN TODAY...FOR TOMORROW
• Supervisa / Visitor Insurance • Life /Mortgage/Funeral Insurance • Disability Insurance • Critical Illness Insurance • RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com


PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance, Walkie pallet, Electric Motor, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

MANN LAW FIRM
• Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control : •Mouse & Rats •Spiders & Fleas •Bedbugs •Wasps •Cockroaches •Carpenter Ants •Silver Fish •Racoons
Call : PARESH PATEL
416 938 4598


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
379 Main St. North, Brampton | 905-451-0379
1 Promenade Circle, Thornhill | 647-274-3808
2456 Lake shore Blvd West, Etobicoke | 416-259-3654
chatr™
AUTHORIZED DEALER
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਸਾਰਿਆਂ ਲਈ ਵਾਧੂ ਡੋਜ਼ਾਂ ਹੋਣ ਦੇ ਬਾਵਜੂਦ ਹੁਣ ਤੱਕ 35 ਫੀ ਸਦੀ ਕੈਨੇਡੀਅਨਜ਼ ਨੂੰ ਹੀ ਲੱਗੀ ਹੈ ਬੂਸਟਰ ਡੋਜ਼

ਓਟਵਾ, 20 ਜਨਵਰੀ (ਪੋਸਟ ਬਿਊਰੋ) : ਫੈਡਰਲ ਸਿਹਤ ਮੰਤਰੀ ਅਨੁਸਾਰ ਕੈਨੇਡਾ ਕੋਲ ਸਾਰੇ ਯੋਗ ਕੈਨੇਡੀਅਨਜ਼ ਨੂੰ ਕੋਵਿਡ-19 ਵੈਕਸੀਨ ਦੀ ਬੂਸਟਰ ਡੋਜ਼ ਦੇਣ ਲਈ ਕਾਫੀ ਸਪਲਾਈ ਹੈ ਪਰ ਫਿਰ ਵੀ ਅਜੇ ਤੱਕ ਸਿਰਫ 35 ਫੀ ਸਦੀ ਕੈਨੇਡੀਅਨਜ਼ ਨੂੰ ਹੀ ਤੀਜੀ ਡੋਜ਼ ਲੱਗੀ ਹੈ।



ਬੁੱਧਵਾਰ ਨੂੰ ਜੀਨ ਯਵੇਸ ਡਕਲਸ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਮੌਜੂਦਗੀ ਵਿੱਚ ਫੈਡਰਲ ਸਰਕਾਰ ਦੀ ਕੋਵਿਡ-19 ਬਾਰੇ ਅਪਡੇਟ ਦਿੰਦਿਆਂ ਆਖਿਆ ਕਿ ਸਾਨੂੰ ਸਾਰੇ ਕੈਨੇਡੀਅਨਜ਼ ਦੀ ਵੈਕਸੀਨੇਸ਼ਨ ਲਈ ਯਤਨ ਹੋਰ ਤੇਜ਼ ਕਰਨੇ ਹੋਣਗੇ। ਜ਼ਿਕਰਯੋਗ ਹੈ ਕਿ ਹੈਲਥ ਕੈਨੇਡਾ ਵੱਲੋਂ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਫਾਈਜ਼ਰ-ਬਾਇਓਐਨਟੈਕ ਤੇ ਮੌਡਰਨਾ ਐਮਆਰਐਨਏ ਵੈਕਸੀਨਜ਼ ਦੀਆਂ ਬੂਸਟਰ ਡੋਜ਼ਾਂ ਲਵਾਉਣ ਦੀ ਸਿਫਾਰਿਸ਼ ਕੀਤੀ ਗਈ ਸੀ। ਇਹ ਬੂਸਟਰ ਡੋਜ਼ ਮੁੱਢਲੇ ਵੈਕਸੀਨ ਕੋਰਸ ਤੋਂ ਛੇ ਮਹੀਨੇ ਬਾਅਦ ਦੇਣ ਦੀ ਸਲਾਹ ਵੀ ਦਿੱਤੀ ਗਈ ਸੀ। ਪਹਿਲ ਦੇ ਆਧਾਰ ਉੱਤੇ ਇਹ ਬੂਸਟਰ ਡੋਜ਼ਾਂ ਕਿਸ ਨੂੰ ਦਿੱਤੀਆਂ ਜਾਣੀਆਂ ਹਨ ਇਸ ਦਾ ਫੈਸਲਾ ਪ੍ਰੋਵਿੰਸਾਂ ਤੇ ਟੈਰੇਟਰੀਜ਼ ਉੱਤੇ ਛੱਡਿਆ ਗਿਆ ਸੀ। ਪ੍ਰੈੱਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਨੇ ਵੀ ਪੰਜ ਤੋਂ 12 ਸਾਲ ਦੇ ਬੱਚਿਆਂ ਨੂੰ ਕੋਵਿਡ 19 ਵੈਕਸੀਨ ਲਾਉਣ ਦੀ ਮੱਠੀ ਰਫਤਾਰ ਦਾ ਨੋਟਿਸ ਲਿਆ। ਸਰਕਾਰ ਅਨੁਸਾਰ ਇਸ ਉਮਰ ਵਰਗ ਦੇ 48 ਫੀ ਸਦੀ ਬੱਚਿਆਂ ਨੂੰ ਘੱਟੋ ਘੱਟ ਪਹਿਲੀ ਡੋਜ਼ ਲੱਗ ਚੁੱਕੀ ਹੈ।ਉਨ੍ਹਾਂ ਆਖਿਆ ਕਿ ਸਾਨੂੰ ਸਥਿਤੀ ਦਾ ਉਦੋਂ ਬਿਹਤਰ ਪਤਾ ਲੱਗੇਗਾ ਜਦੋਂ ਬੱਚੇ ਸਕੂਲ ਪਰਤਣਗੇ ਤੇ ਮਾਪੇ ਉਨ੍ਹਾਂ ਦੀ ਸਿਹਤ ਨੂੰ ਲੈ ਕੇ ਫਿਕਰਮੰਦ ਹੋਣਗੇ। ਨਤੀਜਤਨ ਉਹ ਆਪਣੇ ਬੱਚਿਆਂ ਨੂੰ ਵੈਕਸੀਨੇਟ ਕਰਵਾਉਣਗੇ। ਉਨ੍ਹਾਂ ਅੱਗੇ ਆਖਿਆ ਕਿ ਪੰਜ ਤੋਂ 12 ਸਾਲ ਦੇ ਬੱਚਿਆਂ ਦੀ ਵੈਕਸੀਨੇਸ਼ਨ ਦੀ ਦਰ ਕੈਨੇਡਾ ਵਿੱਚ ਐਨੀ ਘੱਟ ਹੈ ਕਿ ਨਾ ਸਿਰਫ ਬੱਚੇ ਹੀ ਕਮਜ਼ੋਰ ਹਨ ਸਗੋਂ ਸਮਾਜ ਨੂੰ ਵੀ ਖਤਰਾ ਹੈ। ਉਨ੍ਹਾਂ ਅੰਦਾਜ਼ਨ 6.5 ਮਿਲੀਅਨ ਉਨ੍ਹਾਂ ਕੈਨੇਡੀਅਨਜ਼ ਨੂੰ ਵੈਕਸੀਨੇਸ਼ਨ ਕਰਵਾਉਣ ਦੀ ਅਪੀਲ ਕੀਤੀ ਜਿਨ੍ਹਾਂ ਨੇ ਅਜੇ ਤੱਕ ਵੈਕਸੀਨੇਸ਼ਨ ਨਹੀਂ ਕਰਵਾਈ। ਉਨ੍ਹਾਂ ਆਖਿਆ ਕਿ ਨਾਂਹ ਨਾਲੋਂ ਦੇਰ ਭਲੀ।

# ਇਸ ਮਹੀਨੇ ਵੱਧ ਸਕਦੇ ਹਨ ਓਮਾਈਕ੍ਰੌਨ ਦੇ ਮਾਮਲੇ : ਐਲੀਅਟ

ਓਨਟਾਰੀਓ, 20 ਜਨਵਰੀ (ਪੋਸਟ ਬਿਊਰੋ) : ਕੋਵਿਡ-19 ਦੇ ਓਮਾਈਕ੍ਰੌਨ ਵੇਰੀਐਂਟ ਦੇ ਪਸਾਰ ਨੂੰ ਰੋਕਣ ਲਈ ਸਖ਼ਤ ਪਬਲਿਕ ਹੈਲਥ ਮਾਪਦੰਡ ਲਾਗੂ ਕਰਨ ਤੋਂ ਦੋ ਹਫਤੇ ਬਾਅਦ ਪ੍ਰੋਵਿੰਸ ਦੇ ਸਿਹਤ ਮੰਤਰੀ ਨੇ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਕੋਵਿਡ ਦੇ ਮਾਮਲੇ ਵਧਣ ਦਾ ਖਦਸ਼ਾ ਹੈ। ਬੁੱਧਵਾਰ ਨੂੰ ਨਿਊਜ਼ ਕਾਨਫਰੰਸ ਦੌਰਾਨ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਹਸਪਤਾਲ ਵਿੱਚ ਭਰਤੀ ਹੋਣ ਵਾਲੇ ਤੇ ਆਈਸੀਯੂ ਵਿੱਚ ਭਰਤੀ ਹੋਣ ਵਾਲਿਆਂ ਦੀ ਗਿਣਤੀ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਆਖਿਆ ਕਿ ਹਰ ਦੋ ਹਫਤਿਆਂ ਵਿੱਚ ਹਸਪਤਾਲ ਵਿੱਚ ਦਾਖਲ ਹੋਣ ਵਾਲਿਆਂ ਦੀ ਗਿਣਤੀ ਵੱਧ ਰਹੀ ਹੈ। ਐਲੀਅਟ



ਦੀ ਇਸ ਟਿੱਪਣੀ ਤੋਂ ਇੱਕ ਦਿਨ ਪਹਿਲਾਂ ਪ੍ਰੀਮੀਅਰ ਡੱਗ ਫੋਰਡ ਨੇ ਇਹ ਆਖਿਆ ਸੀ ਕਿ ਪ੍ਰੋਵਿੰਸ ਦੀਆਂ ਪਾਬੰਦੀਆਂ ਦੇ ਸਬੰਧ ਵਿੱਚ ਇਸ ਹਫਤੇ ਦੇ ਅਖੀਰ ਵਿੱਚ ਸਕਾਰਾਤਮਕ ਖਬਰ ਆ ਸਕਦੀ ਹੈ।ਫਿਰ ਬੁੱਧਵਾਰ ਨੂੰ ਵੀ ਫੋਰਡ ਨੇ ਆਖਿਆ ਕਿ ਸਕਾਰਾਤਮਕ ਐਲਾਨ ਰੈਸਟੋਰੈਂਟਸ ਤੇ ਜਿੰਮਜ਼ ਲਈ ਲਾਹੇਵੰਦ ਹੋਵੇਗਾ।

# ਕੁੱਝ ਪ੍ਰੋਵਿੰਸਾਂ ਵੱਲੋਂ ਓਮਾਈਕ੍ਰੌਨ ਦੇ ਮਾਮਲੇ ਘਟਣ ਦਾ ਦਾਅਵਾ ਤੇ ਹੋਰਨਾਂ ਵਿੱਚ ਪੰਜਵੀਂ ਵੇਵ ਆਉਣ ਦਾ ਖਦਸ਼ਾ



ਓਨਟਾਰੀਓ, 20 ਜਨਵਰੀ (ਪੋਸਟ ਬਿਊਰੋ) : ਕਈ ਪ੍ਰੋਵਿੰਸਾਂ ਵਿੱਚ ਕੋਵਿਡ-19 ਮਹਾਂਮਾਰੀ ਦੀ ਪੰਜਵੀਂ ਵੇਵ ਆਪਣੇ ਸਿਖਰ ਉੱਤੇ ਪਹੁੰਚ ਚੁੱਕੀ ਹੈ ਜਦਕਿ ਕੁੱਝ ਹੋਰਨਾਂ ਲਈ ਅਜੇ ਪੰਜਵੀਂ ਵੇਵ ਦਾ ਸਿਖਰ ਆਉਣਾ ਬਾਕੀ ਹੈ।

ਇਸ ਦੌਰਾਨ ਓਨਟਾਰੀਓ ਤੇ ਕਿਊਬਿਕ ਦਾ ਕਹਿਣਾ ਹੈ ਕਿ ਭਾਵੇਂ ਇੱਕ ਵਾਰੀ ਮੁੜ ਹਸਪਤਾਲਾਂ ਵਿੱਚ ਕੋਵਿਡ-19 ਦੇ ਮਰੀਜ਼ਾਂ ਦੀ ਗਿਣਤੀ ਕਾਫੀ ਵਧੀ ਹੈ ਪਰ ਹੁਣ ਰੋਜ਼ਾਨਾ ਦਰ ਇੱਕ ਵਾਰੀ ਫਿਰ ਢਲਣੀ ਸ਼ੁਰੂ ਹੋਈ ਹੈ। ਦੋਵਾਂ ਪ੍ਰੋਵਿੰਸਾਂ ਵੱਲੋਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਇਸ ਪੰਜਵੀਂ ਵੇਵ ਕਾਰਨ ਹੈਲਥ ਕੇਅਰ ਉੱਤੇ ਭਾਰ ਕਾਫੀ ਵਧਿਆ ਹੈ।

ਕਿਊਬਿਕ ਦੇ ਹਸਪਤਾਲਾਂ ਵਿੱਚ ਕੋਵਿਡ ਦੇ 3417 ਮਰੀਜ਼ ਦਾਖਲ ਹਨ ਜਦਕਿ ਓਨਟਾਰੀਓ ਵਿੱਚ ਹਸਪਤਾਲ ਵਿੱਚ ਦਾਖਲ ਮਰੀਜ਼ਾਂ ਦੀ ਗਿਣਤੀ 4183 ਹੈ, ਜਿਨ੍ਹਾਂ ਵਿੱਚੋਂ 580 ਇੰਟੈਂਸਿਵ ਕੇਅਰ ਵਿੱਚ ਹਨ। ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਉਹ ਇਸ ਹਫਤੇ ਓਨਟਾਰੀਓ ਵਿੱਚ ਜਾਰੀ ਪਾਬੰਦੀਆਂ ਵਿੱਚ ਢਿੱਲ ਦੇਣ ਦਾ ਐਲਾਨ ਕਰਨਗੇ। 5 ਜਨਵਰੀ ਤੋਂ ਇਨ ਪਰਸਨ ਡਾਈਨਿੰਗ ਉੱਤੇ ਰੋਕ ਲਾਈ ਗਈ ਸੀ, ਜਿੰਮ ਬੰਦ ਕੀਤੇ ਗਏ ਸਨ, ਰਿਟੇਲ ਵਿੱਚ ਸਮਰੱਥਾ 50 ਫੀ ਸਦੀ ਘਟਾ ਦਿੱਤੀ ਗਈ ਸੀ। ਇਹ ਪਾਬੰਦੀਆਂ 26 ਜਨਵਰੀ ਤੱਕ ਰਹਿਣ ਦੀ ਸੰਭਾਵਨਾ ਹੈ।

ਬੀਸੀ ਵਿੱਚ ਕੋਵਿਡ-19 ਦੇ 1975 ਮਾਮਲੇ ਸਾਹਮਣੇ ਆ ਚੁੱਕੇ ਹਨ ਤੇ ਇਨ੍ਹਾਂ ਵਿੱਚੋਂ 854 ਹਸਪਤਾਲ ਵਿੱਚ ਦਾਖਲ ਹਨ। ਪ੍ਰੋਵਿੰਸ ਦੇ ਉੱਘੇ ਡਾਕਟਰ ਨੇ ਸੰਕੇਤ ਦਿੱਤਾ ਹੈ ਕਿ ਜਲਦ ਹੀ ਜਿੰਮਜ਼ ਮੁੜ ਖੋਲ੍ਹ ਦਿੱਤੇ ਜਾਣਗੇ ਤੇ ਹਰ ਫਿੱਟਨੈੱਸ ਫੈਸਿਲਿਟੀਜ਼ ਵੀ ਮੁੜ ਸ਼ੁਰੂ ਕਰ ਦਿੱਤੀਆਂ ਜਾਣਗੀਆਂ।

ਸਸਕੈਚਵਨ ਹੈਲਥ ਅਥਾਰਟੀ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪ੍ਰੋਵਿੰਸ ਵਿੱਚ ਕੋਵਿਡ-19 ਕਾਰਨ ਹਸਪਤਾਲ ਵਿੱਚ ਭਰਤੀ ਹੋਣ ਵਾਲਿਆਂ ਦੀ ਦਰ ਵਿੱਚ ਵਾਧਾ ਹੋ ਰਿਹਾ ਹੈ ਤੇ ਵਰਕਰਜ਼ ਵੱਲੋਂ ਫਰਵਰੀ ਦੇ ਮੱਧ ਤੱਕ ਛੁੱਟੀਆਂ ਲਈਆਂ ਜਾ ਸਕਦੀਆਂ ਹਨ। ਅਲਬਰਟਾ ਵਿੱਚ ਵੀ ਕੋਵਿਡ-19 ਮਾਮਲਿਆਂ ਵਿੱਚ ਵਾਧਾ ਦਰਜ ਕੀਤਾ ਜਾ ਰਿਹਾ ਹੈ। ਇੱਕ ਵਾਰੀ ਫਿਰ ਕੋਵਿਡ-19 ਦੇ ਵੱਧ ਰਹੇ ਮਾਮਲਿਆਂ ਕਾਰਨ ਪ੍ਰਿੰਸ ਐਡਵਰਡ ਆਈਲੈਂਡ ਵਿੱਚ ਗੈਦਰਿੰਗਜ਼ ਦਾ ਆਕਾਰ ਘਟਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਤੇ ਜਿੰਮਜ਼, ਰੈਸਟੋਰੈਂਟਸ ਮਹੀਨੇ ਦੇ ਅਖੀਰ ਤੱਕ ਬੰਦ ਰੱਖਣ ਦੀਆਂ ਹਦਾਇਅਤਾਂ ਜਾਰੀ ਕੀਤੀਆਂ ਗਈਆਂ ਹਨ।

# ਟੋਰਾਂਟੋ ਦੇ ਘਰ ਵਿੱਚ ਲੱਗੀ ਅੱਗ, 1 ਹਲਾਕ, 1 ਜ਼ਖ਼ਮੀ

ਟੋਰਾਂਟੋ, 20 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਟੋਰਾਂਟੋ ਦੇ ਇੱਕ ਘਰ ਦੀ ਬੇਸਮੈਂਟ ਵਿੱਚ ਲੱਗੀ ਅੱਗ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਇੱਕ ਹੋਰ ਗੰਭੀਰ ਜ਼ਖ਼ਮੀ ਹੋ ਗਿਆ।ਰਾਤੀਂ 7:00 ਵਜੇ ਦੇ ਨੇੜੇ ਤੇੜੇ ਫਾਇਰ ਅਮਲੇ ਨੂੰ ਸ਼ੈਨਲੇ ਸਟਰੀਟ ਨੇੜੇ ਗਲੈਡਸਟੋਨ ਐਵਨਿਊ ਸਥਿਤ ਘਰ ਵਿੱਚ ਸੱਦਿਆ ਗਿਆ। ਕਾਰਜਕਾਰੀ ਫਾਇਰ ਚੀਫ ਜਿੰਮ ਜੈਸਪ ਨੇ ਦੱਸਿਆ ਕਿ ਬੇਸਮੈਂਟ ਵਿੱਚ ਲੱਗੀ ਇਸ ਅੱਗ ਤੋਂ ਛੁਟਕਾਰਾ ਪਾਉਣ ਵਿੱਚ ਸਾਡੇ ਅਮਲੇ ਨੂੰ ਕਾਫੀ ਮਸ਼ੱਕਤ ਕਰਨੀ ਪਈ।ਦੋ ਵਿਅਕਤੀਆਂ ਨੂੰ ਘਰ ਤੋਂ ਬਾਹਰ ਕੱਢਿਆ ਗਿਆ, ਇੱਕ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਦੂਜੇ ਨੂੰ ਨਾਜ਼ੁਕ ਹਾਲਤ ਵਿੱਚ ਪੈਰਾਮੈਡਿਕਸ ਵੱਲੋਂ



ਟਰੌਮਾ ਸੈਂਟਰ ਲਿਜਾਇਆ ਗਿਆ। ਇਨ੍ਹਾਂ ਦੋਵਾਂ ਦੀ ਉਮਰ ਤੇ ਲਿੰਗ ਆਦਿ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ।ਕਈ ਫਾਇਰਫਾਈਟਰਜ਼ ਨੂੰ ਵੀ ਹੀਟ ਕਾਰਨ ਨੁਕਸਾਨ ਹੋਇਆ। ਉਨ੍ਹਾਂ ਦਾ ਵੀ ਮੌਕੇ ਉੱਤੇ ਇਲਾਜ ਕਰਨ ਤੋਂ ਬਾਅਦ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਗਈ। ਇਸ ਮਾਮਲੇ ਦੀ ਜਾਂਚ ਤੇ ਅੱਗ ਦੇ ਕਾਰਨਾਂ ਦਾ ਪਤਾ ਲਾਉਣ ਲਈ ਫਾਇਰ ਮਾਰਸ਼ਲ ਦੇ ਆਫਿਸ ਵੱਲੋਂ ਕਾਰਵਾਈ ਕੀਤੀ ਜਾਵੇਗੀ।

# ਲਾਵਾਰਿਸ ਤੇ ਗੈਰਕਾਨੂੰਨੀ ਤੌਰ ਉੱਤੇ ਪਾਰਕ ਕੀਤੀਆਂ ਗੱਡੀਆਂ ਨੂੰ ਟੋਅ ਕਰੇਗੀ ਟੋਰਾਂਟੋ ਸਿਟੀ

ਟੋਰਾਂਟੋ, 20 ਜਨਵਰੀ (ਪੋਸਟ ਬਿਊਰੋ) : ਸਿਟੀ ਆਫ ਟੋਰਾਂਟੋ ਵੱਲੋਂ ਬਰਫ ਸਾਫ ਕਰਨ ਲਈ ਕੋਸ਼ਿਸ਼ਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ।ਪਰ ਗੈਰਕਾਨੂੰਨੀ ਤੌਰ ਉੱਤੇ ਪਾਰਕ ਕੀਤੀਆਂ ਗਈਆਂ ਗੱਡੀਆਂ ਨੂੰ ਅੱਜ ਤੋਂ ਟੋਅ ਵੀ ਕੀਤਾ ਜਾਵੇਗਾ।

ਸਿਟੀ ਦਾ ਕਹਿਣਾ ਹੈ ਕਿ ਉਹ ਗੈਰਕਾਨੂੰਨੀ ਤੌਰ ਉੱਤੇ ਸੜਕਾਂ ਉੱਤੇ ਖੜ੍ਹੀਆਂ ਗੱਡੀਆਂ ਤੇ ਲਾਵ-ਾਰਿਸ ਪਈਆਂ ਗੱਡੀਆਂ ਨੂੰ ਟੋਅ ਕਰਵਾਏਗੀ।ਇਨ੍ਹਾਂ ਗੱਡੀਆਂ ਕਾਰਨ ਬਰਫ ਹਟਾਉਣ ਦੇ ਕੰਮ ਵਿੱਚ ਵੀ ਅੜਿੱਕਾ ਪੈਣ ਦੀ ਸੰਭਾਵਨਾ ਹੈ। ਇਨ੍ਹਾਂ ਵਿੱਚ ਉਹ ਗੱਡੀਆਂ ਵੀ ਸ਼ਾਮਲ ਹਨ ਜਿਹੜੀਆਂ ਸਨੋਅ ਰੂਟਸ ਦੇ ਨਾਲ ਖੜ੍ਹੀਆਂ ਹਨ। ਟੈਗ ਕੀਤੀਆਂ ਗੱਡੀਆਂ ਨੂੰ ਕਾਰ ਕੰਪਾਊਂਡ ਵਿੱਚ ਲਿਜਾਇਆ ਜਾਵੇਗਾ ਤੇ ਰੈਜ਼ੀਡੈਂਟਸ ਸਿਟੀ ਦੇ ਜਿਸ ਹਿੱਸੇ ਵਿੱਚ ਰਹਿੰਦੇ



ਹੋਣਗੇ ਉੱਥੋਂ ਦਾ ਪਤਾ ਦੱਸਕੇ ਆਪਣੀ ਗੱਡੀ ਨੂੰ ਲੋਕੇਟ ਕਰ ਸਕਣਗੇ।

ਸਿਟੀ ਦੇ ਬੁਲਾਰੇ ਬ੍ਰੈਡ ਰੌਸ ਨੇ ਆਖਿਆ ਕਿ ਜਦੋਂ ਬਰਫੀਲਾ ਤੂਫਾਨ ਸ਼ੁਰੂ ਹੋਣ ਵਾਲਾ ਸੀ ਤਾਂ ਸਨੋਅ ਰੂਟਸ ਐਲਾਨੇ ਗਏ ਰਸਤਿਆਂ ਤੇ ਸੜਕਾਂ ਉੱਤੇ 72 ਘੰਟਿਆਂ ਲਈ ਪਾਰਕਿੰਗ ਕਰਨ ਦੀ ਮਨਾਹੀ ਸੀ। ਸਿਟੀ ਵੱਲੋਂ ਬਰਫ ਹਟਾਏ ਜਾਣ ਸਮੇਂ ਸੜਕਾਂ ਤੋਂ ਬਰਫ ਹਟਾ ਕੇ ਬਾਅਦ ਵਿੱਚ ਚੁੱਕੀ ਜਾਣ ਤੋਂ ਪਹਿਲਾਂ ਕਿਨਾਰਿਆਂ ਉੱਤੇ ਸੁੱਟੀ ਜਾਂਦੀ ਹੈ ਤੇ ਜੇ ਇੱਥੇ ਗੱਡੀਆਂ ਖੜ੍ਹੀਆਂ ਹੋਣ ਤਾਂ ਉਨ੍ਹਾਂ ਕਾਰਨ ਟਰੈਫਿਕ ਵਿੱਚ ਵਿਘਨ ਪੈ ਸਕਦਾ ਹੈ, ਰਾਹਗੀਰਾਂ ਨੂੰ ਦਿੱਕਤ ਆ ਸਕਦੀ ਹੈ ਤੇ ਪਾਰਕਿੰਗ ਵਿੱਚ ਵੀ ਅੜਿੱਕਾ ਆ ਸਕਦਾ ਹੈ।

ਸਨੋਅ ਰੂਟਸ ਦੀ ਨਿਸ਼ਾਨਦੇਹੀ ਪਹਿਲਾਂ ਤੋਂ ਹੀ ਕੀਤੀ ਗਈ ਹੈ, ਇਨ੍ਹਾਂ ਵਿੱਚੋਂ ਬਹੁਤੇ ਡਾਊਨਟਾਊਨ ਕੋਰ ਉੱਤੇ ਸਥਿਤ ਹਨ। ਇਨ੍ਹਾਂ ਵਿੱਚ ਸਟਰੀਟਕਾਰ ਰੂਟਸ ਵੀ ਸ਼ਾਮਲ ਹਨ। ਇਸ ਤਰ੍ਹਾਂ ਦੇ ਬਰਫੀਲੇ ਤੂਫਾਨ ਕਾਰਨ ਜਾਂ ਭਾਰੀ ਬਰਫਬਾਰੀ ਦਰਮਿਆਨ ਇਨ੍ਹਾਂ ਨਿਰਧਾਰਤ ਸਨੋਅ ਰੂਟਜ਼ ਉੱਤੇ ਪਾਰਕਿੰਗ ਕਰਨ ਨਾਲ 200 ਡਾਲਰ ਜੁਰਮਾਨਾ ਦੇਣਾ ਪੈ ਸਕਦਾ ਹੈ।

# ਵੈਕਸੀਨੇਸ਼ਨ ਨਾ ਕਰਵਾਉਣ ਵਾਲਿਆਂ ਨੂੰ ਦਿੱਤੀ ਜਾ ਸਕਦੀ ਹੈ ਪੈਕਸਲੋਵਿਡ ਪਿੱਲ : ਟੈਮ

ਓਟਵਾ, 20 ਜਨਵਰੀ (ਪੋਸਟ ਬਿਊਰੋ) : ਕੈਨੇਡਾ ਦੀ ਉੱਘੀ ਡਾਕਟਰ ਥੈਰੇਸਾ ਟੈਮ ਦਾ ਕਹਿਣਾ ਹੈ ਕਿ ਜਿਨ੍ਹਾਂ ਨੇ ਅਜੇ ਤੱਕ ਕੋਵਿਡ-19 ਵੈਕਸੀਨੇਸ਼ਨ ਨਹੀਂ ਕਰਵਾਈ ਹੈ ਉਨ੍ਹਾਂ ਨੂੰ ਨਵੇਂ ਮਨਜ਼ੂਰ ਕੀਤੇ ਗਏ ਇਲਾਜ ਰਾਹੀਂ ਗੁਜ਼ਰਨਾ ਹੋਵੇਗਾ। ਪਰ ਇਸ ਟਰੀਟਮੈਂਟ ਦੀ ਸਪਲਾਈ ਅਜੇ ਬਹੁਤ ਘੱਟ ਹੈ।




ਫਾਈਜ਼ਰ ਦੀ ਐਂਟੀਵਾਇਰਲ ਗੋਲੀ ਪੈਕਸਲੋਵਿਡ ਨੂੰ ਸੋਮਵਾਰ ਨੂੰ ਹੈਲਥ ਕੈਨੇਡਾ ਵੱਲੋਂ ਮਨਜ਼ੂਰੀ ਦਿੱਤੀ ਗਈ ਹੈ। ਇਹ ਪਿੱਲ ਉਨ੍ਹਾਂ ਲੋਕਾਂ ਨੂੰ ਦਿੱਤੀ ਜਾ ਸਕੇਗੀ ਜਿਨ੍ਹਾਂ ਅੰਦਰ ਕੋਵਿਡ-19 ਦੇ ਮਾਮੂਲੀ ਜਾਂ ਦਰਮਿਆਨੇ ਲੱਛਣ ਪਾਏ ਜਾਣਗੇ, ਜਿਨ੍ਹਾਂ ਦੇ ਗੰਭੀਰ ਬਿਮਾਰ ਹੋਣ ਦਾ ਖਤਰਾ ਹੋਵੇਗਾ ਤੇ ਜਿਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਨ ਜਾਂ ਵਧੇਰੇ ਕੇਅਰ ਦੀ ਲੋੜ ਹੋਵੇਗੀ। ਜਿਹੜਾ ਪਹਿਲਾਂ ਤੋਂ ਹੀ ਹਸਪਤਾਲ ਵਿੱਚ ਭਰਤੀ ਹੈ ਅਜਿਹੇ ਮਰੀਜ਼ ਨੂੰ ਇਹ ਦਵਾਈ ਨਹੀਂ ਦਿੱਤੀ ਜਾ ਸਕਦੀ। ਇਹ ਦਵਾਈ ਲੱਛਣ ਨਜ਼ਰ ਆਉਣ ਦੇ ਪੰਜ ਦਿਨਾਂ ਦੇ ਅੰਦਰ ਅੰਦਰ ਦੇਣੀ ਹੋਵੇਗੀ।

ਫਾਈਜ਼ਰ ਦਾ ਇਹ ਦਾਅਵਾ ਹੈ ਕਿ ਇਸ ਦਵਾਈ ਦੇ ਟ੍ਰਾਇਲਜ਼ ਤੋਂ ਸਾਹਮਣੇ ਆਇਆ ਹੈ ਕਿ ਇਹ ਡਰੱਗ ਕਿਸੇ ਬਾਲਗ ਵਿਅਕਤੀ ਦੇ ਹਸਪਤਾਲ ਦਾਖਲ ਹੋਣ ਜਾਂ ਕਿਸੇ ਦੀ ਮੌਤ ਦੀ ਸੰਭਾਵਨਾ ਨੂੰ 89 ਫੀ ਸਦੀ ਘਟਾਉਂਦੀ ਹੈ, ਬਸ਼ਰਤੇ ਇਸ ਨੂੰ ਲੱਛਣ ਨਜ਼ਰ ਆਉਣ ਤੋਂ ਤੁਰੰਤ ਬਾਅਦ ਲਿਆ ਜਾਵੇ।

# ਐਨ95 ਮਾਸਕਸ ਦੀ ਸੀਮਤ ਸਪਲਾਈ ਕਾਰਨ ਓਨਟਾਰੀਓ ਦੇ ਚਾਈਲਡ ਕੇਅਰ ਸੈਂਟਰਜ਼ ਪਰੇਸ਼ਾਨ

ਓਨਟਾਰੀਓ, 20 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਕਈ ਚਾਈਲਡ ਕੇਅਰ ਸੈਂਟਰਜ਼ ਵੱਲੋਂ ਇਸ ਗੱਲ ਉੱਤੇ ਚਿੰਤਾ ਪ੍ਰਗਟਾਈ ਜਾ ਰਹੀ ਹੈ ਕਿ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਐਨ95 ਮਾਸਕਸ ਦੀ ਸਪਲਾਈ ਕਾਫੀ ਨਹੀਂ ਹੈ। ਇਨ੍ਹਾਂ ਸੈਂਟਰਜ਼ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਉਨ੍ਹਾਂ ਨੂੰ ਹੋਰ ਸਪਲਾਈ ਕਦੋਂ ਮਿਲੇਗੀ।

ਪਿਛਲੇ ਹਫਤੇ ਪ੍ਰੋਵਿੰਸ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਓਮਾਈਕ੍ਰੌਨ ਵੇਰੀਐਂਟ ਨਾਲ ਨਜਿੱਠਣ ਲਈ ਸਕੂਲਾਂ ਤੇ ਚਾਈਲਡ ਕੇਅਰ ਸੈਂਟਰਜ਼ ਨੂੰ ਹਾਈ ਕੁਆਲਿਟੀ ਮਾਸਕਸ ਭੇਜੇ ਜਾ ਰਹੇ ਹਨ। ਸਰਕਾਰ ਦੀ ਤਰਜ਼ਮਾਨ ਨੇ ਮੰਗਲਵਾਰ ਨੂੰ ਇਹ ਵੀ ਆਖਿਆ ਕਿ ਡੇਅਕੇਅਰਜ਼ ਨੂੰ ਐਨ95 ਮਾਸਕਸ ਦੀ ਵਾਧੂ ਤੇ ਸਥਿਰ ਸਪਲਾਈ ਮੁਹੱਈਆ ਕਰਵਾਈ ਜਾਵੇਗੀ।

ਰਾਈਜ਼ਿੰਗ ਓਕਸ ਅਰਲੀ ਲਰਨਿੰਗ ਦੀ ਸੀਈਓ ਲਰੀ ਪ੍ਰੌਸਪੈਰੋ ਨੇ ਆਖਿਆ ਕਿ ਉਹ ਸਰਕਾਰ ਦੇ ਧੰਨਵਾਦੀ ਹਨ ਕਿ ਪ੍ਰੋਵਿੰਸ ਵੱਲੋਂ ਐਨ95 ਮਾਸਕਸ ਮੁਹੱਈਆ ਕਰਵਾਏ ਗਏ ਹਨ ਪਰ



ਉਨ੍ਹਾਂ ਆਖਿਆ ਕਿ ਹੁਣ ਤੱਕ ਭੇਜੇ ਗਏ ਮਾਸਕਸ ਇੱਕ ਹਫਤਾ ਜਾਂ ਦੋ ਹਫਤੇ ਹੀ ਚੱਲਣਗੇ ਤੇ ਉਨ੍ਹਾਂ ਦੇ ਸਟਾਫ ਲਈ ਉਹ ਕਾਫੀ ਨਹੀਂ ਹਨ। ਉਨ੍ਹਾਂ ਆਖਿਆ ਕਿ ਵਾਟਰਲੂ ਵਿੱਚ ਉਨ੍ਹਾਂ ਦੀ ਆਰਗੇਨਾਈਜ਼ੇਸ਼ਨ ਦੀਆਂ ਅੱਠ ਲੋਕੇਸ਼ਨਾਂ ਹਨ ਤੇ ਸਾਨੂੰ ਅਜੇ ਤੱਕ ਸਰਕਾਰ ਵੱਲੋਂ ਇਹ ਨਹੀਂ ਦੱਸਿਆ ਗਿਆ ਕਿ ਹੋਰ ਸਪਲਾਈ ਕਦੋਂ ਹਾਸਲ ਹੋਵੇਗੀ।

ਉਨ੍ਹਾਂ ਇਹ ਵੀ ਆਖਿਆ ਕਿ ਸੈਂਟਰਜ਼ ਦੇ ਸਟਾਫ ਨੂੰ ਆਪਣੇ ਮਾਸਕਸ ਦੀ ਦੁਬਾਰਾ ਵਰਤੋਂ ਕਰਨ ਲਈ ਉਨ੍ਹਾਂ ਨੂੰ ਸਾਫ ਕਰਨ ਤੇ ਫਿਰ ਪੇਪਰ ਬੈਗਜ਼ ਵਿੱਚ ਰੱਖਣ ਵਾਸਤੇ ਯੂਵੀ ਸੈਨੀਟਾਈਜ਼ਿੰਗ ਡਿਵਾਈਸਿਜ਼ ਦੀ ਵਰਤੋਂ ਕਰਨ ਲਈ ਵੀ ਆਖਿਆ ਗਿਆ ਹੈ।ਕ੍ਰੀਏਟਿਵ ਬਿਗਨਿੰਗਜ਼ ਚਾਈਲਡਕੇਅਰ ਸੈਂਟਰ ਦੀ ਐਗਜ਼ੈਕਟਿਵ ਡਾਇਰੈਕਟਰ ਕ੍ਰਿਸਟੀਆ ਓਕੌਨਰ ਨੇ ਆਖਿਆ ਕਿ ਉਨ੍ਹਾਂ ਦੀ ਆਰਗੇਨਾਈਜ਼ੇਸ਼ਨ ਨੂੰ 56 ਸਟਾਫ ਮੈਂਬਰਾਂ ਲਈ 240 ਮਾਸਕਸ ਹਾਸਲ ਹੋਏ ਹਨ। ਜੇ ਇੱਕ ਸਟਾਫ ਮੈਂਬਰ ਰੋਜ਼ ਇੱਕ ਮਾਸਕ ਦੀ ਵਰਤੋਂ ਕਰਦਾ ਹੈ ਤਾਂ ਇਹ ਮਾਸਕ ਚਾਰ ਦਿਨ ਹੀ ਚੱਲਣਗੇ।

ਟੋਰਾਂਟੋ ਦੇ ਬਲੌਸਮਿੰਗ ਮਾਈਂਡਜ਼ ਲਰਨਿੰਗ ਸੈਂਟਰ ਦੀ ਐਗਜ਼ੈਕਟਿਵ ਡਾਇਰੈਕਟਰ ਮੈਗੀ ਮੋਜ਼ਰ ਦੀ ਵੀ ਇਹੋ ਸ਼ਿਕਾਇਤ ਹੈ ਕਿ ਉਨ੍ਹਾਂ ਦੇ 40 ਸਟਾਫ ਮੈਂਬਰਾਂ ਲਈ 120 ਮਾਸਕ ਹੀ ਹਾਸਲ ਹੋਏ ਹਨ, ਜੋ ਸਿਰਫ ਤਿੰਨ ਦਿਨ ਚੱਲ ਸਕਦੇ ਹਨ।ਉਨ੍ਹਾਂ ਆਖਿਆ ਕਿ ਹੁਣ ਉਨ੍ਹਾਂ ਨੂੰ ਪੱਲਿਓਂ ਪੈਸੇ ਖਰਚ ਕੇ ਮਹਿੰਗੇ ਮਾਸਕ ਮੰਗਵਾਉਣੇ ਪੈ ਰਹੇ ਹਨ।

# ਗੱਡੀ ਵਿੱਚੋਂ ਮਿਲੀ ਪੁਰਸ਼ ਤੇ ਮਹਿਲਾ ਦੀ ਲਾਸ਼, ਹੋਮੀਸਾਈਡ ਯੂਨਿਟ ਕਰ ਰਹੀ ਹੈ ਜਾਂਚ

ਬਰੈਂਪਟਨ, 20 ਜਨਵਰੀ (ਪੋਸਟ ਬਿਊਰੋ) : ਵੀਰਵਾਰ ਸਵੇਰੇ ਬਰੈਂਪਟਨ ਵਿੱਚ ਇੱਕ ਗੱਡੀ ਵਿੱਚੋਂ ਦੋ ਵਿਅਕਤੀਆਂ ਦੀਆਂ ਮਿਲੀਆਂ ਲਾਸ਼ਾਂ ਤੋਂ ਬਾਅਦ ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਬੋਵੇਅਰਡ ਅਤੇ ਕ੍ਰੈਡਿਟਵਿਊ ਇਲਾਕੇ ਵਿੱਚ ਰੈੱਡਕਾਸਲ ਤੇ ਕਰਸ਼ਾਅ ਸਟਰੀਟਸ ਨੇੜੇ ਸਥਿਤ ਇੱਕ ਘਰ ਵਿੱਚੋਂ ਤੜ੍ਹਕੇ 2:00 ਵਜੇ ਵੈੱਲਨੈੱਸ ਚੈੱਕ ਲਈ ਆਈ ਕਾਲ ਤੋਂ ਬਾਅਦ ਪੁਲਿਸ ਮੌਕੇ ਉੱਤੇ ਪਹੁੰਚੀ। ਘਰ ਦੇ ਬਾਹਰ ਖੜ੍ਹੀ ਗੱਡੀ ਵਿੱਚ ਪੁਲਿਸ ਅਧਿਕਾਰੀਆਂ ਨੂੰ ਇੱਕ ਪੁਰਸ਼ ਤੇ ਮਹਿਲਾ ਜ਼ਖ਼ਮੀ ਹਾਲਤ ਵਿੱਚ ਮਿਲੇ।ਉਨ੍ਹਾਂ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਆਪਣੇ ਹੱਥ ਵਿੱਚ ਲੈ ਲਈ ਗਈ ਹੈ। ਇਲਾਕੇ ਵਿੱਚ ਭਾਰੀ ਗਿਣਤੀ ਵਿੱਚ ਪੁਲਿਸ ਅਧਿਕਾਰੀ ਮੌਜੂਦ ਸਨ।

# ਇਨ-ਪਰਸਨ ਡਾਈਨਿੰਗ ਲਈ 31 ਜਨਵਰੀ ਤੋਂ ਖੁੱਲ੍ਹ ਸਕਦੇ ਹਨ ਰੈਸਟੋਰੈਂਟਸ : ਸਰੋਤ

ਓਨਟਾਰੀਓ, 20 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਵਿੱਚ 31 ਜਨਵਰੀ ਤੋਂ ਰੈਸਟੋਰੈਂਟਸ ਇਨ-ਪਰਸਨ ਡਾਈਨਿੰਗ ਲਈ 50 ਫੀ ਸਦੀ ਸਮਰੱਥਾ ਨਾਲ ਖੁੱਲ੍ਹਣਗੇ। ਇਹ ਜਾਣਕਾਰੀ ਕਈ ਸਰੋਤਾਂ ਵੱਲੋਂ ਦਿੱਤੀ ਗਈ।



ਪ੍ਰੀਮੀਅਰ ਡੱਗ ਫਰਡ ਵੱਲੋਂ ਵੀਰਵਾਰ ਨੂੰ ਇਸ ਸਬੰਧ ਵਿੱਚ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਤੋਂ ਪਹਿਲਾਂ ਫੋਰਡ ਵੱਲੋਂ ਇਹ ਸੰਕੇਤ ਦਿੱਤਾ ਗਿਆ ਸੀ ਕਿ ਓਨਟਾਰੀਓ ਵਿੱਚ ਜਾਰੀ ਕੋਵਿਡ-19 ਪਾਬੰਦੀਆਂ ਵਿੱਚ ਹੌਲੀ ਹੌਲੀ ਰਿਆਇਤ ਦਿੱਤੀ ਜਾਵੇਗੀ।ਓਮਾਈਕ੍ਰੌਨ ਦੇ ਮਾਮਲਿਆਂ ਵਿੱਚ ਵਾਧੇ ਤੋਂ ਬਾਅਦ 5 ਜਨਵਰੀ ਤੋਂ ਹੀ ਪ੍ਰੋਵਿੰਸ ਵਿੱਚ ਰੈਸਟੋਰੈਂਟਸ ਵਿੱਚ ਇਨ ਪਰਸਨ ਡਾਈਨਿੰਗ ਬੰਦ ਕਰ ਦਿੱਤੀ ਗਈ ਸੀ, ਜਿੰਮ ਬੰਦ ਕਰ ਦਿੱਤੇ ਗਏ ਸਨ ਤੇ ਰੀਟੇਲ ਦੀ ਸਮਰੱਥਾ 50 ਫੀ ਸਦੀ ਘਟਾ ਦਿੱਤੀ ਗਈ ਸੀ।ਇਹ ਪਾਬੰਦੀਆਂ 26 ਜਨਵਰੀ ਤੱਕ ਲਾਈਆਂ ਗਈਆਂ ਸਨ।

ਸੋਮਵਾਰ ਨੂੰ ਜਦੋਂ ਫੋਰਡ ਨੂੰ ਇਹ ਪੁੱਛਿਆ ਗਿਆ ਕਿ ਕੀ ਇਹ ਪਾਬੰਦੀਆਂ ਜਾਰੀ ਰਹਿਣਗੀਆਂ ਜਾਂ ਹਟਾ ਲਈਆਂ ਜਾਣਗੀਆਂ ਤਾਂ ਫੋਰਡ ਨੇ ਆਖਿਆ ਕਿ ਉਹ ਇਸ ਬਾਬਤ ਹਫਤੇ ਦੇ ਅੰਤ ਵਿੱਚ ਐਲਾਨ ਕਰਨਗੇ।ਉਨ੍ਹਾਂ ਇਹ ਵੀ ਆਖਿਆ ਕਿ ਕੋਵਿਡ-19 ਦੇ ਤਰ੍ਹਾਂ ਤਰ੍ਹਾਂ ਦੇ ਵੇਰੀਐਂਟਸ ਕਾਰਨ ਘੜੀ ਮੁੜੀ ਕਾਰੋਬਾਰਾਂ ਨੂੰ ਬੰਦ ਕਰਨ ਤੇ ਮੁੜ ਖੋਲ੍ਹਣ ਦਾ ਦਰਦ ਉਹ ਸਮਝ ਸਕਦੇ ਹਨ। ਉਨ੍ਹਾਂ ਸੰਕੇਤ ਦਿੱਤਾ ਕਿ ਇਸ ਹਫਤੇ ਕੀਤਾ ਜਾਣ ਵਾਲਾ ਐਲਾਨ ਸਕਾਰਾਤਮਕ ਹੋਵੇਗਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com





UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936





SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca





# ਕੋਵਿਡ-19 ਲਈ ਘਰ ਵਿੱਚ ਹੀ ਲਈ ਜਾ ਸਕਣ ਵਾਲੀ ਐਂਟੀਵਾਇਰਲ ਦਵਾਈ ਨੂੰ ਹੈਲਥ ਕੈਨੇਡਾ ਨੇ ਦਿੱਤੀ ਮਨਜ਼ੂਰੀ

ਓਟਵਾ, 20 ਜਨਵਰੀ (ਪੋਸਟ ਬਿਊਰੋ) : ਹੈਲਥ ਕੈਨੇਡਾ ਨੇ ਫਾਈਜ਼ਰ ਦੇ ਕੋਵਿਡ-19 ਐਂਟੀਵਾਇਰਲ ਟਰੀਟਮੈਂਟ ਪੈਕਸਲੋਵਿਡ ਨੂੰ ਦੇਸ਼ ਵਿੱਚ ਵਰਤੋਂ ਲਈ ਮਨਜ਼ੂਰੀ ਦੇ ਦਿੱਤੀ ਹੈ। ਇਹ ਪਹਿਲੀ ਅਜਿਹੀ ਐਂਟੀਵਾਇਰਲ ਦਵਾਈ ਹੈ ਜਿਸ ਨੂੰ ਘਰ ਵਿੱਚ ਹੀ ਕੈਨੇਡੀਅਨਜ਼ ਲੈ ਸਕਣਗੇ ਤੇ ਇਹ ਕੋਵਿਡ-19 ਦੇ ਹਲਕੇ ਤੋਂ ਦਰਮਿਆਨੇ ਲੱਛਣਾਂ ਦਾ ਇਲਾਜ ਕਰ ਸਕੇਗੀ।



ਫੈਡਰਲ ਹੈਲਥ ਏਜੰਸੀ ਦਾ ਕਹਿਣਾ ਹੈ ਕਿ ਇਹ ਪ੍ਰਿਸਕ੍ਰਿਪਸ਼ਨ ਵਾਲੀ ਦਵਾਈ ਹੈ ਜਿਸ ਨੂੰ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਬਾਲਗ ਲੈ ਸਕਣਗੇ, ਬਸ਼ਰਤੇ ਉਨ੍ਹਾਂ ਦਾ ਕੋਵਿਡ-19 ਟੈਸਟ ਪਾਜ਼ੀਟਿਵ ਆਇਆ ਹੋਵੇ ਤੇ ਉਹ ਗੰਭੀਰ ਰੂਪ ਵਿੱਚ ਬਿਮਾਰ ਹੋਣ ਦੇ ਕੰਢੇ ਉੱਤੇ ਹੋਣ। ਇਹ ਮਨਜ਼ੂਰੀ ਸਖ਼ਤ ਹਦਾਇਤਾਂ ਨਾਲ ਮਿਲੀ ਹੈ, ਬਾਕਾਇਦਾ ਇਹ ਦੱਸਿਆ ਗਿਆ ਹੈ ਕਿ ਕਿਸ ਸੂਰਤ ਵਿੱਚ ਇਸ ਦਵਾਈ ਦੀ ਵਰਤੋਂ ਨਹੀਂ ਹੋ ਸਕੇਗੀ। ਇਸ ਦਵਾਈ ਦੀ ਵਰਤੋਂ ਕੋਵਿਡ-19 ਇਨਫੈਕਸ਼ਨ ਰੋਕਣ ਲਈ ਨਹੀਂ ਹੋ ਸਕੇਗੀ ਜਾਂ ਉਨ੍ਹਾਂ ਮਰੀਜ਼ਾਂ ਦਾ ਇਲਾਜ ਕਰਨ ਲਈ ਨਹੀਂ ਹੋ ਸਕੇਗੀ ਜਿਹੜੇ ਕੋਵਿਡ-19 ਦੇ ਗੰਭੀਰ ਰੂਪ ਲੈਣ ਕਾਰਨ ਪਹਿਲਾਂ ਹੀ ਹਸਪਤਾਲਾਂ ਵਿੱਚ ਭਰਤੀ ਹਨ।

ਇਹ ਦਵਾਈ-ਦੋ ਐਂਟੀਵਾਇਰਲ ਮੈਡੀਸਿਨਜ਼ ਨੂੰ ਇੱਕਠਿਆਂ ਪੈਕ ਕੀਤਾ ਗਿਆ ਹੈ-ਲਗਾਤਾਰ ਪੰਜ ਦਿਨ ਤੋਂ ਜ਼ਿਆਦਾ ਇੱਕਠਿਆਂ ਨਹੀਂ ਲਈ ਜਾ ਸਕਦੀ, ਨਾ ਹੀ ਇਹ ਟੀਨਜ਼ ਜਾਂ ਬੱਚਿਆਂ ਨੂੰ ਹੀ ਦਿੱਤੀ ਜਾ ਸਕਦੀ ਹੈ। ਹੈਲਥ ਕੈਨੇਡਾ ਦੀ ਚੀਫ ਮੈਡੀਕਲ ਐਡਵਾਈਜ਼ਰ ਡਾ. ਸੁਪਰੀਆ ਸ਼ਰਮਾ ਨੇ ਆਖਿਆ ਕਿ ਕੋਵਿਡ-19 ਦੇ ਨਵੇਂ ਵੇਰੀਐਂਟ ਖਿਲਾਫ ਇਹ ਨਵਾਂ ਟੂਲਕਿੱਟ ਮਿਲਿਆ ਹੈ ਤੇ ਹਾਈ ਰਿਸਕ ਲੋਕਾਂ ਲਈ ਇਹ ਵਧੇਰੇ ਪਹੁੰਚ ਵਿੱਚ ਰਹਿਣ ਵਾਲਾ ਐਂਟੀਵਾਇਰਲ ਇਲਾਜ ਹੈ।

ਉਨ੍ਹਾਂ ਆਖਿਆ ਕਿ ਭਾਵੇਂ ਇਸ ਇਲਾਜ ਨਾਲ ਕੋਵਿਡ-19 ਮਰੀਜ਼ਾਂ ਦੀ ਗਿਣਤੀ ਘਟਾਉਣ ਵਿੱਚ ਮਦਦ ਮਿਲੇਗੀ ਪਰ ਪੈਕਸਲੋਵਿਡ ਸਮੇਤ ਕੋਈ ਵੀ ਦਵਾਈ ਵੈਕਸੀਨੇਸ਼ਨ ਦਾ ਬਦਲ ਨਹੀਂ ਹੈ। ਇਸ ਓਰਲ ਦਵਾਈ ਲਈ ਫਾਈਜ਼ਰ ਨੇ ਪਹਿਲੀ ਦਸੰਬਰ, 2021 ਨੂੰ ਕਲੀਨਿਕਲ ਡਾਟਾ ਜਮ੍ਹਾਂ ਕਰਵਾਇਆ ਸੀ।

# ਰੌਡ ਫਿਲਿਪਸ ਨੇ ਸਿਆਸਤ ਤੋਂ ਸੰਨਿਆਸ ਲੈਣ ਦਾ ਕੀਤਾ ਐਲਾਨ

ਓਨਟਾਰੀਓ, 20 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਕੈਬਨਿਟ ਮੰਤਰੀ ਰੌਡ ਫਿਲਿਪਸ ਨੇ ਅਗਲੇ ਮਹੀਨੇ ਦੇ ਅਖੀਰ ਵਿੱਚ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ ਤੇ ਆਖਿਆ ਕਿ ਉਹ ਦੁਬਾਰਾ ਚੋਣਾਂ ਵਿੱਚ ਖੜ੍ਹੇ ਨਹੀਂ ਹੋਣਗੇ ਤੇ ਸਿਆਸਤ ਤੋਂ ਸੰਨਿਆਸ ਲੈਣਗੇ।

ਲਾਂਗ ਟਰਮ ਕੇਅਰ ਮੰਤਰੀ ਨੇ ਆਖਿਆ ਕਿ ਉਹ ਅਜਿਹੇ ਸਮੇਂ ਵਿੱਚ ਐਲਾਨ ਕਰ ਰਹੇ ਹਨ ਜਿਸ ਨਾਲ ਉਨ੍ਹਾਂ ਦੇ ਮੰਤਰਾਲੇ ਨੂੰ ਸਾਂਭਣ ਲਈ ਪ੍ਰੀਮੀਅਰ ਡੱਗ ਫਰਡ ਕਿਸੇ ਹੋਰ ਨੂੰ ਨਿਯੁਕਤ ਕਰ ਸਕਣ। ਉਨ੍ਹਾਂ ਆਖਿਆ ਕਿ ਲੋਕਾਂ ਦੀ ਸੇਵਾ ਕਰਨ ਦਾ ਸੁਭਾਗ ਉਨ੍ਹਾਂ ਨੂੰ ਮਿਲਿਆ ਇਸ ਲਈ ਉਹ ਖੁਦ ਨੂੰ ਖੁਸ਼ਕਿਸਮਤ ਸਮਝਦੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਤਿੰਨ ਵੱਖ ਵੱਖ ਅਹੁਦਿਆਂ ਉੱਤੇ ਰਹਿ ਕੇ ਐਜੈਕਸ ਦੇ ਐਮਪੀਪੀ ਵਜੋਂ ਲੋਕਾਂ ਦੀ ਸੇਵਾ ਕਰਨ ਦਾ ਤਜਰਬਾ ਬਹੁਤ ਵਧੀਆ ਰਿਹਾ। ਉਨ੍ਹਾਂ ਇਹ ਵੀ ਆਖਿਆ ਕਿ ਉਹ ਕਾਰੋਬਾਰੀ ਦੁਨੀਆਂ ਨਾਲ ਸਬੰਧ ਰੱਖਦੇ ਹਨ ਤੇ ਹੁਣ ਪ੍ਰਾਈਵੇਟ ਸੈਕਟਰ ਨਾਲ ਮੁੜ ਜੁੜਨਾ ਚਾਹੁੰਦੇ ਹਨ।

ਇਸ ਦੌਰਾਨ ਫੋਰਡ ਨੇ ਫਿਲਿਪਸ ਦਾ ਸ਼ੁਕਰੀਆ ਅਦਾ ਕਰਦਿਆਂ ਆਖਿਆ ਕਿ ਉਨ੍ਹਾਂ ਲਾਂਗ ਟਰਮ ਕੇਅਰ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ।



ਉਨ੍ਹਾਂ ਵਧੇਰੇ ਲਾਂਗ ਟਰਮ ਕੇਅਰ ਹੋਮਜ਼ ਤਿਆਰ ਕਰਵਾਏ, ਵਧੇਰੇ ਨਰਸਾਂ ਤੇ ਪਰਸਨਲ ਸਪੋਰਟ ਵਰਕਰਜ਼ ਰਕਰੂਟ ਕੀਤੇ ਤੇ ਨਵਾਂ ਲਾਂਗ ਟਰਮ ਕੇਅਰ ਕਾਨੂੰਨ ਪਾਸ ਕਰਵਾਇਆ। ਇਸ ਨਾਲ ਲਾਂਗ ਟਰਮ ਕੇਅਰ ਰੈਜ਼ੀਡੈਂਟਸ ਤੇ ਪਰਿਵਾਰਾਂ ਦੀ ਹਾਲਤ ਵਿੱਚ ਸੁਧਾਰ ਹੋਇਆ। ਸ਼ੁੱਕਰਵਾਰ ਦੇਰ ਰਾਤ ਫੋਰਡ ਨੇ ਫਿਲਿਪਸ ਦੀ ਥਾਂ ਉੱਤੇ ਪਾਲ ਕਲੈਂਡਰਾ ਨੂੰ ਲਾਂਗ ਟਰਮ ਕੇਅਰ ਮੰਤਰੀ ਨਿਯੁਕਤ ਕੀਤਾ।

ਇੱਕ ਰਲੀਜ਼ ਵਿੱਚ ਫੋਰਡ ਨੇ ਆਖਿਆ ਕਿ ਕੈਲੈਂਡਰਾ ਇਸ ਅਹੁਦੇ ਦੇ ਨਾਲ ਨਾਲ ਲੈਜਿਸਲੇਟਿਵ ਮਾਮਲਿਆਂ ਬਾਰੇ ਮੰਤਰਾਲੇ ਨੂੰ ਵੀ ਸਾਂਭਣਗੇ ਤੇ ਸਰਕਾਰ ਦੇ ਹਾਊਸ ਲੀਡਰ ਦੀ ਭੂਮਿਕਾ ਵੀ ਨਿਭਾਉਂਦੇ ਰਹਿਣਗੇ।

# ਧਮਾਕੇ ਵਾਲੀ ਥਾਂ ਤੋਂ ਮਿਲੇ ਚਾਰ ਵਿਅਕਤੀਆਂ ਦੇ ਪਿੰਜਰ

ਓਟਵਾ, 20 ਜਨਵਰੀ (ਪੋਸਟ ਬਿਊਰੋ) : ਵੱਡੀ ਧਮਾਕੇ ਵਾਲੀ ਥਾਂ ਤੋਂ ਚਾਰ ਲੋਕਾਂ ਦੇ ਪਿੰਜਰ ਮਿਲੇ ਹਨ। ਜ਼ਿਕਰਯੋਗ ਹੈ ਕਿ ਓਟਵਾ ਵਿੱਚ ਟੈਂਕਰ ਟਰੱਕ ਦਾ ਨਿਰਮਾਣ ਕਰਨ ਵਾਲੀ ਫੈਸਿਲਿਟੀ ਵਿੱਚ ਹੋਏ ਧਮਾਕੇ ਤੋਂ ਬਾਅਦ ਅੱਗ ਲੱਗ ਗਈ ਸੀ। ਅਧਿਕਾਰੀਆਂ ਨੇ ਆਖਿਆ ਕਿ ਉਹ ਇਸ ਥਾਂ ਤੋਂ ਪਿੰਜਰ ਹਾਸਲ ਨਹੀਂ ਕਰ ਸਕਦੇ ਕਿਉਂਕਿ ਇਹ ਥਾਂ ਕਾਫੀ ਖਤਰਨਾਕ ਹੈ।



ਜਾਂਚਕਾਰਾਂ ਨੇ ਦੱਸਿਆ ਕਿ ਮੈਰੀਵੇਲ ਰੋਡ ਉੱਤੇ ਸਥਿਤ ਈਸਟਵੇਅ ਟੈਂਕ ਉੱਤੇ ਬੀਤੇ ਦਿਨੀਂ ਇਹ ਧਮਾਕਾ ਹੋਇਆ ਸੀ। ਜਾਂਚਕਾਰਾਂ ਦਾ ਅਜੇ ਵੀ ਇਹ ਆਖਣਾ ਹੈ ਕਿ ਇਸ ਧਮਾਕੇ ਦੇ ਕਾਰਨਾਂ ਬਾਰੇ ਹੁਣੇ ਜਾਣਕਾਰੀ ਦੇਣਾ ਜਲਦਬਾਜ਼ੀ ਹੋਵੇਗੀ। ਇਸ ਸਾਈਟ ਉੱਤੇ ਮਲਬਾ, ਕੈਮੀਕਲ ਤੇ ਨਾਜ਼ੁਕ ਢਾਂਚਾ ਆਦਿ ਮੌਜੂਦ ਹਨ। ਇਸ ਦੇ ਨਾਲ ਹੀ ਖਰਾਬ ਮੌਸਮ ਵੀ ਜਾਂਚ ਵਿੱਚ ਅੜਿੱਕਾ ਪਾ ਰਿਹਾ ਹੈ।

ਓਟਵਾ ਪੁਲਿਸ ਇੰਸਪੈਕਟਰ ਫਰੈਂਕ ਡਾਓਸਟ ਨੇ ਆਖਿਆ ਕਿ ਜਾਂਚ ਦੇ ਤੀਜੇ ਦਿਨ ਮਲਬੇ ਨੂੰ ਬੜੀ ਹੀ ਸਾਵਧਾਨੀ ਨਾਲ ਹਟਾਏ ਜਾਣ, ਛਤ ਤੇ ਕੰਧਾਂ ਦੇ ਟੁਕੜਿਆਂ ਨੂੰ ਸਾਫ ਕਰਨ ਤੇ ਇਮਾਰਤ ਅੰਦਰ ਮੌਜੂਦ ਸਾਜ਼ੋ ਸਮਾਨ ਦੇ ਟੁਕੜਿਆਂ ਨੂੰ ਹੌਲੀ ਹੌਲੀ ਹਟਾਇਆ ਜਾ ਰਿਹਾ ਹੈ। ਇੱਥੇ ਮੌਜੂਦ ਚੀਜ਼ਾਂ ਜਾਂਚਕਾਰਾਂ ਲਈ ਵੀ ਖਤਰਨਾਕ ਹਨ। ਰੀਜਨਲ ਸੁਪਰਵਾਈਜ਼ਿੰਗ ਕੌਰੋਨਰ ਨੇ ਆਖਿਆ ਕਿ ਜਿੰਨੀ ਦੇਰ ਤੱਕ ਸਾਰੇ ਮ੍ਰਿਤਕਾਂ ਦੀ ਸ਼ਨਾਖਤ ਨਹੀਂ ਹੋ ਜਾਂਦੀ ਓਨੀ ਦੇਰ ਇਸ ਸਬੰਧੀ ਐਲਾਨ ਨਹੀਂ ਕੀਤਾ ਜਾ ਸਕਦਾ।

# ਕੁਈਨ ਸਬਵੇਅ ਸਟੇਸ਼ਨ ਉੱਤੇ ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ

ਟੋਰਾਂਟੋ, 20 ਜਨਵਰੀ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਕੁਈਨ ਸਬਵੇਅ ਸਟੇਸ਼ਨ ਉੱਤੇ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ। ਪੁਲਿਸ ਨੇ ਦੱਸਿਆ ਕਿ ਕਿਸੇ ਵਿਅਕਤੀ ਉੱਤੇ ਚਾਕੂ ਨਾਲ ਵਾਰ ਕੀਤੇ ਜਾਣ ਦੀ ਰਿਪੋਰਟ ਮਿਲਣ ਤੋਂ ਬਾਅਦ 5:30 ਵਜੇ ਦੇ ਨੇੜੇ ਤੇੜੇ ਉਨ੍ਹਾਂ ਦੀ ਇੱਕ ਟੀਮ ਕੁਈਨ ਸਟਰੀਟ ਈ ਤੇ ਯੰਗ ਸਟਰੀਟ ਏਰੀਆ ਦੇ ਸਟੇਸ਼ਨ ਪਹੁੰਚੀ। ਉੱਥੇ ਪੁਲਿਸ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਪੈਰਾਮੈਡਿਕਸ ਵੱਲੋਂ ਜ਼ਖ਼ਮੀ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ,




ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।

ਟੀਟੀਸੀ ਨੇ ਆਖਿਆ ਕਿ ਕੁੱਝ ਸਮੇਂ ਲਈ ਇਸ ਘਟਨਾ ਕਾਰਨ ਕੁਈਨ ਸਟੇਸ਼ਨ ਉੱਤੇ ਟਰੇਨਜ਼ ਨੂੰ ਨਹੀਂ ਰੋਕਿਆ ਗਿਆ ਪਰ ਫਿਰ ਜਲਦ ਹੀ ਉੱਥੇ ਟਰੇਨਜ਼ ਰੁਕਣ ਲੱਗੀਆਂ। ਅਜੇ ਤੱਕ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ ਪਰ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਫੋਰਡ ਦੀ ਮਕਬੂਲੀਅਤ ਘਟੀ : ਰਿਪੋਰਟ

ਓਨਟਾਰੀਓ, 20 ਜਨਵਰੀ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਚੋਣਾਂ ਵਿੱਚ ਪੰਜ ਮਹੀਨੇ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ ਅਜਿਹੇ ਵਿੱਚ ਪ੍ਰੀਮੀਅਰ ਡੱਗ ਫੋਰਡ ਦੀ ਮਕਬੂਲੀਅਤ ਉਨ੍ਹਾਂ ਦੇ ਸਮੁੱਚੇ ਕਾਰਜਕਾਲ ਨਾਲੋਂ ਇਸ ਸਮੇਂ ਸੱਭ ਤੋਂ ਹੇਠਲੇ ਪੱਧਰ ਉੱਤੇ ਪਹੁੰਚ ਚੁੱਕੀ ਹੈ।



ਐਂਗਸ ਰੀਡ ਇੰਸਟੀਚਿਊਟ ਵੱਲੋਂ ਕਰਵਾਏ ਗਏ ਸਰਵੇਖਣ ਅਨੁਸਾਰ 67 ਦੇ ਮੁਕਾਬਲੇ ਸਿਰਫ 30 ਫੀ ਸਦੀ ਨੇ ਹੀ ਪ੍ਰੀਮੀਅਰ ਵਜੋਂ ਫੋਰਡ ਵੱਲੋਂ ਕੀਤੇ ਜਾ ਰਹੇ ਕੰਮ ਦੀ ਸ਼ਲਾਘਾ ਕੀਤੀ। ਇਸ ਸਰਵੇਖਣ ਵਿੱਚ 1081 ਬਾਲਗਾਂ ਨੇ ਹਿੱਸਾ ਲਿਆ। ਪ੍ਰੀਮੀਅਰ ਦੀ ਰੇਟਿੰਗ ਅਕਤੂਬਰ ਦੇ ਮੁਕਾਬਲੇ ਛੇ ਅੰਕ ਘੱਟ ਗਈ ਹੈ, ਉਸ ਸਮੇਂ 36 ਫੀ ਸਦੀ ਲੋਕਾਂ ਨੇ ਇਹ ਮੰਨਿਆ ਸੀ ਕਿ ਫੋਰਡ ਜਿਹੋ ਜਿਹਾ ਕੰਮ ਕਰ ਰਹੇ ਹਨ ਉਹ ਉਸ ਦਾ ਸਮਰਥਨ ਕਰਦੇ ਹਨ।

55 ਸਾਲ ਤੇ ਇਸ ਤੋਂ ਵੱਧ ਉਮਰ ਦੇ 52 ਫੀ ਸਦੀ ਲੋਕਾਂ ਵਿੱਚ ਫੋਰਡ ਦੀ ਮਕਬੂਲੀਅਤ ਜ਼ਿਆਦਾ ਹੈ। ਪਰ 18 ਤੋਂ 24 ਸਾਲ ਉਮਰ ਵਰਗ ਦੇ 26 ਫੀ ਸਦੀ ਲੋਕਾਂ ਵਿੱਚ ਤੇ 35 ਤੋਂ 54 ਸਾਲ ਦੇ ਲੋਕਾਂ ਵਿੱਚ ਫੋਰਡ ਦੀ ਲੋਕਪ੍ਰਿਅਤਾ ਘਟੀ ਹੈ। ਫੈਡਰਲ ਕੰਜ਼ਰਵੇਟਿਵ ਪਾਰਟੀ ਲਈ ਵੋਟ ਕਰਨ ਵਾਲਿਆਂ ਦਰਮਿਆਨ ਵੀ ਫੋਰਡ ਦੀ ਮਕਬੂਲੀਅਤ 51 ਫੀ ਸਦੀ ਹੀ ਰਹਿ ਗਈ ਹੈ। ਮਹਾਂਮਾਰੀ ਨਾਲ ਜਿਸ ਤਰ੍ਹਾਂ ਫੋਰਡ ਵੱਲੋਂ ਨਜਿੱਠਣ ਦੀ ਕੋਸ਼ਿਸ਼ ਕੀਤੀ ਗਈ ਹੈ ਜਾਂ ਕੋਸ਼ਿਸ਼ ਕੀਤੀ ਜਾ ਰਹੀ ਹੈ ਉਸ ਦੇ ਆਧਾਰ ਉੱਤੇ 31 ਫੀ ਸਦੀ ਲੋਕਾਂ ਮੁਤਾਬਕ ਫੋਰਡ ਨੇ ਮਾੜਾ ਕੰਮ ਕੀਤਾ ਹੈ ਜਦਕਿ 37 ਫੀ ਸਦੀ ਲੋਕਾਂ ਮੁਤਾਬਕ ਫੋਰਡ ਨੇ ਬਹੁਤ ਮਾੜਾ ਕੰਮ ਕੀਤਾ ਹੈ। ਛੇ ਫੀ ਸਦੀ ਲੋਕਾਂ ਦਾ ਮੰਨਣਾ ਹੈ ਕਿ ਫੋਰਡ ਨੇ ਮਹਾਂਮਾਰੀ ਦੌਰਾਨ ਬਹੁਤ ਵਧੀਆ ਕੰਮ ਕੀਤਾ, ਜਦਕਿ 23 ਫੀ ਸਦੀ ਦਾ ਕਹਿਣਾ ਹੈ ਕਿ ਫੋਰਡ ਨੇ ਚੰਗਾ ਕੰਮ ਕੀਤਾ।

ਐਂਗਸ ਰੀਡ ਪੋਲ ਵਿੱਚ ਪਾਇਆ ਗਿਆ ਕਿ 65 ਫੀ ਸਦੀ ਲੋਕਾਂ ਦਾ ਮੰਨਣਾ ਹੈ ਕਿ ਫੋਰਡ ਸਰਕਾਰ ਨੇ ਵੈਕਸੀਨੇਸ਼ਨ ਦੇ ਮਾਮਲੇ ਵਿੱਚ ਚੰਗਾ ਕੰਮ ਕੀਤਾ ਜਦਕਿ 73 ਫੀ ਸਦੀ ਦਾ ਮੰਨਣਾ ਹੈ ਕਿ ਪ੍ਰੀਮੀਅਰ ਨੇ ਮਾੜਾ ਕੰਮ ਕੀਤਾ ਤੇ ਜਾਂ ਫਿਰ ਰੈਪਿਡ ਐਂਟੀਜਨ ਟੈਸਟਸ ਉਪਲਬਧ ਕਰਵਾਕੇ ਬਹੁਤ ਮਾੜਾ ਕੰਮ ਕੀਤਾ। ਭਾਵੇਂ ਫੋਰਡ ਦੀ ਮਕਬੂਲੀਅਤ ਘਟੀ ਹੈ ਪਰ ਉਹ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ (26 ਫੀ ਸਦੀ) ਤੇ ਮੈਨੀਟੋਬਾ ਦੇ ਪ੍ਰੀਮੀਅਰ ਹੈਦਰ ਸਟੀਫਨਸਨ (21 ਫੀ ਸਦੀ) ਤੋਂ ਅੱਗੇ ਹਨ।

# ਸਕੂਲ ਖੁੱਲ੍ਹਣ ਉੱਤੇ ਵਿਦਿਆਰਥੀਆਂ ਤੇ ਸਟਾਫ ਦੀ ਸੇਫਟੀ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ : ਲਿਚੇ, ਮੂਰ

ਓਨਟਾਰੀਓ, 20 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਸਿੱਖਿਆ ਮੰਤਰੀ ਤੇ ਪ੍ਰੋਵਿੰਸ ਦੇ ਉੱਘੇ ਡਾਕਟਰ ਵੱਲੋਂ ਮਾਪਿਆਂ ਤੇ ਗਾਰਜੀਅਨਜ਼ ਨੂੰ ਲਿਖੇ ਗਏ ਖੁੱਲ੍ਹੇ ਪੱਤਰ ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਵਿਦਿਆਰਥੀਆਂ ਤੇ ਸਟਾਫ ਦੇ ਸਕੂਲ ਪਰਤਣ ਸਮੇਂ ਸਕੂਲ ਸਥਿਤ ਵੈਕਸੀਨ ਕਲੀਨਿਕਸ ਲਾਂਚ ਕੀਤੇ ਜਾ ਰਹੇ ਹਨ।

ਸਟੀਫਨ ਲਿਚੇ ਤੇ ਡਾ•ਕੀਰਨ ਮੂਰ ਨੇ ਇਸ ਸਾਂਝੇ ਪੱਤਰ ਵਿੱਚ ਆਖਿਆ ਕਿ ਸਰਕਾਰ ਇਸ ਗੱਲ ਤੋਂ ਜਾਣੂ ਹੈ ਕਿ ਓਨਟਾਰੀਓ ਦੇ ਵਿਦਿਆਰਥੀਆਂ ਦੀ ਮਾਨਸਿਕ ਸਿਹਤ, ਉਨ੍ਹਾਂ ਦੀ ਭਲਾਈ ਤੇ ਅਕਾਦਮਿਕ ਸਫਲਤਾ ਲਈ ਇਨ ਪਰਸਨ ਲਰਨਿੰਗ ਕਿੰਨੀ ਜ਼ਰੂਰੀ ਹੈ। ਦੋਵਾਂ ਅਧਿਕਾਰੀਆਂ ਨੇ ਆਖਿਆ ਕਿ ਪਬਲਿਕਲੀ ਫੰਡਿਡ ਸਕੂਲਾਂ ਵਿੱਚ ਵਿਦਿਆਰਥੀਆਂ ਤੇ ਸਟਾਫ ਨੂੰ ਕਈ ਮਿਲੀਅਨ ਹੋਰ ਰੈਪਿਡ ਐਂਟੀਜਨ ਟੈਸਟਸ ਮੁਹੱਈਆ ਕਰਵਾਏ ਗਏ ਹਨ। ਦੋਵਾਂ ਅਧਿਕਾਰੀਆਂ ਨੇ ਆਖਿਆ ਕਿ ਆਉਣ ਵਾਲੇ ਹਫਤਿਆਂ ਵਿੱਚ ਹਰੇਕ ਵਿਦਿਆਰਥੀ ਦੋ ਰੈਪਿਡ ਐਂਟੀਜਨ ਟੈਸਟਸ ਨਾਲ ਘਰ ਜਾਵੇਗਾ। ਉਨ੍ਹਾਂ ਆਖਿਆ ਕਿ ਅਸੀਂ ਕੋਈ ਵੀ ਕਸਰ



ਬਾਕੀ ਨਹੀਂ ਛੱਡ ਰਹੇ। ਸਾਡੇ ਸਕੂਲਾਂ ਤੇ ਚਾਈਲਡ ਕੇਅਰ ਸੈਟਿੰਗਜ਼ ਵਿੱਚ ਹੈਲਥ ਤੇ ਸੇਫਟੀ ਸਾਡੀ ਮੁੱਖ ਤਰਜੀਹ ਹੈ। ਬੱਚਿਆਂ, ਵਿਦਿਆਰਥੀਆਂ ਤੇ ਸਟਾਫ ਦੀ ਹਿਫਾਜ਼ਤ ਲਈ ਸਾਰੇ ਮਾਪਦੰਡਾਂ ਦਾ ਪਾਲਣ ਕੀਤਾ ਜਾਵੇ, ਇਹ ਯਕੀਨੀ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਸਰਕਾਰ ਐਲੀਮੈਂਟਰੀ ਤੇ ਸੈਕੰਡਰੀ ਸਕੂਲਾਂ, ਚਾਈਲਡ ਕੇਅਰ ਸੈਟਿੰਗਜ਼ ਵਿੱਚ ਬੱਚਿਆਂ ਤੇ ਸਟਾਫ ਦੀ ਹੋਰ ਹਿਫਾਜ਼ਤ ਲਈ ਰੈਪਿਡ ਐਂਟੀਜਨ ਟੈਸਟਸ ਮੁਹੱਈਆ ਕਰਾਵੇਗੀ।

# ਬਰਫ ਵਿੱਚ ਦੱਬੇ ਬਜ਼ੁਰਗ ਦੀ ਜਾਨ 8 ਸਾਲਾ ਬੱਚੇ ਨੇ ਬਚਾਈ

ਓਟਵਾ, 20 ਜਨਵਰੀ (ਪੋਸਟ ਬਿਊਰੋ) : ਸੋਮਵਾਰ ਸਵੇਰੇ ਆਏ ਬਰਫੀਲੇ ਤੂਫਾਨ ਕਾਰਨ ਲੱਗਭਗ ਬਰਫ ਵਿੱਚ ਪੂਰੀ ਤਰ੍ਹਾਂ ਦਬ ਚੁੱਕੇ ਇੱਕ ਬਜ਼ੁਰਗ ਦੀ ਜਾਨ ਇੱਕ 8 ਸਾਲਾ ਬੱਚੇ ਕਾਰਨ ਬਚ ਗਈ। ਪੈਰਾਮੈਡਿਕਸ ਵੱਲੋਂ ਇਸ ਬੱਚੇ ਦਾ ਸ਼ੁਕਰੀਆ ਅਦਾ ਕੀਤਾ ਗਿਆ।



ਇੱਕ ਟਵੀਟ ਵਿੱਚ ਓਟਵਾ ਪੈਰਾਮੈਡਿਕਸ ਸਰਵਿਸ ਨੇ ਆਖਿਆ ਕਿ ਕਲੇਟਨ ਨੇ ਆਪਣੇ ਘਰ ਦੇ ਨੇੜੇ ਇੱਕ ਵਿਅਕਤੀ ਨੂੰ ਬਰਫ ਵਿੱਚ ਦੱਬਿਆ ਵੇਖਿਆ ਤੇ ਫੌਰਨ ਆਪਣੇ ਮਾਪਿਆਂ ਨੂੰ ਦੱਸਿਆ ਤੇ ਉਨ੍ਹਾਂ ਨੇ ਅੱਗੇ 911 ਨੂੰ ਕਾਲ ਕੀਤਾ। ਪੈਰਾਮੈਡਿਕਸ ਸਰਵਿਸ ਨੇ ਆਖਿਆ ਕਿ ਉਹ ਬਜ਼ੁਰਗ ਭਾਰੀ ਬਰਫਬਾਰੀ ਕਾਰਨ ਦਬ ਚੁੱਕਿਆ ਸੀ। ਉਸ ਬਜ਼ੁਰਗ ਦੀ ਸਿਹਤ ਸਬੰਧੀ ਜਾਂਚ ਮੌਕੇ ਉੱਤੇ ਕੀਤੀ ਗਈ ਪਰ ਉਸ ਨੇ ਹਸਪਤਾਲ ਨਾ ਜਾਣ ਦਾ ਫੈਸਲਾ ਕੀਤਾ।

ਸੋਮਵਾਰ ਸਵੇਰੇ 11:00 ਵਜੇ ਤੱਕ ਓਟਵਾ ਵਿੱਚ ਬਰਫੀਲੇ ਤੂਫਾਨ ਤੋਂ ਬਾਅਦ 38 ਸੈਂਟੀਮੀਟਰ ਤੱਕ ਬਰਫਬਾਰੀ ਹੋਈ। ਸਿਟੀ ਸਟਾਫ ਨੇ ਦੱਸਿਆ ਕਿ ਉਨ੍ਹਾਂ ਨੂੰ 12 ਸੈਂਟੀਮੀਟਰ ਤੱਕ ਬਰਫਬਾਰੀ ਪ੍ਰਤੀ ਘੰਟਾਂ ਵੇਖਣ ਨੂੰ ਮਿਲੀ। ਓਟਵਾ ਦੇ ਮੇਅਰ ਜਿੰਮ ਵਾਟਸਨ ਨੇ ਕਲੇਟਨ ਦੇ ਇਸ ਕਦਮ ਦੀ ਤਾਰੀਫ ਕੀਤੀ ਤੇ ਉਸ ਨੂੰ ਕਮਾਲ ਦਾ ਨੇਕ ਬੱਚਾ ਦੱਸਿਆ। ਕਈ ਹੋਰਨਾਂ ਵੱਲੋਂ ਉਸ ਨੂੰ ਹੀਰੋ ਦੱਸਿਆ ਗਿਆ।

# ਜਾਂਚ ਦੌਰਾਨ 4 ਮਿਲੀਅਨ ਡਾਲਰ ਦੇ ਡਰਗਜ਼, ਹਥਿਆਰ ਤੇ ਨਕਦੀ ਬਰਾਮਦ

ਟੋਰਾਂਟੋ, 20 ਜਨਵਰੀ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਦਾਅਵਾ ਹੈ ਕਿ ਉਨ੍ਹਾਂ ਨੇ 4 ਮਿਲੀਅਨ ਡਾਲਰ ਦੇ ਡਰੱਗਜ਼ ਸੀਜ਼ ਕੀਤੇ ਹਨ। ਇੱਕ ਸਾਲ ਤੱਕ ਗੰਨਜ਼ ਤੇ ਗੈਂਗ ਸਬੰਧੀ ਚੱਲੀ ਜਾਂਚ ਦੌਰਾਨ ਅਜਿਹਾ ਕੀਤਾ ਗਿਆ।

ਪੁਲਿਸ ਨੇ ਦੱਸਿਆ ਕਿ ਪ੍ਰੋਜੈਕਟ ਟੁੰਡਰਾ ਅਕਤੂਬਰ 2020 ਵਿੱਚ ਸ਼ੁਰੂ ਹੋਇਆ ਤੇ ਇਸ ਦਰਮਿਆਨ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਉੱਤੇ ਹੁਣ ਕਈ ਚਾਰਜਿਜ਼ ਲਾਏ ਗਏ ਹਨ। ਇੱਕ ਰਲੀਜ਼ ਵਿੱਚ ਡਿਪਟੀ ਚੀਫ ਮਾਇਰੌਨ ਡੈਮਕਿਉ ਨੇ ਆਖਿਆ ਕਿ ਗੰਨ ਕ੍ਰਾਈਮ ਰੋਕਣ ਤੇ ਹਥਿਆਰਾਂ ਦੀ ਘਾਤਕ ਜੁਰਮਾਂ ਵਿੱਚ ਹੋਣ ਵਾਲੀ ਵਰਤੋਂ ਨੂੰ ਰੋਕਣ ਲਈ ਸਾਡੀ ਮਿਹਨਤ ਇਹ ਗ੍ਰਿਫਤਾਰੀਆਂ ਆਪ ਬਿਆਨਦੀਆਂ ਹਨ।






ਉਨ੍ਹਾਂ ਦੱਸਿਆ ਕਿ ਸਾਡੀ ਸਮਰਪਿਤ ਗੰਨ ਤੇ ਗੈਂਗ ਟਾਸਕ ਫੋਰਸ ਨੇ ਆਪਣੇ ਸਕਿੱਲਜ਼ ਤੇ ਗਿਆਨ ਦੀ ਵਰਤੋਂ ਕਰਦਿਆਂ ਹੋਇਆਂ ਹੋਰ ਜਾਂਚ ਕਰਾਂਗੇ ਤੇ ਕਮਿਊਨਿਟੀ ਵਿੱਚੋਂ ਜੁਰਮ ਨੂੰ ਖ਼ਤਮ ਕਰਨ ਲਈ ਕੋਸ਼ਿਸ਼ ਕਰਾਂਗੇ। ਉਨ੍ਹਾਂ ਦੱਸਿਆ ਕਿ ਦੋ ਘਰਾਂ ਦੀ ਤਲਾਸ਼ੀ ਲਈ ਗਈ ਤੇ ਪੁਲਿਸ ਨੂੰ ਇੱਥੋਂ ਗੰਨਜ਼, ਡਰੱਗਜ਼-ਜਿਨ੍ਹਾਂ ਵਿੱਚ ਕੋਕੀਨ, ਕ੍ਰਿਸਟਲ ਮੈੱਥ ਤੇ ਫੈਂਟਾਨਿਲ ਆਦਿ ਸ਼ਾਮਲ ਸਨ, ਬਰਾਮਦ ਹੋਈਆਂ। ਇਸ ਤੋਂ ਇਲਾਵਾ ਮੁਜਰਮਾਨਾਂ ਗਤੀਵਿਧੀਆਂ ਨਾਲ ਕਮਾਈ ਗਈ 93000 ਡਾਲਰ ਦੀ ਨਕਦੀ ਵੀ ਪੁਲਿਸ ਨੂੰ ਹਾਸਲ ਹੋਈ। ਇਸ ਦੌਰਾਨ ਵ੍ਰਿਟਬੀ ਦੇ 33 ਸਾਲਾ ਸ਼ਾਨ ਤਰੀਨ, ਟੋਰਾਂਟੋ ਦੇ 31 ਸਾਲਾ ਰਿਜਵਾਨ ਘਾਰਡਾ ਨੂੰ 21 ਸਤੰਬਰ,2021 ਨੂੰ ਗ੍ਰਿਫਤਾਰ ਕੀਤਾ ਗਿਆ। ਟੋਰਾਂਟੋ ਦੇ 27 ਸਾਲਾ ਸਾਇਰ ਕੈਸਟਿਲੋਐਂਪਾਰੋ ਨੂੰ ਵੀ ਚਾਰਜ ਕੀਤਾ ਗਿਆ ਹੈ। ਤਿੰਨਾਂ ਦੋਸ਼ੀਆਂ ਨੂੰ 13 ਜਨਵਰੀ, 2022 ਨੂੰ ਅਦਾਲਤ ਵਿੱਚ ਵੀ ਪੇਸ਼ ਕੀਤਾ ਗਿਆ।

# ਇਟੋਬੀਕੋ ਵਿਚ ਚੱਲੀ ਗੋਲੀ, ਇੱਕ ਹਲਾਕ

ਇਟੋਬੀਕੋ, 20 ਜਨਵਰੀ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਇਟੋਬੀਕੋ ਦੀ ਇੱਕ ਰਿਹਾਇਸ਼ੀ ਇਮਾਰਤ ਵਿੱਚ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਸਵੇਰੇ 3:00 ਵਜੇ ਤੋਂ ਪਹਿਲਾਂ 401 ਤੋਂ ਉੱਤਰ ਵੱਲ ਇਸਲਿੰਗਟਨ ਐਵਨਿਊ ਉੱਤੇ ਸਥਿਤ ਇਸ ਇਮਾਰਤ ਵਿੱਚ ਵਾਪਰੀ ਇਸ ਘਟਨਾ ਦੀ ਜਾਣਕਾਰੀ ਦੇ ਕੇ ਪੁਲਿਸ ਨੂੰ ਸੱਦਿਆ ਗਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਵਿਅਕਤੀ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।




ਅਜੇ ਤੱਕ ਕਿਸੇ ਮਸ਼ਕੂਕ ਦੇ ਸਬੰਧ ਵਿੱਚ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ।






## ਅੱਜ ਨਾਮਾ

ਬਸਪਾ ਵਾਲਿਆਂ ਆਖਰ ਆ ਚੁੱਪ ਤੋੜੀ,
ਉਮੀਦਵਾਰਾਂ ਲਈ ਕੀਤਾ ਐਲਾਨ ਬੇਲੀ।
ਸਹਿਮਤੀ ਚੋਣਾਂ ਦੀ ਨਾਲ ਅਕਾਲੀਆਂ ਦੇ,
ਲਗਦਾ ਹੋਊ ਤਕੜਾ ਇਮਤਿਹਾਨ ਬੇਲੀ।
ਅਕਾਲੀ ਭਾਜਪਾ ਤੋਂ ਟੁੱਟੇ ਸਾਲ ਪਿਛਲੇ,
ਗੋਤੇ ਖਾਂਦੀ ਕੁਝ ਰਹਿੰਦੀ ਜ਼ਬਾਨ ਬੇਲੀ।
ਬਸਪਾ ਆਖਣੀ ਅਜੇ ਉਹ ਭੁੱਲ ਜਾਵਣ,
ਕਰ ਜਾਣ ਭਾਜਪਾ ਦੇ ਗੁਣ-ਗਾਨ ਬੇਲੀ।
ਥੱਕੇ ਟੁੱਟੇ ਜਦ ਸੌਂਦੇ ਈ ਚਾਰ ਘੜੀਆਂ,
ਸੁਫਨਾ ਕਮਲ ਦੇ ਫੁੱਲ ਦਾ ਆਏ ਬੇਲੀ।
ਚੱਲਣ ਹਾਥੀ ਦੇ ਨਾਲ ਨਹੀਂ ਅਜੇ ਗਿੱਝੇ,
ਲਮਕ ਰਹੇ ਦੰਦ ਤੇ ਸੁੰਡ ਡਰਾਏ ਬੇਲੀ।

**ਤੀਸ ਮਾਰ ਖਾਂ**

# ਭਗਵੰਤ ਮਾਨ ਪੰਜਾਬ ਵਿਧਾਨ ਸਭਾ ਦੇ ਧੂਰੀ ਹਲਕੇ ਤੋਂ ਚੋਣ ਲੜਨਗੇ

### * ਐਲਾਨੀਆਂ ਗਾਰੰਟੀਆਂ ਪੂਰੀਆਂ ਹੋਣਗੀਆਂ: ਮਾਨ

ਚੰਡੀਗੜ੍ਹ, 20 ਜਨਵਰੀ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਵੱਲੋਂਮੁੱਖ ਮੰਤਰੀ ਚਿਹਰਾ ਐਲਾਨੇ ਗਏ ਇਸ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਹਲਕਾਧੂਰੀ ਤੋਂ ਵਿਧਾਨ ਚੋਣ ਲੜਨਗੇ। ਇਸ ਦਾ ਐਲਾਨ ਅੱਜ ਮੋਹਾਲੀ ਵਿਖੇ ਕੀਤੀ ਪ੍ਰੈੱਸ ਕਾਨਫ਼ਰੰਸ ਵਿੱਚ ਪਾਰਟੀ ਆਗੂ ਰਾਘਵ ਚੱਢਾਨੇ ਕੀਤਾ ਹੈ।

ਇਸ ਮੌਕੇ ਰਾਘਵ ਚੱਢਾ ਨੇ ਕਿਹਾ ਕਿ ਪਿੱਛਲੇ 50 ਸਾਲਾਂ ਵਿੱਚ ਅਕਾਲੀਆਂ ਤੇ ਕਾਂਗਰਸੀ ਆਗੂਆਂ ਨੇ ਪੰਜਾਬ ਨੂੰ ਲੁੱਟ ਕੇ ਖਾ ਲਿਆ ਹੈ ਤੇ ਅੱਜ ਪੰਜਾਬ ਦੇ ਲੋਕ ਇੱਕ ਮੌਕਾ ਆਮ ਆਦਮੀ ਪਾਰਟੀ ਨੂੰ ਦੇਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਭਰੋਸਾ ਹੈ ਕਿ ਭਗਵੰਤ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਵਿਧਾਨ ਸਭਾ ਚੋਣਾਂ ਜਿੱਤ ਕੇ ਪੰਜਾਬ ਦੀ ਸਰਕਾਰ ਬਣਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਭਗਵੰਤ ਮਾਨ ਨੂੰ ਵੇਖਣਾ ਤੇ ਸੁਣਨਾ ਚਾਹੁੰਦੇ ਹਨ,ਉਹਪੰਜਾਬ ਦੇ ਕਿਸੇ ਵੀ ਹਲਕੇ ਤੋਂ ਚੋਣ ਲੜਨ, ਜ਼ਰੂਰ ਜਿੱਤਣਗੇ। ਰਾਘਵ ਚੱਢਾ ਨੇ ਕਿਹਾ ਕਿ ਪੰਜਾਬ ਵਿਚ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਦੀ ਜੋੜੀ ਇੱਕ ਅਤੇ ਇੱਕ ਗਿਆਰਾਂ ਸਾਬਤ ਹੋਵੇਗੀ। ਉਨ੍ਹਾ ਕਿਹਾ ਕਿ ਸਾਲ 2015 ਤੋਂ ਸਾਲ 2021 ਤੱਕ ਅਰਵਿੰਦ ਕੇਜਰੀਵਾਲ ਨੇਜੋ ਮਾਡਲ ਦਿੱਲੀ ਸ਼ਹਿਰਨੂੰ ਵਿਖਾਇਆ ਹੈ, ਉਹੀ ਪੰਜਾਬ ਦੇ ਲੋਕ ਵੇਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿਲੋਕ ਅਰਵਿੰਦ ਕੇਜਰੀਵਾਲ ਨੂੰ ਬੇਹੱਦ ਮੁਹੱਬਤ ਕਰਦੇ ਹਨ ਤੇ ਮੈਨੂੰ ਲੱਗਦਾ ਹੈ ਕਿ 2022 ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਇਕੱਲੀ ਹੈ, ਜਿਹੜੀ ਮੁੱਖ ਮੰਤਰੀ ਲਈ ਆਪਣੇ ਆਗੂ ਦਾ ਐਲਾਨ ਕਰਕੇ ਚੋਣਾਂ ਲੜੇਗੀ। ਚੱਢਾ ਨੇ ਕਿਹਾ ਕਿ ਕਾਂਗਰਸ ਵਿੱਚ ਕਲੇਸ਼ ਚੱਲ



ਰਿਹਾ ਹੈ, ਉਨ੍ਹਾਂ ਨੇ ਅਜੇ ਤੱਕ ਮੁੱਖ ਮੰਤਰੀ ਲਈ ਚਿਹਰੇ ਦਾ ਐਲਾਨ ਨਹੀਂ ਕੀਤਾ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਵੀਮੁੱਖ ਮੰਤਰੀ ਦੇ ਚਿਹਰੇ ਦਾ ਰਸਮੀ ਤੌਰ ਉੱਤੇ ਐਲਾਨ ਨਹੀਂ ਕੀਤਾ।

ਵਰਨਣ ਯੋਗ ਹੈ ਕਿ ਜਿਸ ਧੂਰੀ ਹਲਕੇ ਤੋਂ ਆਮ ਆਦਮੀ ਪਾਰਟੀ ਨੇ ਭਗਵੰਤ ਮਾਨ ਨੂੰ ਉਮੀਦਵਾਰ ਬਣਾਇਆ ਹੈ, ਓਥੋਂ ਕਾਂਗਰਸ ਪਾਰਟੀ ਨੇ ਮੌਜੂਦਾ ਵਿਧਾਇਕ ਦਲਬੀਰ ਸਿੰਘ ਗੋਲਡੀ ਨੂੰ ਫਿਰ ਉਮੀਦਵਾਰ ਐਲਾਨਿਆ ਹੈ।

ਇਸ ਦੌਰਾਨ ਪਾਰਲੀਮੈਂਟ ਮੈਂਬਰ ਤੇ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਹੈ ਕਿ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਲੋਕਾਂ ਨੂੰਜੋਗਾਰੰਟੀਆਂਦਿੱਤੀਆਂ ਹਨ, ਉਨ੍ਹਾਂ ਨੂੰ ਪੂਰਾ ਕੀਤਾ ਜਾਵੇਗਾ, ਕਿਉਂਕਿ ਅਸੀਂ ਹੋਰ ਪਾਰਟੀਆਂ ਵਾਂਗ ਹਵਾ ਵਿੱਚ ਤੀਰ ਨਹੀਂ ਮਾਰੇ, ਕੰਮ ਕਰਨ ਦਾ ਤਜਰਬਾ ਹੈ।ਭਗਵੰਤ ਮਾਨ ਨੇ ਕਿਹਾ ਕਿ ਉਹ ਦੋ ਵਾਰ ਚੋਣ ਜਿੱਤ ਕੇ ਦੇਸ਼ ਦੀ ਸਭ ਤੋਂ ਵੱਡੀ ਪੰਚਾਇਤ ਵਿੱਚ ਗਏ ਅਤੇ ਉਥੇ ਹਰ ਮਸਲਾ ਬੁਲੰਦ ਆਵਾਜ਼ ਨਾਲ ਉਠਾਇਆ ਹੈ। ਉਨ੍ਹਾ ਕਿਹਾ ਕਿ ਜਨਤਾ ਦਾ ਸੇਵਕ ਬਣ ਕੇ ਲੋਕਾਂ ਵਿੱਚ ਆਉਂਦੇ ਆਗੂਜਿੱਤਣ ਪਿੱਛੋਂ ਰਾਜੇ ਬਣ ਜਾਂਦੇ ਹਨ, ਪਰ ਉਹ ਦੋ ਵਾਰ ਪਾਰਲੀਮੈਂਟ ਦੀ ਚੋਣ-ਜਿੱਤਣ ਮਗਰੋਂ ਵੀ ਲੋਕਾਂ ਦੇ ਧੀਆਂ-ਪੁੱਤਾਂ ਵਾਂਗ ਲੋਕਾਂ ਵਿੱਚਵਿਚਰਦੇ ਅਤੇ ਹਰ ਦੁੱਖ-ਸੁੱਖ ਵਿੱਚ ਉੱਠਦੇ-ਬੈਠਦੇ ਹਨ।

## ਸੁਪਰੀਮ ਕੋਰਟ ਵੋਟਿੰਗ ਮਸ਼ੀਨਾਂ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਉਤੇ ਸੁਣਵਾਈ ਲਈ ਤਿਆਰ

ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਲੋਕ ਨੁਮਾਇੰਦਗੀ ਐਕਟ ਦੀ ਇੱਕ ਵਿਵਸਥਾ ਦੀ ਸੰਵਿਧਾਨਕ ਯੋਗਤਾ ਨੂੰ ਚੁਣੌਤੀ ਦਿੰਦੀ ਪਟੀਸ਼ਨ ਦੀ ਸੁਣਵਾਈ ਲਈ ਸੂਚੀਬੱਧ ਕਰਨਦੀ ਸਹਿਮਤੀ ਦੇ ਦਿੱਤੀ ਹੈ। ਇਸੇ ਵਿਵਸਥਾ ਹੇਠਭਾਰਤ ਵਿੱਚ ਵਿੱਚ ਚੋਣ ਅਮਲ ਵਿੱਚ ਬੈਲਟ ਪੇਪਰ ਦੀ ਥਾਂ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ (ਈ ਵੀ ਐਮ) ਨੂੰ ਲਿਆਂਦਾ ਗਿਆ ਸੀ, ਪਰ ਇਸ ਉੱਤੇ ਵਿਵਾਦ ਜਾਰੀ ਰਿਹਾ ਹੈ।

ਭਾਰਤ ਦੇ ਚੀਫ ਜਸਟਿਸ ਐਨ ਵੀ ਰਾਮੰਨਾ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਐਡਵੋਕੇਟ ਐਮ ਐਲ ਸ਼ਰਮਾ ਵੱਲੋਂ ਨਿੱਜੀ ਤੌਰ ਉੱਤੇ ਦਾਇਰ ਜਨਹਿਤ ਪਟੀਸ਼ਨਦੀ ਸੁਣਵਾਈ ਕਰਦਿਆਂ ਕਿਹਾ, ‘‘ਅਸੀਂ ਇਸਬਾਰੇ ਗੌਰ ਕਰਾਂਗੇ, ਮੈਂ ਇਸ ਨੂੰ ਕਿਸੇ ਹੋਰ ਬੈਂਚ ਕੋਲ ਵੀ ਸੂਚੀਬੱਧ ਕਰਵਾ ਸਕਦਾ ਹਾਂ।’’ ਸ਼ਰਮਾ ਨੇ ਪਟੀਸ਼ਨ ਵਿੱਚ ਦਾਅਵਾ ਕੀਤਾ ਹੈ ਕਿ ਪੰਜ ਰਾਜਾਂ: ਪੰਜਾਬ, ਯੂ ਪੀ, ਗੋਆ, ਮਨੀਪੁਰ ਤੇ ਉਤਰਾਖੰਡ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਕਾਰਨ



ਪਟੀਸ਼ਨ ਉੱਤੇ ਸੁਣਵਾਈਛੇਤੀ ਕਰਨ ਦੀ ਲੋੜ ਹੈ। ਸ਼ਰਮਾ ਨੇ ਕਿਹਾ ਕਿ ਲੋਕ ਨੁਮਾਇੰਦਗੀ ਐਕਟ ਦੀ ਧਾਰਾ 61ਏ, ਜਿਹੜੀ ਈ ਵੀ ਐਮਜ਼ ਦੀ ਵਰਤੋਂ ਕੀਤੇ ਜਾਣ ਦੀ ਖੁੱਲ੍ਹ ਦੇਂਦੀ ਹੈ, ਪਾਰਲੀਮੈਂਟ ਵੱਲੋਂ ਪਾਸ ਨਹੀਂ ਹੈ ਤੇ ਇਸ ਕਰ ਕੇ ਇਸ ਉਤੇ ਅਮਲ ਨਹੀਂ ਕੀਤਾ ਜਾ ਸਕਦਾ। ਸ਼ਰਮਾ ਨੇ ਕਿਹਾ, ‘‘ਮੇਰੇ ਵੱਲੋਂ ਦਾਇਰ ਪਟੀਸ਼ਨ ਆਨ-ਰਿਕਾਰਡ ਸਬੂਤਾਂ ਉੱਤੇ ਆਧਾਰਤ ਹੈ। ਚੋਣਾਂ (ਪੰਜ ਰਾਜਾਂ ਦੀਆਂ) ਵੋਟ ਪਰਚੀ ਰਾਹੀਂ ਕਰਾਈਆਂ ਜਾਣ।’’ ਪਟੀਸ਼ਨ ਵਿੱਚ ਕੇਂਦਰੀ ਕਾਨੂੰਨ ਮੰਤਰਾਲੇ ਨੂੰ ਧਿਰ ਬਣਾ ਕੇ ਇਸ ਵਿਵਸਥਾ, ਧਾਰਾ ਨੂੰ ‘ਅਸਰਹੀਣ, ਗੈਰ ਕਾਨੂੰਨੀ ਤੇ ਗੈਰ ਸੰਵਿਧਾਨਕ ਐਲਾਨੇ ਜਾਣ ਦੀ ਮੰਗ ਕੀਤੀ ਗਈ ਹੈ।

# ਪ੍ਰਧਾਨ ਮੰਤਰੀ ਮੋਦੀ ਨੇ ਵੱਡੇ ਬਾਦਲ ਨੂੰ ਫੋਨ ਕਰ ਕੇ ਸਿਹਤ ਦਾ ਹਾਲ-ਚਾਲ ਜਾਣਿਆ

ਲੁਧਿਆਣਾ, 20 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੇ ਕੋਰੋਨਾ ਪਾਜ਼ਿਟਿਵ ਹੋਣ ਪਿੱਛੋਂ ਅੱਜ ਵੀਰਵਾਰ ਸਵੇਰੇ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਨੇ ਵੱਡੇ ਬਾਦਲ ਨੂੰ ਫੋਨ ਕਰ ਕੇ ਉਨ੍ਹਾਂ ਦੀ ਸਿਹਤ ਦਾ ਹਾਲ-ਚਾਲ ਜਾਣਿਆ ਅਤੇ ਸ਼ੁਭ ਇੱਛਾਵਾਂ ਦਿੱਤੀਆਂ।

ਵਰਨਣ ਯੋਗ ਹੈ ਕਿ ਇੱਕ ਦਿਨ ਪਹਿਲਾਂ ਖਾਂਸੀ, ਜ਼ੁਕਾਮ ਤੇ ਬੁਖਾਰ ਤੋਂ ਪੀੜਤ ਹੋਣ ਕਾਰਨ ਪ੍ਰਕਾਸ਼ ਸਿੰਘ ਬਾਦਲ ਨੂੰ ਲੁਧਿਆਣਾ ਦੇ ਦਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਹੀਰੋ ਹਾਰਟ ਇੰਸਟੀਚਿਊਟ ਦਾਖਲ ਕੀਤਾ ਗਿਆ ਸੀ, ਜਿੱਥੇ ਉਨ੍ਹਾਂ ਨੂੰ ਟੈਸਟ ਦੀ ਪਹਿਲੀ ਰਿਪੋਰਟ ਵਿੱਚ ਕੋਰੋਨਾ ਪਾਜ਼ੀਟਿਵ ਨਿਕਲਿਆ ਅਤੇ ਦੂਸਰੀ ਰਿਪੋਰਟ ਵੀ ਕੋਰੋਨਾ ਪਾਜ਼ੀਟਿਵ ਆਈ ਅਤੇ ਉਨ੍ਹਾਂ ਨੂੰ ਹਲਕਾ ਬੁਖਾਰ, ਗਲੇ ਵਿੱਚ ਖਰਾਸ਼, ਜ਼ੁਕਾਮ ਅਤੇ ਖੰਘ ਦੇ ਹਲਕੇ ਲੱਛਣ ਸਨ। ਅਕਾਲੀ ਦਲ ਦੇ



ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੀਡੀਆ ਨੂੰ ਦੱਸਿਆ ਕਿ ਪ੍ਰਕਾਸ਼ ਸਿੰਘ ਬਾਦਲ ਦੀ ਸਿਹਤ ਠੀਕ ਹੈ ਤੇ ਉਨ੍ਹਾਂ ਦਾ ਇਲਾਜਚੱਲ ਰਿਹਾ ਹੈ।ਹਸਪਤਾਲ ਵੱਲੋਂ ਡਾਕਟਰ ਬਿਸ਼ਵ ਮੋਹਨ ਨੇ ਪੁਸ਼ਟੀ ਕੀਤੀ ਹੈ ਕਿ ਪ੍ਰਕਾਸ਼ ਸਿੰਘ ਬਾਦਲ ਦੀ ਆਰਟੀ-ਪੀਸੀਆਰ ਰਿਪੋਰਟ ਵੀ ਪਾਜ਼ੀਟਿਵ ਹੈ, ਜਿਸਵਿੱਚ ਉਨਾਂ ਨੂੰ ਹਲਕਾ ਬੁਖਾਰ, ਗਲੇ ਵਿੱਚ ਖਰਾਸ਼, ਜ਼ੁਕਾਮ ਤੇ ਖੰਘ ਦੇ ਲੱਛਣ ਸਨ।ਕਾਰਡੀਓਲੋਜੀ ਦੇ ਪ੍ਰੋਫੈਸਰ ਡਾ: ਮੋਹਨ ਨੇ ਕਿਹਾ, ‘ਵੱਧ ਉਮਰ ਕਾਰਨ ਸਿਹਤ ਦੀ ਨਿਗਰਾਨੀ ਲਈ ਪ੍ਰਕਾਸ਼ ਸਿੰਘ ਬਾਦਲ ਹਸਪਤਾਲ ਦਾਖਲ ਹਨ।’ ਬਾਦਲ ਇੱਕ ਪ੍ਰਾਈਵੇਟ ਕਮਰੇ ਵਿੱਚ ਹਨ। ਡਾਕਟਰਾਂ ਮੁਤਾਬਿਕ ਉਨ੍ਹਾਂ ਦੀ ਸਿਹਤ ਦੀ ਫਿਲਹਾਲ ਕੋਈ ਸਮੱਸਿਆ ਨਹੀਂ।ਅਸਲ ਵਿੱਚ ਪ੍ਰਕਾਸ਼ ਸਿੰਘ ਬਾਦਲ ਪਿਛਲੇ ਕਾਫੀ ਸਮੇਂ ਤੋਂ ਚੋਣ ਲੜਨ ਦੀ ਤਿਆਰੀ ਕਰ ਰਹੇ ਸਨ ਤੇ ਰੋਜ਼ ਲੋਕਾਂ ਨੂੰ ਮਿਲਦੇ ਸਨ। ਪਿਛਲੇ ਸੋਮਵਾਰ ਤੋਂ ਬਾਅਦ ਉਹ ਦੌਰਾ ਰੱਦ ਕਰਕੇ ਆਪਣੇ ਘਰ ਆਰਾਮ ਕਰ ਰਹੇ ਸਨ।ਉਹ 95 ਸਾਲ ਦੀ ਉਮਰ ਵਿੱਚ ਵੀ ਦਿਨ-ਰਾਤ ਚੋਣ ਪ੍ਰਚਾਰ ਕਰ ਰਹੇ ਸਨ। ਸਿਹਤ ਵਿਭਾਗ ਦੇ ਸਾਹਮਣੇ ਵੱਡੇ ਬਾਦਲ ਦੇ ਸੰਪਰਕ ਵਿੱਚ ਆਏ ਆਗੂਆਂ ਨੂੰ ਲੱਭਣਾ ਵੱਡੀ ਚੁਣੌਤੀ ਹੋਵੇਗੀ।

## ਲਾਤੂਰ ਦੀਆਂ 4 ਨਗਰ ਪੰਚਾਇਤਾਂ ਦੀਆਂ 23 ਸੀਟਾਂ ਉੱਤੇ ਕਾਂਗਰਸ ਦੀ ਜਿੱਤ

ਲਾਤੂਰ, 20 ਜਨਵਰੀ (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਕਾਂਗਰਸ ਨੇ ਕੱਲ੍ਹ ਲਾਤੂਰ ਜ਼ਿਲ੍ਹੇ ਵਿਚਲੀਆਂ ਚਾਰ ਨਗਰ ਪੰਚਾਇਤਾਂ ਦੀਆਂ 68 ਵਿੱਚੋਂ 23 ਸੀਟਾਂ ਉੱਤੇ ਜਿੱਤ ਲਈਆਂ, ਜਦਕਿ ਐੱਨ ਸੀ ਪੀ ਅਤੇ ਭਾਜਪਾ ਨੂੰ 14-14 ਸੀਟਾਂ ਮਿਲੀਆਂ। ਹਰ ਨਗਰ ਪੰਚਾਇਤ ਵਿੱਚ 17-17 ਸੀਟਾਂ ਸਨ।

ਮਿਲੀ ਜਾਣਕਾਰੀ ਅਨੁਸਾਰ ਚਾਕੁਰ, ਸ਼ਿਰੂਰ ਅਨੰਤਪਾਲ ਅਤੇ ਜਲਕੋਟ ਅਤੇ ਦੇਵਨੀ ਨਗਰ ਪੰਚਾਇਤ ਲਈ ਵੋਟਾਂ ਦੀ ਗਿਣਤੀ ਕੱਲ੍ਹ ਹੋਈ। ਜਲਕੋਟ ਤੇ ਦੇਵਨੀ ਵਿੱਚ ਕਾਂਗਰਸ ਨੇ ਵੱਧ ਸੀਟਾਂ ਜਿੱਤ ਲਈਆਂ। ਅਧਿਕਾਰੀਆਂ ਨੇ ਦੱਸਿਆ ਕਿ ਚਾਕੁਰ ਦੀਆਂ 17 ਵਿੱਚੋਂ 8 ਸੀਟਾਂ ਮਹਾਵਿਕਾਸ ਅਘਾੜੀ (ਕਾਂਗਰਸ, ਐੱਨ ਸੀ ਪੀ ਅਤੇ ਸ਼ਿਵਸੈਨਾ) ਨੇ ਜਿੱਤੀਆਂ, ਜਦਕਿ ਪ੍ਰਹਾਰ ਜਨਸ਼ਕਤੀ ਪੱਖ ਨੇ ਛੇ ਅਤੇ ਭਾਜਪਾ ਨੇ ਤਿੰਨ ਸੀਟਾਂ ਜਿੱਤੀਆਂ। ਸ਼ਿਰੂਰ ਅੰਤਪਾਲ ਵਿੱਚ ਭਾਜਪਾ ਨੂੰ 9 ਤੇ ਐੱਨ ਸੀ ਪੀ



ਨੂੰ ਚਾਰ ਸੀਟਾਂ ਮਿਲੀਆਂ, ਜਦਕਿ ਸ਼ਿਵਸੈਨਾ ਨੂੰ ਤਿੰਨ ਅਤੇ ਕਾਂਗਰਸ ਨੂੰ ਇੱਕ ਹੀ ਸੀਟ ਮਿਲੀ। ਜਲਕੋਟ ਵਿੱਚ ਕਾਂਗਰਸ ਨੂੰ ਸੱਤ, ਐੱਨ ਸੀ ਪੀ ਨੂੰ ਚਾਰ, ਸ਼ਿਵਸੈਨਾ ਨੂੰ ਦੋ ਅਤੇ ਭਾਜਪਾ ਨੂੰ ਇੱਕ ਸੀਟ ਮਿਲੀ। ਦੇਵਨੀ ਵਿੱਚ ਕਾਂਗਰਸ ਨੂੰ 12, ਐੱਨ ਸੀ ਪੀ ਨੂੰ ਦੋ ਅਤੇ ਭਾਜਪਾ ਨੂੰ ਇੱਕ ਸੀਟ ਮਿਲੀ। ਕੁਲ ਮਿਲਾ ਕੇ ਕਾਂਗਰਸ ਨੇ 23 ਸੀਟ ਜਿੱਤੀਆਂ ਅਤੇ ਐੱਨ ਸੀ ਪੀ ਅਤੇ ਭਾਜਪਾ 14-14 ਸੀਟਾਂ ਨਾਲ ਦੂਸਰੇ ਥਾਂ ਰਹੀਆਂ। ਸ਼ਿਵਸੈਨਾ ਨੇ ਛੇ ਸੀਟਾਂ ਜਿੱਤੀਆਂ।

# ਈ ਡੀ ਵੱਲੋਂ ਛਾਪੇ ਮਾਰਨ ਵਿਰੁੱਧ ਕਾਂਗਰਸ ਵੱਲੋਂ ਚੋਣ ਕਮਿਸ਼ਨ ਕੋਲ ਸ਼ਿਕਾਇਤ

### * ਛਾਪੇਮਾਰੀ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਆਖਿਆ

ਚੰਡੀਗੜ੍ਹ, 20 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਨਜ਼ਦੀਕੀ ਰਿਸ਼ਤੇਦਾਰ ਭੁਪਿੰਦਰ ਸਿੰਘ ਹਨੀ ਦੇ ਘਰ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਇਸ ਹਫਤੇ ਕੀਤੀ ਗਈ ਛਾਪੇਮਾਰੀ ਬਾਰੇ ਕਾਂਗਰਸ ਪਾਰਟੀ ਨੇ ਅੱਜ ਭਾਰਤ ਦੇ ਚੋਣ ਕਮਿਸ਼ਨ ਨੂੰਪਹੁੰਚ ਕੀਤੀ ਤੇਵਿੱਤ ਮੰਤਰਾਲਾ, ਈ ਡੀਅਤੇ ਕੇਂਦਰ ਦੀਆਂ ਹੋਰ ਏਜੰਸੀਆਂ ਵੱਲੋਂ ਕੀਤੀ ਜਾ ਰਹੀ ਛਾਪੇਮਾਰੀ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਕਿਹਾ ਹੈ।

ਕਾਂਗਰਸ ਦੇ ਜਨਰਲ ਸੈਕਟਰੀ ਅਤੇ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਦੇਸ਼ ਦੇ ਸੰਵਿਧਾਨ ਅਤੇ ਅਪਰਾਧਾਂ ਬਾਰੇ ਕਾਨੂੰਨ (ਸੀਆਰਪੀਸੀ) ਦੀਆਂ ਧਾਰਾਵਾਂ ਦੇ ਹਵਾਲੇ ਨਾਲ ਚੋਣ ਕਮਿਸ਼ਨ ਨੂੰ ਦਿੱਤੇ ਮੰਗ-ਪੱਤਰ ਵਿੱਚ ਕਿਹਾ ਹੈ ਕਿ ਮੁੱਖ ਮੰਤਰੀ ਦੇ ਰਿਸ਼ਤੇਦਾਰਾਂ ਉੱਤੇ ਕੀਤੀ ਗਈ ਛਾਪਾਮਾਰੀ ਨਿਰੋਲ ਬਦਲਾਖੋਰੀ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੂੰ ਚੋਣਾਂ ਤੋਂ ਇੱਕ ਮਹੀਨਾ ਪਹਿਲਾਂ ਕੇਂਦਰੀ ਏਜੰਸੀਆਂ ਵੱਲੋਂ ਕੀਤੀ ਛਾਪੇਮਾਰੀ ਦਾ ਨੋਟਿਸ ਲੈਣਾ ਚਾਹੀਦਾ ਹੈ।ਉਨ੍ਹਾਂ ਭਾਰਤੀ ਜਨਤਾ ਪਾਰਟੀ ਉੱਤੇ ਦੋਸ਼ ਲਾਇਆ ਕਿ ਮੁੱਖ ਮੰਤਰੀ



ਚਰਨਜੀਤ ਸਿੰਘ ਚੰਨੀ ਨੂੰ ਰਾਜਨੀਤਕ ਪੱਖੋਂ ਬਦਨਾਮ ਕਰਨ ਲਈ ਛਾਪੇ ਮਰਵਾਏ ਹਨ।ਉਨ੍ਹਾਂ ਨੇ ਇਸ ਨੂੰ ‘ਰਾਜਸੀ ਬਦਲਾਖ਼ੋਰੀ’ ਦੱਸ ਕੇ ਕਿਹਾ ਕਿ 7 ਮਾਰਚ 2018 ਨੂੰ ਰਾਹੋਂ ਪੁਲਿਸ ਸਟੇਸ਼ਨ ਵਿੱਚ ਮਾਈਨਿੰਗ ਐਂਡ ਮਿਨਰਲ ਐਕਟ ਦੀਆਂ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਹੋਇਆ ਸੀਤੇ ਉਸ ਕੇਸ ਵਿਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਜਾਂ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਦਾ ਨਾਂ ਦੋਸ਼ੀਆਂ ਵਿੱਚ ਨਹੀਂ ਸੀ। 10 ਜਨਵਰੀ 2019 ਨੂੰ 34 ਦੋਸ਼ੀਆਂ ਵਿਰੁੱਧ ਨਵਾਂਸ਼ਹਿਰ ਦੀ ਸੈਸ਼ਨ ਕੋਰਟ ਵਿੱਚ ਪੇਸ਼ ਕੀਤੇ ਚਾਲਾਨ ਵਿੱਚ ਵੀ ਚਰਨਜੀਤ ਸਿੰਘ ਚੰਨੀ ਦੇ ਕਿਸੇ ਪਰਿਵਾਰਕ ਮੈਂਬਰ ਜਾਂ ਰਿਸ਼ਤੇਦਾਰ ਦਾ ਨਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਈ ਡੀ ਨੇ ਕੁਦਰਤਵੀਰ ਸਿੰਘ ਦੇ ਬਿਆਨਾਂ ਉੱਤੇ ਮੁੱਖ ਮੰਤਰੀ ਦੇ ਰਿਸ਼ਤੇਦਾਰ ਹਨੀ ਨੂੰ ਕੇਸ ਵਿੱਚ ਸ਼ਾਮਲ ਕੀਤਾ ਹੈ।

ਰਣਦੀਪ ਸੁਰਜੇਵਾਲ ਨੇ ਕਿਹਾ ਕਿ ਪੰਜ ਰਾਜਾਂਵਿੱਚ ਚੋਣਾਂ ਹੋਣੀਆਂ ਹਨ ਤਾਂ ਕੇਂਦਰ ਸਰਕਾਰ ਚਲਾ ਰਹੀ ਭਾਰਤੀ ਜਨਤਾ ਪਾਰਟੀਇਸ ਮੌਕੇ ਈ ਡੀ ਰਾਹੀਂ ਕਾਂਗਰਸ ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਦਿੱਖ ਵਿਗਾੜਨ ਦੇ ਲਈ ਗ਼ਲਤ ਖ਼ਬਰਾਂ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਇਹ ਛਾਪੇ 5 ਜਨਵਰੀ ਨੂੰ ਪ੍ਰਧਾਨ ਮੰਤਰੀ ਦੀ ਰੈਲੀ ਦਾ ਬਦਲਾ ਲੈਣ ਲਈ ਮਰਵਾਏ ਹਨ, ਜਦ ਕਿ ਤੱਥ ਇਹ ਹਨ ਕਿ ਭਾਜਪਾ ਨੇ ਉਸ ਦਿਨ ਰੈਲੀ ਵਿਚ 70 ਹਜ਼ਾਰ ਕੁਰਸੀਆਂ ਲਾਈਆਂ ਸਨ ਤੇ ਉਸ ਦੇ ਆਗੂ ਓਥੇ ਭੀੜ ਨਹੀਂ ਭਰ ਸਕੇ ਸਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਅਚਾਨਕ ਪ੍ਰਧਾਨ ਮੰਤਰੀ ਦਾ ਕਾਫਲਾ ਰੋਕਿਆ ਸੀ ਤਾਂ ਇਸ ਬਾਰੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਫਸੋਸ ਪ੍ਰਗਟ ਕਰ ਚੁੱਕੇ ਹਨ, ਫਿਰ ਵੀ ਪੰਜਾਬੀਆਂ ਨੂੰ ਖ਼ਾਲਿਸਤਾਨੀ ਬਣਾ ਕੇ ਪੇਸ਼ ਕੀਤਾ ਗਿਆ ਤੇਅਸਾਮ ਦੇ ਮੁੱਖ ਮੰਤਰੀ ਨੇ 12 ਜਨਵਰੀ ਨੂੰ ਪੰਜਾਬ ਦੇ ਮੁੱਖ ਮੰਤਰੀ ਚੰਨੀ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਸੀ। ਇਸ ਤੋਂ ਸਾਫ ਹੈ ਕਿ ਭਾਜਪਾ ਸਿਆਸੀ ਬਦਲਖ਼ੋਰੀ ਦਾ ਕੰਮ ਕਰ ਰਹੀ ਹੈ।

## ਕੋਰੋਨਾ ਤੋਂ ਬਚੇ ਹੋਏ ਵਿਅਕਤੀ ਨੂੰ ਤਿੰਨ ਮਹੀਨੇ ਬਾਅਦ ਬੀਮਾ ਪਾਲਿਸੀ ਮਿਲੇਗੀ

ਚੇਨਈ, 20 ਜਨਵਰੀ (ਪੋਸਟ ਬਿਊਰੋ)- ਜੇ ਤੁਸੀਂ ਕੋਰੋਨਾ ਤੋਂ ਠੀਕ ਹੋ ਗਏ ਅਤੇ ਜੀਵਨ ਬੀਮਾ ਪਾਲਿਸੀ ਲੈਣਾ ਚਾਹੁੰਦੇ ਹੋ ਤਾਂ ਤੁਹਾਨੂੰ ਘੱਟ ਤੋਂ ਘੱਟ ਤਿੰਨ ਮਹੀਨੇ ਇੰਤਜ਼ਾਰ ਕਰਨਾ ਹੋਵੇਗਾ। ਕੋਰੋਨਾ ਦੀ ਪਹਿਲੀ ਲਹਿਰ ਦੇ ਬਾਅਦ ਭਾਰਤ ਦੀਆਂ ਕੁਝ ਬੀਮਾ ਕੰਪਨੀਆਂ ਨੇ ਏਦਾਂ ਦਾ ਨਿਯਮ ਬਣਾਇਆ ਸੀ, ਪਰ ਦੂਸਰੀ ਲਹਿਰ ਦੇ ਬਾਅਦ ਹੋਰ ਕੰਪਨੀਆਂ ਵੀ ਇਸੇ ਰਸਤੇਚੱਲ ਰਹੀਆਂ ਹਨ। ਇਸੇ ਤਰ੍ਹਾਂ ਦੀ ਸਥਿਤੀ ਟਰਮ ਪਲਾਨ ਦੇ ਮਾਮਲੇ ਵਿੱਚ ਹੈ। ਵੱਡਾ ਸਵਾਲ ਇਹ ਹੈ ਕਿ ਇਸ ਉਡੀਕ ਦੀ ਮਿਆਦ ਕੀ ਹੈ। ਆਮ ਤੌਰ ਉੱਤੇ ਬੀਮਾ ਪਾਲਿਸੀ ਵਿੱਚ ਉਡੀਕ ਦੀ ਮਿਆਦ ਦਾ ਮਤਲਬ ਇਹ ਹੁੰਦਾ ਹੈ, ਜਿਸ ਦੇ ਲਈ ਕੰਪਨੀ ਰਿਸਕ ਕਵਰ ਪ੍ਰਦਾਨ ਨਹੀਂ ਕਰਦੀ। ਮਿਸਾਲ ਦੇ ਲਈ ਕੋਰੋਨਾ ਰੱਖਿਅਕ ਪਾਲਿਸੀ ਵਿੱਚ ਉਡੀਕ ਦੀ ਮਿਆਦ 15 ਦਿਨ ਹੈ। ਐਚ ਡੀ ਐਫ ਸੀ ਲਾਈਫ ਇੰਸ਼ੋਰੈਂਸ ਕੰਪਨੀ ਲਿਮਟਿਡ ਦੇ




ਇੱਕ ਏਜੰਟ ਮੁਤਾਬਕ ਜੇ ਕੋਰੋਨਾ ਤੋਂ ਠੀਕ ਹੋਣ ਵਾਲਾ ਕੋਈ ਵਿਅਕਤੀ ਜੀਵਨ ਬੀਮਾ ਪਾਲਿਸੀ ਖਰੀਦਣਾ ਚਾਹੇ ਤਾਂ ਉਨ੍ਹਾਂ ਲਈ ਉਡੀਕ ਦੀ ਮਿਆਦ ਤਿੰਨ ਮਹੀਨੇ ਹੋਵੇਗੀ। ਇਹ ਮਿਆਦ ਕੋਰੋਨਾ ਤੋਂ ਠੀਕ ਹੋਣ ਵਾਲੇ ਅਜਿਹੇ ਸਾਰੇ ਲੋਕਾਂ ਉੱਤੇ ਲਾਗੂ ਹੋਵੇਗੀ, ਜੋ ਹਸਪਤਾਲ ਵਿੱਚ ਰਹੇ ਹੋਣ ਜਾਂ ਇੱਕ ਮਹੀਨੇ ਤਕ ਆਪਣੇ ਘਰ ਇਕਾਂਤਵਾਸ ਰਹੇ ਹੋਣ। ਉਡੀਕ ਦੀ ਮਿਆਦ ਉਸ ਦਿਨ ਤੋਂ ਗਿਣੀ ਜਾਏਗੀ, ਜਦੋਂ ਪਾਲਿਸੀ ਖਰੀਦਾਰ ਦੀ ਕੋਰੋਨਾ ਰਿਪੋਰਟ ਨੈਗੇਟਿਵ ਆਏਗੀ।

## ਪੰਜਾਬ ਕਾਂਗਰਸ ਦੀ ਆਡੀਓ ਵਾਇਰਲ: ਇੱਕ ਮੰਤਰੀ ਨੇ ਲੋਕਾਂ ਨੂੰ ਖਜ਼ਾਨਾ ਮੰਤਰੀ ‘ਮਨਪ੍ਰੀਤ ਬਾਦਲ ਦੀ ਮੰਜੀ ਠੋਕੋ’ ਕਹਿ ਕੇ ਉਕਸਾਇਆ

ਚੰਡੀਗੜ੍ਹ, 20 ਜਨਵਰੀ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਵਿੱਚ ਚੱਲਦੇ ਕਲੇਸ਼ ਵਿਚਾਲੇ ਇੱਕ ਵਾਇਰਲ ਆਡੀਓ ਨੇ ਵੀ ਹਲਚਲ ਮਚਾ ਦਿੱਤੀ ਹੈ। ਇਹ ਆਡੀਓ ਪੰਜਾਬ ਸਰਕਾਰ ਦੇ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਤੇ ਅਧਿਆਪਕ ਯੂਨੀਅਨ ਦੇ ਆਗੂ ਵਿਚਾਲੇ ਕਾਲ ਰਿਕਾਰਡਿੰਗ ਦੀ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਆਡੀਓ ਵਿੱਚ ਤਨਖਾਹਾਂ ਦੇ ਵਾਧੇ ਦਾ ਫੈਸਲਾ ਲਾਗੂ ਨਾ ਹੋਣਬਾਰੇ ਸੁਣਨ ਪਿੱਛੋਂ ਮੰਤਰੀ ਭਾਰਤ ਭੂਸ਼ਣ ਆਸ਼ੂ ਕਹਿ ਰਹੇ ਹਨ ਕਿ ‘ਮਨਪ੍ਰੀਤ ਸਾਡੀ ਬਦਨਾਮੀ ਕਰਵਾ ਰਿਹਾ ਹੈ।’ਖਬਰ ਦੇਣ ਵਾਲੇ ਚੈਨਲ ਨੇ ਇਸ ਆਡੀਓ ਦੀ ਪੁਸ਼ਟੀ ਨਹੀਂ ਕੀਤੀ। ਇਸ ਵਿੱਚ ਕੱਚੇ ਅਧਿਆਪਕ ਯੂਨੀਅਨ ਦੇ ਨਿਸ਼ਾਂਤ ਨੇ ਪੰਜਾਬ ਸਰਕਾਰ ਦੇ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ



ਆਸ਼ੂ ਨੂੰ ਫ਼ੋਨ ਕਰ ਕੇ ਕਿਹਾ ਕਿ ਤੁਸੀਂ ਵਿੱਤ ਮੰਤਰੀ ਨੂੰ ਤਨਖਾਹ ਵਧਾਉਣ ਦੀ ਅਪੀਲ ਕੀਤੀ ਸੀ, ਜਿਸ ਵਿੱਚ ਤਨਖਾਹ ਵਿੱਚ 6600 ਰੁਪਏ ਵਾਧਾ ਕਰਨਾ ਸੀ। ਅੱਗੋਂਆਸ਼ੂ ਨੇ ਇਸ ਦੀ ਹਾਮੀ ਭਰੀ ਅਤੇ ਕਿਹਾ ਕਿ ਮੈਂ ਵਿੱਤ ਮੰਤਰੀ ਨੂੰ ਫਿਰ ਕਹਿੰਦਾ ਹਾਂ। ਇਸ ਪਿੱਛੋਂਆਸ਼ੂ ਨੇ ਕਿਹਾ ਕਿ ਉਹ ਸਾਡੀ ਬਦਨਾਮੀ ਕਰਵਾਉਣ ਉੱਤੇ ਤੁਲੇ ਹੋਏ ਹਨ, ਮੈਂ ਇਸ ਨੂੰ ਫਿਰ ਕਹਿੰਦਾ ਹਾਂ। ਯੂਨੀਅਨ ਦੇ ਨੁਮਾਇੰਦੇ ਨੇ ਕਿਹਾ ਕਿ ਅਸੀਂ ਸ਼ੁਰੂ ਤੋਂ ਕਾਂਗਰਸ ਨੂੰ ਵੋਟ ਦਿੰਦੇ ਹਾਂ, ਪਰ ਅੱਗੋਂ ਜੇ ਕੋਈ ਕਾਂਗਰਸ ਦੀ ਮੰਜੀ ਠੋਕੇਗਾ ਤਾਂ ਮਨਪ੍ਰੀਤ ਠੋਕਣਗੇ। ਇਸ ਉੱਤੇਆਸ਼ੂ ਨੇ ਕਿਹਾ ਕਿ ‘ਮਨਪ੍ਰੀਤ ਦੀ ਮੰਜੀ ਠੋਕੋ, ਕਾਂਗਰਸ ਦੀ ਕਿਉਂ ਠੋਕਦੇ ਹੋ। ਮੇਰੇ ਵਰਗੇ 6 ਫੋਨ ਕਰਦੇ ਹੋਣਗੇ ਮਨਪ੍ਰੀਤ ਨੂੰ।’ਆਸ਼ੂ ਨੇ ਕਿਹਾ ਕਿ ਉਹ ਮਨਪ੍ਰੀਤ ਨਾਲ ਸਖ਼ਤੀ ਨਾਲ ਗੱਲ ਕਰਨਗੇ ਅਤੇ ਚੰਨੀ (ਚਰਨਜੀਤ ਚੰਨੀ) ਨੂੰ ਕਹਿਣਗੇ।

ਮਨਪ੍ਰੀਤ ਸਿੰਘ ਬਾਦਲ ਪੰਜਾਬ ਸਰਕਾਰ ਦੇਵਿੱਤ ਮੰਤਰੀ ਹਨ। ਇਸ ਤੋਂ ਪਹਿਲਾਂ ਉਹ ਅਕਾਲੀ ਸਰਕਾਰ ਦੌਰਾਨ ਵੀ ਵਿੱਤ ਮੰਤਰੀ ਸਨ।ਕਾਂਗਰਸ ਸਰਕਾਰ ਬਣਨ ਪਿੱਛੋਂ ਉਨ੍ਹਾਂ ਨੂੰ ਫਿਰਵਿੱਤ ਮੰਤਰਾਲਾ ਦੇਦਿ-ਤਾ ਗਿਆ। ਜਦੋਂ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਹਟਾ ਦਿੱਤਾ ਗਿਆ ਤਾਂ ਮਨਪ੍ਰੀਤ ਸਿੰਘ ਬਾਦਲ ਨੂੰ ਮੁੜ ਕੇਵਿੱਤ ਮੰਤਰੀ ਬਣਾ ਦਿੱਤਾ ਗਿਆ ਸੀ। ਇਸ ਦੌਰਾਨ ਉਨ੍ਹਾਂ ਦੇ ਖਜ਼ਾਨਾ ਖਾਲੀ ਹੋਣ ਦੀ ਗੱਲਬਾਰੇ ਕਾਫੀ ਚਰਚਾ ਹੋਈ ਸੀ।

# ਸੁਪਰੀਮ ਕੋਰਟ ਨੇ ਰਿਜ਼ਰਵੇਸ਼ਨ ਨੂੰ ਸਮਾਜਿਕ ਨਿਆਂ ਦੇ ਲਈ ਜ਼ਰੂਰੀ ਕਿਹਾ

ਨਵੀਂ ਦਿੱਲੀ, 20 ਜਨਵਰੀ, (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਵੱਲੋਂਰਾਖਵੇਂਕਰਨ ਦੇ ਮੁੱਦੇ ਦਾ ਇਤਿਹਾਸਕ ਫੈਸਲਾ ਆਇਆ ਹੈ।ਕੋਰਟ ਨੇ ਕਿਹਾ ਹੈ ਕਿ ਰਾਖਵਾਂਕਰਨ ਅਤੇ ਯੋਗਤਾ ਇੱਕ ਦੂਸਰੇ ਦੇ ਵਿਰੋਧੀ ਨਹੀਂ, ਸਮਾਜਿਕ ਨਿਆਂ ਲਈ ਰਾਖਵਾਂਕਰਨ ਜ਼ਰੂਰੀ ਹੈ। ਸੁਪਰੀਮ ਕੋਰਟ ਨੇ ਮੈਡੀਕਲ ਕਾਲਜਾਂ ਵਿੱਚ ਐਮਬੀਬੀਐਸ, ਬੀਡੀ ਐਸ ਅਤੇ ਸਾਰੇ ਪੋਸਟ ਗ੍ਰੈਜੂਏਟ ਕੋਰਸਾਂ ਵਿੱਚ 27 ਫੀਸਦ ਓਬੀਸੀ (ਹੋਰ ਪਛੜੀਆਂ ਸ਼੍ਰੇਣੀਆਂ) ਲਈ ਰਾਖਵੇਂਕਰਨ ਦੇਣਨੂੰ ਸੰਵਿਧਾਨਕ ਤੌਰ ਉੱਤੇਕਾਇਮ ਰੱਖਿਆ ਹੈ। ਉਂਜ ਅਦਾਲਤ ਨੇ



ਇਹ ਹੁਕਮ ਪਹਿਲਾਂ ਵੀ ਦਿੱਤੇ ਸਨ, ਪਰ ਅੱਜਉਸ ਨੇ ਵਿਸਥਾਰਤ ਫੈਸਲਾ ਜਾਰੀ ਕੀਤਾ, ਜਿਸਵਿੱਚ ਸਮਾਜਿਕ ਨਿਆਂ ਬਾਰੇ ਸਭ ਤੋਂ ਅਹਿਮ ਗੱਲ ਕਹੀ ਹੈ।

ਸੁਪਰੀਮ ਕੋਰਟ ਦੇ ਅੱਜ ਦੇ ਫੈਸਲੇ ਤੋਂ ਪਹਿਲਾਂ ਵਿਸ਼ੇਸ਼ ਕੋਰਸਾਂ ਵਿੱਚ ਰਿਜ਼ਰਵੇਸ਼ਨ ਦਾ ਆਮ ਤੌਰ ਉੱਤੇ ਵਿਰੋਧ ਕੀਤਾ ਜਾਂਦਾ ਤੇ ਇਹ ਕਿਹਾ ਜਾਂਦਾ ਰਿਹਾ ਹੈ ਕਿ ਇਸ ਤਰ੍ਹਾਂ ਦੇ ਕੋਰਸਾਂ ਵਿੱਚ ਕੋਈ ਰਾਖਵਾਂਕਰਨ ਨਹੀਂ ਹੋਣਾ ਚਾਹੀਦਾ ਤੇ ਰਾਖਵਾਂਕਰਨ ਨਾਲ ਯੋਗਤਾ ਪ੍ਰਭਾਵਿਤ ਹੁੰਦੀ ਹੈ।ਅੱਜ ਸੁਪਰੀਮ ਕੋਰਟ ਨੇ ਇਸ ਬਾਰੇ ਕਿਹਾ ਕਿ ਯੋਗਤਾ ਤੇ ਰਾਖਵਾਂਕਰਨ ਇੱਕਦੂਸਰੇ ਦੇ ਵਿਰੋਧੀ ਨਹੀਂ, ਸਮਾਜਿਕ ਨਿਆਂ ਲਈ ਰਾਖਵਾਂਕਰਨ ਜ਼ਰੂਰੀ ਹੈ।ਕੋਰਟ ਨੇ ਕਿਹਾ ਕਿ ਜਿੱਥੇ ਮੁਕਾਬਲੇ ਜਾਂ ਟੈੱਸਟ ਨਾਲ ਦਾਖਲਾ ਹੁੰਦਾ ਹੈ, ਉਸ ਵਿੱਚ ਸਮਾਜਿਕ ਤੇ ਆਰਥਿਕ ਪਛੜਿਆ ਨਹੀਂ ਦੇਖਿਆ ਜਾਂਦਾ। ਕੁਝ ਲੋਕ ਆਰਥਿਕ ਤੇ ਸਮਾਜਿਕ ਤੌਰ ਉੱਤੇ ਅੱਗੇ ਹਨ, ਟੈੱਸਟ ਵਿੱਚ ਇਹ ਚੀਜ਼ ਨਹੀਂ ਦਿੱਸਦੀ।

ਏਦਾਂ ਦੇ ਇੱਕ ਹੋਰ ਕੇਸਵਿੱਚ ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਮਹਾਰਾਸ਼ਟਰ ਸਰਕਾਰ ਨੂੰ ਹੁਕ-ਮਦਿੱਤਾ ਕਿ ਉਹ ਹੋਰ ਪੱਛੜੀਆਂ ਸ਼੍ਰੇਣੀਆਂ (ਓ ਬੀ ਸੀ) ਨਾਲ ਸਬੰਧਤ ਅੰਕੜੇ ਹੋਰ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਨੂੰ ਪੇਸ਼ ਕਰੇ ਤਾਂ ਜੋ ਉਨ੍ਹਾਂ ਦੀ ਪੁਸ਼ਟੀ ਕੀਤੀ ਜਾਵੇ ਤੇ ਲੋਕਲ ਬਾਡੀਜ਼ ਚੋਣਾਂ ਵਿੱਚ ਉਨ੍ਹਾਂ ਦੀ ਨੁਮਾਇੰਦਗੀ ਦੀ ਸਿਫ਼ਾਰਸ਼ ਕੀਤੀ ਜਾ ਸਕੇ।ਸੁਪਰੀਮ ਕੋਰਟ ਨੇ ਰਾਜ ਦੇ ਪਛੜੀਆਂ ਸ਼੍ਰੇਣੀਆਂ ਬਾਰੇ ਕਮਿ-ਸ਼ਨ (ਐਸਬੀਸੀ ਸੀ) ਨੂੰ ਰਾਜ ਸਰਕਾਰ ਤੋਂ ਸੂਚਨਾ ਮਿਲਣ ਦੇ ਦੋ ਹਫ਼ਤਿਆਂ ਵਿੱਚ ਸਬੰਧਤ ਅਧਿਕਾਰੀਆਂ ਨੂੰ ਆਪਣੀ ਅੰਤਰਿਮ ਰਿਪੋਰਟ ਸੌਂਪਣ ਦਾ ਨਿਰਦੇਸ਼ ਦਿੱਤਾ ਹੈ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also



Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਸੰਪਾਦਕੀ

## ਕੀ 'ਰੋਸ ਪ੍ਰਦਰਸ਼ਨ' ਦੀ ਕੋਈ ਸੀਮਾ ਹੈ!

ਬੀਤੇ ਦਿਨੀਂ ਵਿੱਚ ਅਸੰਤੋਸ਼ ਵਿੱਚ ਭਰੇ ਵੈਕਸੀਨ ਜਾਂ ਪਬਲਿਕ ਦੀ ਸਿਹਤ ਨੂੰ ਮਹਿਫੂਜ਼ ਰੱਖਣ ਲਈ ਬਣਾਈਆਂ ਪਾਲਸੀਆਂ ਦਾ ਵਿਰੋਧ ਕਰਨ ਵਾਲਿਆਂ ਦੁਆਰਾ ਸਿਆਸਤਦਾਨਾਂ ਜਾਂ ਸਿਹਤ ਕਰਮਚਾਰੀਆਂ ਦੇ ਮਕਾਨਾਂ ਸਾਹਮਣੇ ਜਾ ਕੇ ਰੋਸ ਪ੍ਰਦਰਸ਼ਨ ਕਰਨ ਦੀਆਂ ਅਨੇਕਾਂ ਵਾਰਦਾਤਾਂ ਸਾਹਮਣੇ ਆਈਆਂ ਹਨ। ਉਂਟੇਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੇ ਘਰ ਸਾਹਮਣੇ ਕ੍ਰਿਸਮਸ ਤੋਂ ਪਹਿਲਾਂ ਮੁਜ਼ਾਹਰਾਕਾਰੀਆਂ ਨੇ ਉਹਨਾਂ ਦੇ ਪਰਿਵਾਰ ਦੇ ਜੀਆਂ ਨੂੰ ਬਾਹਰ ਨਹੀਂ ਸੀ ਨਿਕਲਣ ਦਿੱਤਾ ਅਤੇ ਆਂਢ ਗੁਆਂਢ ਵਿੱਚ ਵੱਸਦੇ ਲੋਕਾਂ ਲਈ ਪਰੇਸ਼ਾਨੀ ਪੈਦਾ ਕੀਤੀ ਸੀ। ਸਿਹਤ ਮੰਤਰੀ ਕ੍ਰਿਸਟੀਨ ਈਲੀਅਟ ਅਤੇ ਸਿੱਖਿਆ ਮੰਤਰੀ ਸਟੀਫ਼ਨ ਲੇਚੇ (Stephen Lecce) ਨੂੰ ਕਈ ਵਾਰ ਅਜਿਹੇ ਗਰੁੱਪਾਂ ਨੇ ਉਹਨਾਂ ਦੇ ਘਰਾਂ ਵਿੱਚ ਜਾ ਕੇ ਘੇਰਿਆ ਹੈ। ਅਲਬਰਟਾ ਵਿੱਚ ਕੈਲਗਰੀ ਦੀ ਮੇਅਰ ਜਿਯੋਤੀ ਗੋਂਡੇਕ, ਕਈ ਸਿਟੀ ਕਾਉਂਸਲਰਾਂ ਤੋਂ ਲੈ ਕੇ ਐਮ ਐਲ ਏ ਅਤੇ ਮੰਤਰੀਆਂ ਦੇ ਘਰਾਂ ਸਾਹਮਣੇ ਵੈਕਸੀਨ ਅਤੇ ਲੌਕਡਾਊਨ ਆਦਿ ਦਾ ਵਿਰੋਧ ਕਰਨ ਵਾਲਿਆਂ ਨੇ ਵੱਡੇ ਪੱਧਰ ਉੱਤੇ ਰੋਸ ਮੁਜ਼ਾਹਰੇ ਕੀਤੇ ਹਨ। ਪਿਛਲੀਆਂ ਚੋਣਾਂ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਨੇਕਾਂ ਥਾਵਾਂ ਉੱਤੇ ਰੋਸ ਮੁਜ਼ਾਹਰਿਆਂ ਦਾ ਸਾਹਮਣਾ ਕਰਨਾ ਪਿਆ ਸੀ।

ਕਿਸੇ ਹੱਦ ਤੱਕ ਮੰਨਿਆ ਜਾ ਸਕਦਾ ਹੈ ਕਿ ਸਿਆਸਤਦਾਨਾਂ ਬਾਰੇ ਪਬਲਿਕ ਵਿੱਚ ਅਲੱਗ ਕਿਸਮ ਦੀ ਧਾਰਨਾ ਬਣੀ ਹੁੰਦੀ ਹੈ ਪਰ ਸਿਹਤ ਕਰਮੀਆਂ ਨੂੰ ਆਪਣੇ ਗੁੱਸੇ ਦਾ ਸ਼ਿਕਾਰ ਬਣਾਉਣਾ ਸਰਾਸਰ ਗਲਤ ਹੈ। ਟੋਰਾਂਟੋ, ਸੇਂਟ ਕੈਥਰੀਨ ਅਤੇ ਹੋਰ ਥਾਵਾਂ ਉੱਤੇ ਸਿਹਤ ਅਧਿਕਾਰੀਆਂ ਨੂੰ ਇਸ ਲਈ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਐਂਟੀ ਵੈਕਸੀਨ ਮੁਜ਼ਾਹਰਾਕਾਰੀ ਉਹਨਾਂ ਤੋਂ ਖੁਸ਼ ਨਹੀਂ ਹਨ।

ਆਪਣੇ ਰੁਜ਼ਗਾਰਦਾਤਾਵਾਂ ਵਿਰੁੱਧ ਆਵਾਜ਼ ਚੁੱਕਣ ਦੇ ਇਰਾਦੇ ਨਾਲ ਪਿਛਲੇ ਦਿਨੀਂ ਅੰਤਰਰਾਸ਼ਟਰੀ ਵਿੱਦਿਆਰਥੀਆਂ ਵੱਲੋਂ ਬਰੈਂਪਟਨ ਵਿੱਚ ਕਈ ਪਰਿਵਾਰਾਂ ਦੇ ਮਕਾਨਾਂ ਸਾਹਮਣੇ ਜਾ ਕੇ ਮੁਜ਼ਾਹਰੇ ਕੀਤੇ ਗਏ। ਇਹਨਾਂ ਮੁਜ਼ਾਹਰਿਆਂ ਦੀਆਂ ਖਬ਼ਰਾਂ ਤੋਂ ਜ਼ਿਆਦਾ ਕਰਕੇ ਪੰਜਾਬੀ ਭਾਈਚਾਰੇ ਦੇ ਲੋਕ ਜਾਣੂੰ ਹਨ। ਇਹਨਾਂ ਮੁਜ਼ਾਹਰਿਆਂ ਦੇ ਹੱਕ ਜਾਂ ਵਿਰੋਧ ਵਿੱਚ ਲੋਕਾਂ ਦੇ ਆਪੋ ਆਪਣੇ ਖਿਆਲ ਹੋ ਸਕਦੇ ਹਨ ਪਰ ਇਹ ਸੁਆਲ ਜਰੂਰ ਧਿਆਨ ਖਿੱਚਦਾ ਹੈ ਕਿ ਅਸੀਂ ਇੱਕ ਸੰਯੁਕਤ ਸਮਾਜ ਵਜੋਂ ਕਿਸ ਦਿਸ਼ਾ ਵੱਲ ਜਾ ਰਹੇ ਹਾਂ। ਜੋ ਨੌਜਵਾਨ ਮੁਜ਼ਾਹਰੇ ਕਰਦੇ ਹਨ, ਉਹ ਵੀ ਆਪਣੇ ਹੀ ਸਮਾਜ ਦੇ ਧੀ ਪੁੱਤਰ ਹਨ ਅਤੇ ਜਿਹਨਾਂ ਦੇ ਮਕਾਨਾਂ ਸਾਹਮਣੇ ਮੁਜ਼ਾਹਰੇ ਕੀਤੇ ਜਾਂਦੇ ਹਨ, ਉਹਨਾਂ ਦੇ ਧੀ ਪੁੱਤਰ ਵੀ ਆਪਣੇ ਹੀ ਸਮਾਜ ਦਾ ਹਿੱਸਾ ਹਨ। ਕਮਿਉਨਿਟੀ ਦੇ ਕਈ ਲੋਕਾਂ ਸਮੇਤ ਮੁੱਖ ਧਾਰਾ ਦੇ ਮੀਡੀਆ ਵੱਲੋਂ ਇਹਨਾਂ ਮੁਜ਼ਾਹਰਿਆਂ ਨੂੰ ਕਿਸੇ ਹੱਦ ਤੱਕ ਪੰਜਾਬੀ ਭਾਈਚਾਰੇ ਦਾ ਅੰਦਰੂਨੀ ਮਮਲਾ ਗਰਦਾਨਣ ਦੀ ਕੋਸ਼ਿਸ਼ ਕੀਤੀ ਗਈ। ਕਈਆਂ ਨੇ ਇਹਨਾਂ ਮੁਜ਼ਾਹਰਿਆਂ ਨੂੰ ਸਮਾਜ ਦੇ ਵਿਘਟਨ ਦੀ ਨਿਸ਼ਾਨੀ ਆਖ ਕੇ ਵਿਗੜੇ ਵਕਤਾਂ ਦੇ ਆਉਣ ਦੀ ਗੱਲ ਕੀਤੀ। ਕਈਆਂ ਨੇ ਇਹਨਾਂ ਮੁਜ਼ਾਹਰਿਆਂ ਨੂੰ ਮਹਿਜ਼ ਮਨੋਰੰਜਨ ਦਾ ਸਾਧਨ ਸਮਝਿਆ।

ਮਨੁੱਖ ਨੂੰ ਆਪਣੇ ਹੱਕਾਂ ਬਾਬਤ ਆਵਾਜ਼ ਚੁੱਕਣ ਦਾ ਹੱਕ ਹਰ ਸੱਭਿਅਕ ਸਮਾਜ ਦਾ ਅਨਿੱਖੜਵਾਂ ਅੰਗ ਹੁੰਦਾ ਹੈ। ਜਿੱਥੇ ਰੋਸ ਦੀ ਆਵਾਜ਼ ਬੰਦ ਕਰ ਦਿੱਤੀ ਜਾਂਦੀ ਹੈ, ਉਥੇ ਤਾਨਾਸ਼ਾਹੀ ਨੂੰ ਜਨਮ ਮਿਲਦਾ ਹੈ। ਰੋਸ ਕਰਨਾ ਕਿਸੇ ਲੋਕਤੰਤਰ ਦਾ ਅਨਮੋਲ ਗਹਿਣਾ ਹੁੰਦਾ ਹੈ। ਜਿਹਨਾਂ ਮੁਲਕਾਂ ਵਿੱਚ ਰੋਸ ਕਰਨ ਦੀ ਆਗਿਆ ਨਹੀਂ ਹੁੰਦੀ, ਉੱਥੇ ਮਨੁੱਖਾਂ ਦੇ ਬੁਨਿਆਦੀ ਅਧਿਕਾਰਾਂ ਦਾ ਘਾਣ ਕੀਤੇ ਜਾਣ ਦੀਆਂ ਅਨੇਕਾਂ ਮਿਸਾਲਾਂ ਮਿਲ ਜਾਣਗੀਆਂ। ਜਿੱਥੇ ਤੱਕ ਕੈਨੇਡਾ ਦੀ ਗੱਲ ਹੈ, ਅਮਨ ਸ਼ਾਂਤੀ ਨਾਲ ਰੋਸ ਕਰਨ ਦਾ ਹੱਕ ਕੈਨੇਡਾ ਦੇ ਅਧਿਕਾਰਾਂ ਅਤੇ ਖੁੱਲ ਦੇ ਚਾਰਟਰ ਵਿੱਚ ਵੀ ਦਰਜ਼ ਹੈ ਪਰ ਰੋਸ ਕੀਤੇ ਜਾਣ ਦੀ ਸੀਮਾ ਹੋਣੀ ਚਾਹੀਦੀ ਹੈ। ਰੋਸ ਦਾ ਭਾਵ ਜਿਸ ਵਿਅਕਤੀ ਜਾਂ ਸੰਸਥਾ ਵਿਰੁੱਧ ਰੋਸ ਕਰਨਾ ਹੈ, ਉਸਦੇ ਪਰਿਵਾਰ ਜਾਂ ਆਲੇ ਦੁਆਲੇ ਵੱਸਦੇ ਲੋਕਾਂ ਦੀ ਹੱਤਕ ਜਾਂ ਬੇਲੜੀ ਪਰੇਸ਼ਾਨੀ ਕਰਨਾ ਨਹੀਂ ਹੋਣਾ ਚਾਹੀਦਾ।

ਇਹ ਵੀ ਲੋਕਤੰਤਰ ਦੀ ਖੂਬੀ ਹੈ ਕਿ ਹਰ ਕਿਸੇ ਨੂੰ ਖੁੱਲ ਹੈ ਕਿ ਉਹ ਕਿਸੇ ਸਿਹਤ ਕਰਮਚਾਰੀ ਜਾਂ ਸਿਆ-ਸਤਦਾਨ ਨਾਲ ਮੱਤਭੇਦ ਖੁੱਲ ਕੇ ਨਸ਼ਰ ਕਰ ਸਕੇ। ਵੈਸੇ ਵੀ ਸਿਆਸਤਦਾਨ, ਸਿਹਤ ਕਰਮਚਾਹੀ ਜਾਂ ਵਿਉਪਾਰੀ ਨਿੱਜੀ ਪੱਧਰ ਉੱਤੇ ਚੰਗੇ ਜਾਂ ਮਾੜੇ ਹੋ ਸਕਦੇ ਹਨ ਪਰ ਬਾਕੀ ਕੈਨੇਡੀਅਨਾਂ ਵਾਂਗੂੰ ਇਹ ਸਾਰੇ ਵੀ ਬੁਨਿਆਦੀ ਸੁਰੱਖਿਆ ਅਤੇ ਪਰਿਵਾਰਕ ਸਨਮਾਨ ਦੇ ਹੱਕਦਾਰ ਹਨ। ਇਹਨਾਂ ਦੇ ਬੱਚੇ, ਪਰਿਵਾਰ ਦੇ ਜੀਅ ਅਤੇ ਗੁਆਂਢੀ ਵੀ ਹੋਰਾਂ ਵਾਗੂੰ ਬਿਨਾ ਕਿਸੇ ਖਲਬਲੀ ਤੋਂ ਜੀਵਨ ਜਿਉਣ ਦੇ ਹੱਕਦਾਰ ਹਨ। ਜਿਵੇਂ ਕਿਸੇ ਮੁਲਜ਼ਮ ਦੇ ਹੱਕ ਮਾਰਨਾ ਗੁਨਾਹ ਹੈ, ਉਵੇਂ ਹੀ ਕਿਸੇ ਨਿਰਦੋਸ਼ ਨੂੰ ਕਿਸੇ ਹੋਰ ਦੇ ਦੋਸ਼ ਦਾ ਭਾਗੀ ਬਣਾਉਣਾ ਗੁਨਾਹ ਹੈ।

## ਬਰੈਂਪਟਨ, ਮਿਸੀਸਾਗਾ ਅਤੇ ਪੀਲ ਵਿੱਚ ਪਬਲਿਕ ਟਰਾਂਜ਼ਿਟ ਨੂੰ ਹੁਲਾਰਾ ਦੇਣ ਲਈ ਓਨਟਾਰੀਓ ਮੁਹੱਈਆ ਕਰਾਵੇਗਾ ਆਰਥਿਕ ਮਦਦ

...ਪੰਨਾ 1 ਦਾ ਬਾਕੀ

ਇਸ ਨਾਲ ਸਾਡੀ ਕਮਿਊਨਿਟੀ ਨੂੰ ਕਾਫੀ ਫਾਇਦਾ ਹੋਵੇਗਾ। ਇਸ ਨਾਲ ਮਿਊਂਸਪੈਲਿਟੀਜ਼ ਲੋਕਲ ਪਬਲਿਕ ਟਰਾਂਜ਼ਿਟ ਸਿਸਟਮਜ਼ ਦੀ ਮਦਦ ਕਰ ਸਕਣਗੀਆਂ ਤੇ ਰਾਈਡਰਸ਼ਿਪ ਵਿੱਚ ਵੀ ਵਾਧਾ ਹੋਵੇਗਾ।

ਪਿਛਲੇ ਸਾਲ ਦਰਾਨ ਪ੍ਰੋਵਿੰਸ ਵਿੱਚ ਕਿੰਨੇ ਲੀਟਰ ਗੈਸੋਲੀਨ ਵਿਕੀ ਇਸ ਉੱਤੇ ਗੈਸ ਟੈਕਸ ਪ੍ਰੋਗਰਾਮ ਲਈ ਫੰਡਿੰਗ ਨਿਰਭਰ ਕਰਦੀ ਹੈ। ਜਿਹੜੀਆਂ ਮਿਊਂਸਪੈਲਿਟੀਜ਼ ਆਪਣੀਆਂ ਕਮਿਊਨਿਟੀਜ਼ ਵਿੱਚ ਪਬਲਿਕ ਟਰਾਂਜ਼ਿਟ ਸਰਵਿਸਿਜ਼ ਦਾ ਸਮਰਥਨ ਕਰਦੀਆਂ ਹਨ ਉਨ੍ਹਾਂ ਨੂੰ ਪ੍ਰੋਵਿੰਸ਼ੀਅਲ ਗੈਸ ਟੈਕਸ ਆਮਦਨ ਦਾ ਦੋ ਸੈਂਟ ਪ੍ਰਤੀ ਲੀਟਰ ਪਿੱਛੇ ਹਿੱਸਾ ਮਿਲਦਾ ਹੈ। ਜਿਸ ਦੀ ਵਰਤੋਂ ਸਰਵਿਸ ਦੇ ਘੰਟੇ ਵਧਾਉਣ, ਟਰਾਂਜ਼ਿਟ ਗੱਡੀਆਂ ਖਰੀਦਣ, ਰੂਟ ਜੋੜਨ, ਪਹੁੰਚ ਵਿੱਚ ਸੁਧਾਰ ਕਰਨ ਜਾਂ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ ਕੀਤੀ ਜਾ ਸਕਦੀ ਹੈ।

ਕੋਵਿਡ-19 ਕਾਰਨ ਗੈਸ ਦੀ ਵਿੱਕਰੀ ਘਟਣ ਨਾਲ ਇਸ ਸਾਲ ਦੀ ਗੈਸ ਟੈਕਸ ਫੰਡਿੰਗ ਵਿੱਚ 120•4 ਮਿਲੀਅਨ ਡਾਲਰ ਦੀ ਵਾਧੂ ਫੰਡਿੰਗ ਸ਼ਾਮਲ ਕੀਤੀ ਗਈ ਹੈ ਤਾਂ ਕਿ ਮਿਊਂਸਪੈਲਿਟੀਜ਼ ਵੱਲੋਂ ਆਪਣੇ ਟਰਾਂਜ਼ਿਟ ਸਿਸਟਮਜ਼ ਦੀ ਮਦਦ ਕੀਤੀ ਜਾ ਸਕੇ। ਟਰਾਂਸਪੋਰਟੇਸ਼ਨ ਮੰਤਰੀ ਕੈਰੋਲੀਨ ਮਲਰੋਨੀ ਨੇ ਆਖਿਆ ਕਿ ਕੋਵਿਡ-19 ਮਹਾਂਮਾਰੀ ਦੌਰਾਨ ਅਸੀਂ ਵੇਖਿਆ ਹੈ ਕਿ ਫਰੰਟਲਾਈਨ ਵਰਕਰਜ਼ ਲਈ ਪਬਲਿਕ ਟਰਾਂਜ਼ਿਟ ਕਿੰਨੀ ਜ਼ਰੂਰੀ ਹੈ। ਇਸ ਤੋਂ ਇਲਾਵਾ ਇਨ੍ਹਾਂ ਸਰਵਿਸਿਜ਼ ਉੱਤੇ ਨਿਰਭਰ ਕਰਨ ਵਾਲੇ ਓਨਟਾਰੀਓ ਵਾਸੀਆਂ ਨੂੰ ਮੈਡੀਕਲ ਅਪੁਆਇੰਟਮੈਂਟਸ, ਗ੍ਰੌਸਰੀ ਸਟੋਰ ਤੇ ਹੋਰ ਅਹਿਮ ਲੋਕੇਸ਼ਨਾਂ ਉੱਤੇ ਜਾਣ ਲਈ ਓਨਟਾਰੀਓ ਵਾਸੀਆਂ ਨੂੰ ਇਨ੍ਹਾਂ ਸੇਵਾਵਾਂ ਦੀ ਕਿੰਨੀ ਲੋੜ ਹੈ ਅਸੀਂ ਇਹ ਵੀ ਸਮਝਦੇ ਹਾਂ।

## ਵਿਰੋਧੀਆਂ ਦੇ ਮੁਕਾਬਲੇ ਨੌਂ ਅੰਕਾਂ ਨਾਲ ਅੱਗੇ ਚੱਲ ਰਹੀ ਹੈ ਫੋਰਡ ਦੀ ਪੀਸੀ ਪਾਰਟੀ



ਓਨਟਾਰੀਓ, 20 ਜਨਵਰੀ (ਪੋਸਟ ਬਿਊਰੋ) : ਬਸੰਤ ਵਿੱਚ ਹੋਣ ਵਾਲੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਭਾਵੇਂ ਅਜੇ ਕਾਫੀ ਸਮਾਂ ਪਿਆ ਹੈ ਪਰ ਇੱਕ ਸਰਵੇਖਣ ਮੁਤਾਬਕ ਡੱਗ ਫੋਰਡ ਤੇ ਉਨ੍ਹਾਂ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੂੰ ਐਨਡੀਪੀ ਤੇ ਲਿਬਰਲਜ਼ ਤੋਂ ਲੀਡ ਹਾਸਲ ਹੁੰਦੀ ਨਜ਼ਰ ਆ ਰਹੀ ਹੈ।

ਐਬੇਕਸ ਡਾਟਾ ਪੋਲ ਵੱਲੋਂ ਓਨਟਾਰੀਓ ਭਰ ਵਿੱਚ ਕਰਵਾਏ ਗਏ ਸਰਵੇਖਣ ਵਿੱਚ 1210 ਬਾਲਗ ਵੋਟਰਾਂ ਨੇ ਹਿੱਸਾ ਲਿਆ। ਇਸ ਵਿੱਚ ਸਾਹਮਣੇ ਆਇਆ ਕਿ ਜੇ ਅੱਜ ਚੋਣਾਂ ਹੁੰਦੀਆਂ ਹਨ ਤਾਂ 37 ਫੀ ਸਦੀ ਵੋਟਰਾਂ ਵੱਲੋਂ ਪੀਸੀ ਪਾਰਟੀ ਨੂੰ ਹੀ ਸਰਕਾਰ ਬਣਾਉਣ ਲਈ ਮੁੜ ਚੁਣਿਆ ਜਾਵੇਗਾ। ਇਸ ਦੌਰਾਨ ਲਿਬਰਲਾਂ ਨੂੰ 28 ਫੀ ਸਦੀ ਤੇ ਐਨਡੀਪੀ ਨੂੰ 25 ਫੀ ਸਦੀ ਵੋਟਰਾਂ ਨੇ ਸਮਰਥਨ ਦੇਣ ਦੀ ਗੱਲ ਆਖੀ। 5 ਫੀ ਸਦੀ ਨੇ ਆਖਿਆ ਕਿ ਉਹ ਗ੍ਰੀਨ ਪਾਰਟੀ ਦਾ ਸਮਰਥਨ ਕਰਨਗੇ ਜਦਕਿ ਪੰਜ ਫੀ ਸਦੀ ਨੇ ਆਖਿਆ ਕਿ ਉਹ ਕਿਸੇ ਹਰ ਪਾਰਟੀ ਦਾ ਸਮਰਥਨ ਕਰਨਗੇ।

ਇਸ ਸਰਵੇਖਣ ਵਿੱਚ 29 ਫੀ ਸਦੀ ਓਨਟਾਰੀਅਨਜ਼ ਨੇ ਮੰਨਿਆ ਕਿ ਉਹ ਪ੍ਰੀਮੀਅਰ ਵਜੋਂ ਫੋਰਡ ਦੇ ਕੰਮ ਤੋਂ ਖੁਸ਼ ਹਨ।32 ਫੀ ਸਦੀ ਨੇ ਫੋਰਡ ਦੇ ਸਕਾਰਾਤਮਕ ਅਕਸ ਦੀ ਗੱਲ ਸਵੀਕਾਰੀ ਜਦਕਿ 46 ਫੀ ਸਦੀ ਨੇ ਫੋਰਡ ਦੇ ਨਕਾਰਾਤਮਕ ਪ੍ਰਭਾਵ ਜਦਕਿ 20 ਫੀ ਸਦੀ ਨੇ ਨਿਊਟਰਲ ਪ੍ਰਭਾਵ ਦੀ ਗੱਲ ਮੰਨੀ। ਇਸ ਦੌਰਾਨ ਪ੍ਰੋਵਿੰਸ਼ੀਅਲ ਐਨਡੀਪੀ ਆਗੂ ਐਂਡਰੀਆ ਹੋਰਵਥ ਦੇ ਸਕਾਰਾਤਮਕ ਪ੍ਰਭਾਵ ਦੀ 32 ਫੀ ਸਦੀ ਨੇ ਹਾਮੀ ਭਰੀ ਤੇ 30 ਫੀ ਸਦੀ ਨੇ ਆਖਿਆ ਕਿ ਉਨ੍ਹਾਂ ਦਾ ਪ੍ਰਭਾਵ ਨਕਾਰਾਤਮਕ ਹੈ।20 ਫੀ ਸਦੀ ਨੇ ਮੰਨਿਆਂ ਕਿ ਲਿਬਰਲ ਆਗੂ ਸਟੀਵਨ ਡੈਲ ਡੂਕਾ ਦਾ ਪ੍ਰਭਾਵ ਉਨ੍ਹਾਂ ਲਈ ਸਕਾਰਾਤਮਕ ਹੈ ਜਦਕਿ 26 ਫੀ ਸਦੀ ਨੇ ਉਨ੍ਹਾਂ ਦੇ ਪ੍ਰਭਾਵ ਨੂੰ ਨਕਾਰਾਤਮਕ ਆਖਿਆ।

ਫੋਰਡ ਸਰਕਾਰ ਲਈ ਮਾੜੀ ਖਬਰ ਇਹ ਹੈ ਕਿ ਜਦੋਂ ਕੋਵਿਡ-19 ਮਹਾਂਮਾਰੀ ਦੀ ਗੱਲ ਆਉਂਦੀ ਹੈ ਤਾਂ 50 ਫੀ ਸਦੀ ਵੋਟਰਾਂ ਦਾ ਕਹਿਣਾ ਹੈ ਕਿ ਟੋਰੀਜ਼ ਦੀ ਕਾਰਗੁਜ਼ਾਰੀ ਬਹੁਤ ਹੀ ਮਾੜੀ ਰਹੀ। ਕਿਫਾਇਤੀ ਘਰਾਂ ਦੇ ਮਾਮਲੇ ਵਿੱਚ 65 ਫੀ ਸਦੀ ਨੇ ਆਖਿਆ ਕਿ ਟੋਰੀਜ਼ ਦੀ ਕਾਰਗੁਜ਼ਾਰੀ ਬਹੁਤੀ ਵਧੀਆ ਨਹੀਂ ਸੀ ਤੇ ਆਮ ਲੋਕਾਂ ਵਿੱਚੋਂ 67 ਫੀ ਸਦੀ ਲਈ ਘਰਾਂ ਦੀ ਵੱਧ ਰਹੀ ਕੀਮਤ ਵਿੱਤੋਂ ਬਾਹਰ ਹੋ ਚੁੱਕੀ ਹੈ।

## ਘਾਤਕ ਹਿੱਟ ਐਂਡ ਰੰਨ ਲਈ ਜ਼ਿੰਮੇਵਾਰ ਪੰਜਾਬੀ ਮੂਲ ਦੇ ਵਿਅਕਤੀ ਖਿਲਾਫ ਵਾਰੰਟ ਜਾਰੀ



ਬਰੈਂਪਟਨ, 20 ਜਨਵਰੀ (ਪੋਸਟ ਬਿਊਰੋ) : ਪਿਛਲੇ ਸਾਲ ਘਾਤਕ ਹਿੱਟ ਐਂਡ ਰੰਨ ਮਾਮਲੇ ਵਿੱਚ ਪੀਲ ਪੁਲਿਸ ਵੱਲੋਂ ਪੰਜਾਬੀ ਮੂਲ ਦੇ 25 ਸਾਲਾਂ ਦੇ ਵਿਅਕਤੀ ਖਿਲਾਫ ਕੈਨੇਡਾ ਭਰ ਵਾਸਤੇ ਗ੍ਰਿਫਤਾਰੀ ਵਾਰੰਟ ਕੱਢਿਆ ਗਿਆ ਹੈ।

3 ਜੁਲਾਈ, 2021 ਨੂੰ ਸਵੇਰੇ 5:00 ਵਜੇ ਬਰੈਂਪਟਨ ਵਿੱਚ ਹੁਰੌਨਤਾਰੀਓ ਸਟਰੀਟ ਤੇ ਸੈਂਡਲਵੁੱਡ ਪਾਰਕਵੇਅ ਦੇ ਲਾਂਘੇ ਉੱਤੇ ਦੋ ਗੱਡੀਆਂ ਆਪਸ ਵਿੱਚ ਟਕਰਾ ਗਈਆਂ। ਇੱਕ ਗੱਡੀ ਦੇ ਡਰਾਈਵਰ, 59 ਸਾਲਾਂ ਦੇ ਬਰੈਂਪਟਨ ਦੇ ਵਿਅਕਤੀ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਪੁਲਿਸ ਨੇ ਆਖਿਆ ਕਿ ਦੂਜੀ ਗੱਡੀ ਦਾ ਡਰਾਈਵਰ ਮੌਕੇ ਉੱਤੇ ਰੁਕਿਆ ਹੀ ਨਹੀਂ ਸਗੋਂ ਉੱਥੋਂ ਫਰਾਰ ਹੋ ਗਿਆ। ਉਸ ਦੀ ਆਪਣੀ ਗੱਡੀ ਵਿੱਚ ਵੀ ਦੋ ਵਿਅਕਤੀ ਸਵਾਰ ਸਨ ਤੇ ਦੋਵੇਂ ਗੰਭੀਰ ਜ਼ਖ਼ਮੀ ਵੀ ਹੋਏ, ਪਰ ਗੱਡੀ ਚਲਾਉਣ ਵਾਲਾ ਉੱਥੋਂ ਫਰਾਰ ਹੋ ਗਿਆ।

ਮੌਕੇ ਤੋਂ ਫਰਾਰ ਹੋਣ ਵਾਲੇ ਡਰਾਈਵਰ ਨੂੰ ਆਖਿਰਕਾਰ ਗ੍ਰਿਫਤਾਰ ਕਰ ਲਿਆ ਗਿਆ, ਉਸ ਨੂੰ ਚਾਰਜ ਕੀਤਾ ਗਿਆ ਤੇ ਕੁੱਝ ਸ਼ਰਤਾਂ ਨਾਲ ਰਿਹਾਅ ਕਰ ਦਿੱਤਾ ਗਿਆ। ਪੁਲਿਸ ਨੇ ਹੁਣ ਦੱਸਿਆ ਕਿ ਉਸ ਨੇ ਇਨ੍ਹਾਂ ਸ਼ਰਤਾਂ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਹੁਣ ਉਸ ਦੇ ਥਹੁ ਟਿਕਾਣੇ ਦਾ ਕੋਈ ਪਤਾ ਨਹੀਂ ਲੱਗ ਰਿਹਾ।

ਬਰੈਂਪਟਨ ਦੇ ਕਮਲਜੀਤ ਸਿੰਘ ਉੱਤੇ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾ ਕੇ ਵਿਅਕਤੀ ਦੀ ਜਾਨ ਲੈਣ, ਮੌਤ ਦੀ ਵਜ੍ਹਾ ਬਣਨ ਵਾਲੇ ਹਾਦਸੇ ਤੋਂ ਬਾਅਦ ਮੌਕੇ ਉੱਤੇ ਨਾ ਰੁਕਣ, ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾ ਕੇ ਲੋਕਾਂ ਨੂੰ ਜ਼ਖ਼ਮੀ ਕਰਨ, ਲੋਕਾਂ ਨੂੰ ਸਰੀਰਕ ਨੁਕਸਾਨ ਪਹੁੰਚਾਉਣ ਤੋਂ ਬਾਅਦ ਮੌਕੇ ਉੱਤੇ ਨਾ ਰੁਕਣ ਵਰਗੇ ਚਾਰਜ ਲਾਏ ਗਏ।

## ਡੰਡਸ ਸਟਰੀਟ ਦੇ ਮੁੜ ਨਾਮਕਰਣ ਖਿਲਾਫ ਮਿਸੀਸਾਗਾ ਸਿਟੀ ਕਾਊਂਸਲ ਨੇ ਮਤਾ ਕੀਤਾ ਪਾਸ

ਟੋਰਾਂਟੋ 20 ਜਨਵਰੀ (ਪੋਸਟ ਬਿਊਰੋ) : ਮਿਸੀਸਾਗਾ ਸਿਟੀ ਕਾਉਂਸਲ ਵੱਲੋਂ ਸਰਬਸੰਮਤੀ ਨਾਲ ਡੰਡਸ ਸਟਰੀਟ ਦਾ ਮੁੜ ਨਾਮਕਰਣ ਕੀਤੇ ਜਾਣ ਖਿਲਾਫ ਮਤਾ ਪਾਸ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਹੈਨਰੀ ਡੰਡਸ, ਸਕੌਟਿਸ਼ ਮੰਤਰੀ ਸੀ ਜਿਸ ਦੀ ਮੌਤ 1811 ਵਿੱਚ ਹੋਈ ਸੀ। ਉਸ ਨੇ ਬ੍ਰਿਟਿਸ਼ ਰਾਜ ਦੀ ਗੁਲਾਮ ਪ੍ਰਥਾ ਨੂੰ ਖ਼ਤਮ ਕਰਨ ਵਿੱਚ ਦੇਰ ਕਰਨ ਲਈ ਅਹਿਮ ਭੂਮਿਕਾ ਨਿਭਾਈ ਸੀ। ਇਸ ਕਾਰਨ ਇਹ ਮੁੱਦਾ ਭਖਵੀਂ ਬਹਿਸ ਦਾ ਕਾਰਨ ਰਿਹਾ। ਜੁਲਾਈ ਵਿੱਚ ਟੋਰਾਂਟੋ ਸਿਟੀ ਕਾਊਂਸਲ ਨੇ ਡੰਡਸ ਸਟਰੀਟ ਦਾ ਨਾਂ ਬਦਲਣ ਲਈ ਮਤਾ ਪਾਸ ਕੀਤਾ ਸੀ। ਇਸ ਤੋਂ ਇਲਾਵਾ ਹੋਰਨਾਂ ਸਿਵਿਕ ਐਸੈਟਸ, ਜਿਵੇਂ ਕਿ ਯੰਗ ਡੰਡਸ ਸਕੁਏਅਰ ਤੇ ਡੰਡਸ ਸਬਵੇਅ ਸਟੇਸ਼ਨ ਆਦਿ ਤੋਂ ਉਸ ਦਾ ਨਾਂ ਹਟਾਏ ਜਾਣ ਉੱਤੇ ਸਹਿਮਤੀ ਬਣੀ ਸੀ।

ਪਰ ਮਿਸੀਸਾਗਾ ਨੇ ਵੱਖਰੀ ਦਿਸ਼ਾ ਵੱਲ ਜਾਣ ਦਾ ਫੈਸਲਾ ਕੀਤਾ ਹੈ। ਕਾਊਂਸਲਰ ਕੈਰੋਲਿਨ ਪੈਰਿਸ਼ ਵੱਲੋਂ ਪੇਸ਼ ਕੀਤੇ ਮਤੇ ਵਿੱਚ ਆਖਿਆ ਗਿਆ ਕਿ ਸਾਨੂੰ ਆਧੁਨਿਕ ਲੈਂਜ਼ ਵਿੱਚੋਂ ਇਤਿਹਾਸ ਦੀ ਵਿਆਖਿਆ ਕਰਨੀ ਚਾਹੀਦੀ ਹੈ, ਇਸ ਤੋਂ ਇਲਾਵਾ ਇਸ ਪ੍ਰੋਜੈਕਟ ਉੱਤੇ ਆਉਣ ਵਾਲੀ ਲਾਗਤ ਤੇ ਕਮਿਊਨਿਟੀ ਦੇ ਸਮਰਥਨ ਆਦਿ ਵਰਗੇ ਮੁੱਦੇ ਵਿਚਾਰਨ ਲਈ ਵੀ ਆਖਿਆ ਗਿਆ। ਕਾਊਂਸਲਰ ਪੈਟ ਸਾਇਟੋ ਨੇ ਇਸ ਮਤੇ ਨੂੰ ਮੁਲਤਵੀ ਕਰਨ ਦੀ ਪੇਸ਼ਕਸ਼ ਕੀਤੀ ਤਾਂ ਜੋ ਕਮਿਊਨਿਟੀ ਦੇ ਹੋਰ ਗਰੁੱਪ ਇਸ ਮੁੱਦੇ ਉੱਤੇ ਵੋਟ ਕਰ ਸਕਣ। ਇਸ ਉੱਤੇ ਮੇਅਰ ਬੋਨੀ ਕ੍ਰੌਂਬੀ, ਜੋ ਕਿ ਵੋਟ ਦੌਰਾਨ ਮੌਜੂਦ ਨਹੀਂ ਸੀ, ਨੇ ਆਖਿਆ ਕਿ ਉਹ ਵੋਟ ਦੌਰਾਨ ਕੀਤੇ ਗਏ ਫੈਸਲੇ ਦਾ ਸਵਾਗਤ ਕਰਦੀ ਹੈ ਪਰ ਉਹ ਚਾਹੁੰਦੀ ਹੈ ਕਿ ਇਸ ਮਾਮਲੇ ਦਾ ਮੁਲਾਂਕਣ ਜਾਰੀ ਰਹੇ।

## ਅਕਾਲੀ ਦਲ ਦੀ ਚੋਣ ਮੀਟਿੰਗ ਮਗਰੋਂ ਚੱਲੀ ਗੋ.ਲੀ ਕਾਰਨ ਇੱਕ ਜਣਾ ਗੰਭੀਰ ਜ਼ਖਮੀ



ਜਲੰਧਰ, 20 ਜਨਵਰੀ, (ਪੋਸਟ ਬਿਊਰੋ)- ਥਾਣਾ ਸਦਰ ਨਕੋਦਰ ਦੇ ਪਿੰਡ ਚੂਹੜ ਵਿਖੇ ਅੱਜ ਵੀਰਵਾਰ ਅਕਾਲੀ ਦਲ ਦੀ ਚੋਣ ਮੀਟਿੰਗ ਖਤਮ ਹੁੰਦੇ ਸਾਰ ਗੋਲੀ ਚੱਲ ਗਈ ਅਤੇ ਇਸ ਨਾਲ ਪਿੰਡ ਦਾ ਨੌਜਵਾਨ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ।ਉਸ ਦੀ ਪਛਾਣ ਸਰਬਜੀਤ ਸਿੰਘ ਸੋਢੀ ਪੁੱਤਰ ਪਰਗਣ ਸਿੰਘ ਵਜੋਂ ਦੱਸੀ ਗਈ ਹੈ। ਸਥਾਨਕ ਪੁਲਿਸ ਮੁਤਾਬਕ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਦੱਸਿਆ ਜਾਂਦਾ ਹੈ ਕਿ ਇਸ ਦਾ ਕਾਰਨ ਪੈਸੇ ਦਾ ਲੈਣ-ਦੇਣ ਹੈ, ਜਿਸ ਬਾਰੇ ਕਪੂਰਥਲਾ ਜ਼ਿਲੇ ਦੇ ਜ਼ਿਮੀਂਦਾਰ ਦੇ ਖਿਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਮਿਲੀ ਜਾਣਕਾਰੀ ਮੁਤਾਬਕ ਅੱਜ ਵੀਰਵਾਰ ਪਿੰਡ ਚੂਹੜ ਵਿਖੇ ਅਕਾਲੀ ਦਲ ਦੀ ਚੋਣ ਮੀਟਿੰਗਵਿੱਚ ਅਕਾਲੀ-ਬਸਪਾ ਗੱਠਜੋੜ ਦੇ ਨਕੋਦਰ ਹਲਕੇ ਤੋਂ ਉਮੀਦਵਾਰ ਗੁਰਪ੍ਰਤਾਪ ਸਿੰਘ ਵਡਾਲਾ ਪੁੱਜੇ ਸਨ।ਮੀਟਿੰਗ ਦੇ ਖਤਮ ਹੁੰਦੇ ਸਾਰ ਗੋਲੀ ਚੱਲਣ ਦੀ ਘਟਨਾ ਵਾਪਰ ਜਾਣ ਨਾਲ ਜ਼ਖਮੀ ਨੌਜਵਾਨ ਨੂੰ ਪਹਿਲਾਂ ਨਕੋਦਰ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ, ਪਰ ਉਸ ਦੀ ਗੰਭੀਰ ਹਾਲਤ ਕਾਰਨ ਜਲੰਧਰ ਭੇਜਦਿੱਤਾ ਗਿਆ। ਚੋਣ ਜ਼ਾਬਤਾ ਲੱਗੇ ਹੋਣ ਉੱਤੇ ਗੋਲੀ ਚੱਲਣ ਦੀ ਸੂਚਨਾ ਮਿਲਦੇ ਸਾਰ ਡੀਐੱਸ ਪੀ ਨਕੋਦਰ ਲਖਵਿੰਦਰ ਸਿੰਘ ਮੱਲ ਅਤੇ ਹੋਰ ਅਧਿਕਾਰੀਓਥੇ ਪਹੁੰਚੇ।

ਇਸ ਮੌਕੇ ਲਖਵਿੰਦਰ ਸਿੰਘ ਮੱਲ ਨੇ ਦੱਸਿਆ ਹੈ ਕਿ ਹਲਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਪਿੰਡ ਚੂਹੜ ਵਿੱਚ ਚੋਣ ਮੀਟਿੰਗ ਕਰ ਰਹੇ ਸਨ। ਜਦੋਂ ਉਹ ਚਲੇ ਗਏ ਤਾਂ ਉਥੇ ਕੁਝ ਨੌਜਵਾਨਾਂ ਦਾ ਪੈਸੇ ਦੇ ਲੈਣ-ਦੇਣ ਬਾਰੇ ਝਗੜਾ ਹੋ ਗਿਆਤੇਗੱਲਵਧਣ ਉਤੇਇਕ ਜਣੇ ਨੇ ਗੋਲੀ ਚਲਾ ਦਿੱਤੀ, ਜਿਸ ਨਾਲ ਨਾਲ ਇਸੇ ਪਿੰਡ ਦਾਨੌਜਵਾਨ ਸਰਬਜੀਤ ਸਿੰਘ ਸੋਢੀ ਜ਼ਖਮੀ ਹੋ ਗਿਆ।ਉਨ੍ਹਾਂਕਿਹਾ ਕਿ ਜ਼ਖਮੀ ਨੌਜਵਾਨ ਦੇ ਬਿਆਨ ਤੋਂ ਪਤਾ ਲੱਗੇਗਾ ਕਿ ਗੋਲੀ ਕਿਸ ਨੇ ਅਤੇਕਿਉਂ ਚਲਾਈ ਸੀ।ਜ਼ਿਲਾ ਜਲੰਧਰ ਦੇ ਐੱਸ ਪੀ (ਡੀ) ਮਨਪ੍ਰੀਤ ਸਿੰਘ ਢਿੱਲੋਂ ਦੇ ਮੁਤਾਬਕ ਸਾਰਾ ਮਾਮਲਾ ਪੈਸਿਆਂ ਦੇ ਲੈਣ-ਦੇਣ ਦਾ ਹੈ ਤੇ ਅੱਗੇ ਵੀ ਦੋਵਾਂ ਧਿਰਾਂ ਦਾ ਝਗੜਾ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲਾ ਕਪੂਰਥਲਾ ਦੇ ਲੱਭਾ ਨਾਂ ਦੇ ਕਿਸਾਨ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ, ਉਸ ਦੀ ਗ੍ਰਿਫਤਾਰੀ ਤੋਂ ਪਤਾ ਲੱਗੇਗਾ ਕਿ ਗੋਲੀ ਚੱਲਣ ਵਾਲਾ ਹਥਿਆਰ ਲਾਇਸੈਂਸੀ ਹੈ ਜਾਂ ਨਹੀਂ।ਗੁਰਪ੍ਰਤਾਪ ਸਿੰਘ ਵਡਾਲਾ ਨੇ ਇਸ ਘਟਨਾ ਦਾ ਆਪਣੀ ਚੋਣ ਮੀਟਿੰਗ ਦੇ ਨਾਲ ਕੋਈਸਬੰਧ ਹੋਣ ਤੋਂ ਸਾਫ ਇਨਕਾਰ ਕੀਤਾ ਅਤੇ ਕਿਹਾ ਕਿ ਜਦੋਂ ਇਹ ਘਟਨਾ ਵਾਪਰੀ, ਉਹ ਪਿੰਡ ਚੂਹੜ ਦੀ ਮੀਟਿੰਗ ਕਰ ਕੇ ਜਾ ਚੁੱਕੇ ਸਨ। ਉਨ੍ਹਾਂ ਕਿਹਾ ਕਿ ਚੋਣ ਮੀਟਿੰਗ ਦੌਰਾਨ ਕਿਸੇ ਤਰ੍ਹਾਂ ਦੀ ਹਿੰਸਾ ਨਹੀਂ ਹੋਈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਕੈਨੇਡਾ ਤੇ ਅਮਰੀਕਾ ਦੀ ਸਰਹੱਦ ਨੇੜੇ ਮਿਲੀਆਂ ਚਾਰ ਲਾਸ਼ਾਂ

...ਪੰਨਾ 1 ਦਾ ਬਾਕੀ

ਉਸ ਸਮੇਂ ਦੇ ਨੇੜੇ ਤੇੜੇ ਹੀ ਪੰਜ ਹੋਰ ਵਿਅਕਤੀ ਬਾਰਡਰ ਦੇ ਦੱਖਣ ਵੱਲ ਉਸ ਦਿਸ਼ਾ ਵੱਲ ਤੁਰੇ ਜਾਂਦੇ ਮਿਲੇ ਜਿੱਥੇ ਸ਼ੈਂਡ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਰਲੀਜ਼ ਵਿੱਚ ਆਖਿਆ ਗਿਆ ਕਿ ਉਨ੍ਹਾਂ ਪੰਜਾਂ ਵਿਅਕਤੀਆਂ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਬਾਰਡਰ ਪਾਰ ਕਰਕੇ ਆਏ ਹਨ ਤੇ ਇੱਥੇ ਉਨ੍ਹਾਂ ਨੂੰ ਕਿਸੇ ਵਿਅਕਤੀ ਵੱਲੋਂ ਅੱਗੇ ਲਿਜਾਇਆ ਜਾਣਾ ਸੀ।

ਰਲੀਜ਼ ਵਿੱਚ ਅੱਗੇ ਆਖਿਆ ਗਿਆ ਕਿ ਇਸ ਗਰੁੱਪ ਦੇ ਮੈਂਬਰਾਂ ਵਿੱਚੋਂ ਇੱਕ ਦੇ ਬੈਕਪੈਕ ਵਿੱਚ ਬੱਚਿਆਂ ਦੇ ਕੱਪੜੇ, ਡਾਇਪਰ, ਖਿਡੌਣੇ ਤੇ ਦਵਾਈਆਂ ਆਦਿ ਮੌਜੂਦ ਸਨ।

ਉਸ ਵਿਅਕਤੀ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਕੋਲ ਪਰਿਵਾਰ ਦੇ ਚਾਰ ਜੀਆਂ ਦਾ ਬੈਕਪੈਕ ਸੀ ਤੇ ਉਹ ਪਰਿਵਾਰ ਪਹਿਲਾਂ ਉਨ੍ਹਾਂ ਦੇ ਨਾਲ ਹੀ ਆ ਰਿਹਾ ਸੀ ਪਰ ਰਾਤ ਸਮੇਂ ਉਹ ਵੱਖ ਹੋ ਗਏ। ਮੈਨੀਟਬਾ ਵਿੱਚ ਜਦੋਂ ਸਵੇਰੇ 9:20 ਉੱਤੇ ਮਾਊਂਟੀਜ਼ ਨੂੰ ਇਹ ਖਬਰ ਮਿਲੀ ਤਾਂ ਉਨ੍ਹਾਂ ਇਲਾਕੇ ਦੀ ਭਾਲ ਦਾ ਕੰਮ ਸ਼ੁਰੂ ਕੀਤਾ। ਮੈਨੀਟੋਬਾ ਆਰਸੀਐਮਪੀ ਅਸਿਸਟੈਂਟ ਕਮਿਸ਼ਨਰ ਜੇਨ ਮੈਕਲੈਚੀ ਨੇ ਆਖਿਆ ਕਿ ਦੁਪਹਿਰੇ 1:30 ਵਜੇ ਦੇ ਨੇੜੇ ਕੈਨੇਡੀਅਨ ਸਾਈਡ ਉੱਤੇ ਅਧਿਕਾਰੀਆਂ ਨੂੰ ਐਮਰਸਨ ਤੋਂ 10 ਕਿਲੋਮੀਟਰ ਪੂਰਬ ਵੱਲ ਤਿੰਨ ਵਿਅਕਤੀਆਂ ਦੀਆਂ ਲਾਸ਼ਾਂ ਮਿਲੀਆਂ। ਉਨ੍ਹਾਂ ਆਖਿਆ ਕਿ ਇਹ ਲਾਸ਼ਾਂ ਬਾਲਗ ਵਿਅਕਤੀ, ਇੱਕ ਮਹਿਲਾ ਤੇ ਬੱਚੇ ਦੀਆਂ ਸਨ। ਚੌਥੀ ਲਾਸ਼, ਜੋ ਕਿ ਇੱਕ ਟੀਨੇਜਰ ਲੜਕੇ ਦੀ ਸੀ, ਥੋੜ੍ਹੀ ਦੇਰ ਬਾਅਦ ਮਿਲੀ। ਰਲੀਜ਼ ਵਿੱਚ ਦੱਸਿਆ ਗਿਆ ਕਿ ਇਹ ਲਾਸ਼ਾਂ ਇੱਕੋ ਪਰਿਵਾਰ ਦੇ ਵੱਖ ਹੋਏ ਚਾਰ ਜੀਆਂ ਦੀਆਂ ਸਨ। ਆਰਸੀਐਮਪੀ ਨੇ ਦੱਸਿਆ ਕਿ ਇਹ ਲਾਸ਼ਾਂ ਬਾਰਡਰ ਤੋਂ 40 ਫੁੱਟ ਦੀ ਦੂਰੀ ਉੱਤੇ ਮਿਲੀਆਂ। ਮੁੱਢਲੀ ਜਾਂਚ ਤੋਂ ਸਾਹਮਣੇ ਆਇਆ ਹੈ ਕਿ ਇਨ੍ਹਾਂ ਸਾਰਿਆਂ ਦੀ ਮੌਤ ਠੰਢ ਕਾਰਨ ਹੋਈ ਹੈ। ਆਰਸੀਐਮਪੀ ਦਾ ਮੰਨਣਾ ਹੈ ਕਿ ਇਹ ਚਾਰੇ ਵੀ ਉਸ ਗਰੁੱਪ ਦਾ ਹੀ ਹਿੱਸਾ ਹੋਣਗੇ ਜਿਸ ਨੂੰ ਅਮਰੀਕਾ ਵਾਲੇ ਪਾਸੇ ਫੜ੍ਹਿਆ ਗਿਆ।

ਮੈਕਲੈਚੀ ਨੇ ਆਖਿਆ ਕਿ ਆਰਸੀਐਮਪੀ ਦੇ ਜਾਂਚਕਾਰ ਯੂਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਅਤੇ ਯੂਐਸ ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਿਟੀ ਨਾਲ ਰਲ ਕੇ ਕੰਮ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਮਾਰੇ ਗਏ ਚਾਰਾਂ ਵਿਅਕਤੀਆਂ ਦੇ ਨਾਂ, ਉਮਰ, ਨਾਗਰਿਕਤਾ ਆਦਿ ਦਾ ਪਤਾ ਲਾਉਣ ਵਿੱਚ ਅਜੇ ਸਮਾਂ ਲੱਗੇਗਾ। ਇਸ ਸਬੰਧ ਵਿੱਚ ਪੋਸਟਮਾਰਟਮ ਦੀ ਰਿਪੋਰਟ ਤੋਂ ਬਾਅਦ ਹੀ ਕੁੱਝ ਆਖਿਆ ਜਾ ਸਕਦਾ ਹੈ।

## ਕੋਵਿਡ-19 ਪਾਬੰਦੀਆਂ ਹਟਾਉਣ ਲਈ ਓਨਟਾਰੀਓ ਨੇ ਐਲਾਨੀ ਤਿੰਨ ਪੜਾਵੀ ਯੋਜਨਾ

...ਪੰਨਾ 1 ਦਾ ਬਾਕੀ

ਇਸ ਦੌਰਾਨ ਫੋਰਡ ਨੇ ਆਖਿਆ ਕਿ ਅਸੀਂ ਫੂਕ ਫੂਕ ਕੇ ਕਦਮ ਰੱਖਣਾ ਚਾਹੁੰਦੇ ਹਾਂ ਤੇ ਦੁਬਾਰਾ ਅਜਿਹੇ ਹਾਲਾਤ ਨਹੀਂ ਬਣਨ ਦੇਣਾ ਚਾਹੁੰਦੇ ਜਿੱਥੇ ਸਾਨੂੰ ਇਸ ਸਥਿਤੀ ਵਿੱਚੋਂ ਮੁੜ ਲੰਘਣਾ ਹੋਵੇ। ਇਸ ਲਈ ਜੇ ਸਾਨੂੰ ਹਰ ਕਦਮ ਵਿੱਚ ਥੋੜ੍ਹਾ ਫਰਕ ਵੀ ਰੱਖਣਾ ਪਿਆ ਤਾਂ ਅਸੀਂ ਰੱਖਾਂਗੇ। 21 ਫਰਵਰੀ ਨੂੰ ਓਨਟਾਰੀਓ ਇੰਡੋਰ ਸੋਸ਼ਲ ਗੈਦਰਿੰਗ ਦੀ ਹੱਦ 25 ਵਿਅਕਤੀ ਅਤੇ ਆਊਟਡੋਰ ਦੀ ਹੱਦ 100 ਵਿਅਕਤੀ ਕਰੇਗਾ।

ਇਸ ਦੌਰਾਨ ਜਿਨ੍ਹਾਂ ਥਾਂਵਾਂ ਉੱਤੇ ਵੈਕਸੀਨੇਸ਼ਨ ਦੇ ਸਬੂਤ ਦੀ ਲੋੜ ਹੈ ਜਿਵੇਂ ਨਾਈਟਕਲੱਬਜ਼, ਵੈਡਿੰਗ ਰਿਸੈਪਸ਼ਨਜ਼, ਡਾਂਸ ਵਾਲੀਆਂ ਥਾਂਵਾਂ, ਬਾਥਹਾਊਸ ਤੇ ਸੈਕਸ ਕਲੱਬਜ਼ ਦੀ ਸਮਰੱਥਾ ਵੀ 25 ਫੀ ਸਦੀ ਕੀਤੀ ਜਾਵੇਗੀ। ਖੇਡ ਮੁਕਾਬਲਿਆਂ ਦੇ ਦਰਸ਼ਕਾਂ, ਕੰਸਰਟ ਵੈਨਿਊਜ਼ ਤੇ ਥਿਏਟਰਜ਼ ਦੀ ਸਮਰੱਥਾ 21 ਫਰਵਰੀ ਤੋਂ 50 ਫੀ ਸਦੀ ਕਰ ਦਿੱਤੀ ਜਾਵੇਗੀ। ਜਿਨ੍ਹਾਂ ਥਾਂਵਾਂ ਉੱਤੇ ਵੈਕਸੀਨੇਸ਼ਨ ਦੇ ਸਬੂਤ ਦੀ ਲੋੜ ਨਹੀਂ ਹੋਵੇਗੀ ਉੱਥੇ ਲੋਕਾਂ ਨੂੰ ਦੋ ਮੀਟਰ ਦੀ ਫਿਜ਼ੀਕਲ ਦੂਰੀ ਬਰਕਰਾਰ ਰੱਖਣੀ ਹੋਵੇਗੀ।

14 ਮਾਰਚ ਨੂੰ ਓਨਟਾਰੀਓ ਇੰਡੋਰ ਪਬਲਿਕ ਸੈਟਿੰਗਜ਼ ਤੋਂ ਕਪੈਸਿਟੀ ਲਿਮਿਟ ਹਟਾ ਲਵੇਗਾ ਪਰ ਵੈਕਸੀਨੇਸ਼ਨ ਦਾ ਸਬੂਤ ਜ਼ਰੂਰ ਵਿਖਾਉਣਾ ਹੋਵੇਗਾ।

## 40 ਮੁਕਤਿਆਂ ਦੀ ਯਾਦ ਵਿਚ ਕੈਂਬ੍ਰਿਜ ਗੁਰੂ ਘਰ ਵਿਖੇ ਸਮਾਗਮ ਕਰਵਾਏ






ਖਿਦਰਾਣੇ ਦੀ ਢਾਬ ਮੁਕਤਸਰ ਦੀ ਜੰਗ ਵਿਚ ਰਣ ਤੱਤੇ ਵਿਚ ਜੂਝ ਕੇ ਸ਼ਹੀਦ ਹੋਏ 40 ਮੁਕਤਿਆਂ ਦੀ ਯਾਦ ਵਿਚ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਕੈਮਬ੍ਰਿਜ ਵਿਖੇ ਸਮਾਗਮ ਕਰਵਾਇਆ ਗਿਆ ਸੁਖਮਨੀ ਸਾਹਿਬ ਦੇ ਪਾਠ ਤੋਂ ਉਪਰੰਤ ਸਜੇ ਹੋਏ ਦੀਵਾਨਾਂ ਵਿਚ ਹਜੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ, ਭਾਈ ਰਣਜੀਤ ਸਿੰਘ, ਭਾਈ ਸਤਨਾਮ ਸਿੰਘ ਦੇ ਜਥੇ ਵਲੋਂ ਸ਼ਬਦ ਕੀਰਤਨ ਅਤੇ ਭਾਈ ਰਾਜਪਾਲ ਸਿੰਘ ਵਲੋਂ ਕਵਿਤਾ ਰਾਹੀਂ ਹਾਜ਼ਰੀ ਭਰੀ ਗਈ। ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜੈਦੀਪ ਸਿੰਘ ਫਗਵਾੜਾ ਨੇ ਮਾਘ ਮਹੀਨੇ ਦੇ ਸ਼ਬਦ ਦੀ ਵਿਚਾਰ ਅਤੇ 40 ਮੁਕਤਿਆਂ ਦੇ ਇਤਿਹਾਸ ਦੇ ਪ੍ਰਸੰਗ ਸੰਗਤਾਂ ਨਾਲ ਸਾਂਝਾ ਕਰਦੇ ਹੋਏ ਕਿਹਾ ਕੇ ਸਤਿਗੁਰੂ ਜੀ ਦਾ ਸੁਭਾਅ ਹਮੇਸ਼ਾ ਹੀ ਬਖਸ਼ਣ ਵਾਲਾ ਹੈ ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਹਾਂ ਸਿੰਘ ਵਲੋਂ ਲਿਖਿਆ ਬੇਦਾਵਾ ਪਾੜ ਕੇ ਟੁੱਟੀ ਗੰਢੀ ਸੀ ਜਿਸ ਜਗਾ ਅੱਜ ਅਸੀਂ ਮੁਕਤਸਰ ਵਿਖੇ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਦੇ ਦਰਸ਼ਨ ਕਰਦੇ ਹਾਂ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੁੱਖਵਿੰਦਰ ਸਿੰਘ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ ਅਤੇ ਸੰਗਤਾਂ ਨੂੰ ਪ੍ਰੇਰਨਾ ਦਿਤੀ ਕੇ ਸਾਨੂੰ ਗੁਰਬਾਣੀ ਗੁਰੂ ਘਰ ਨਾਲ ਜੁੜਨਾ ਚਾਹੀਦਾ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

# ਬ੍ਰਹਿਮੰਡੀ ਪਸਾਰੇ ਨੂੰ ਦੇਖਣ ਵਾਲੀ ਵਿਗਿਆਨਕ ਅੱਖ



ਇੰਜ. ਈਸ਼ਰ ਸਿੰਘ
647 640 2014

25 ਦਸੰਬਰ, 2021 ਨੂੰ ਪੁਲਾੜ-ਵਿਗਿਆਨੀਆਂ ਨੇ ਵਿਸ਼ਵ-ਪੱਧਰ 'ਤੇ ਇੱਕ ਇਤਿਹਾਸਕ ਅਤੇ ਮਹੱਤਵ-ਪੂਰਨ ਪ੍ਰਾਪਤੀ ਕੀਤੀ ਹੈ, ਜਿਸ ਦਾ ਬਾਹਰ ਦੇ ਜਗਤ ਨੂੰ ਘੱਟ ਪਤਾ ਲੱਗਿਆ ਹੈ। ਇਸ ਦਿਨ 'ਜੇਮਸ ਵੈੱਬ' ਨਾਉਂ ਦੀ ਇੱਕ ਬਹੁ-ਮੰਤਵੀ 'ਦੂਰਬੀਨ' ਪੁਲਾੜ ਵਿੱਚ ਭੇਜੀ ਗਈ ਹੈ ਜਿਹੜੀ ਕਿ ਹੁਣ ਤੱਕ ਬਣੀ ਸੱਭ ਤੋਂ ਸ਼ਕਤੀਸ਼ਾਲੀ ਅਤੇ ਸਭ ਤੋਂ ਉੱਨਤ ਕਿਸਮ ਦੀ ਦੂਰਬੀਨ ਹੈ। ਇਸ ਦੀ ਕੀਮਤ 75 ਹਜ਼ਾਰ ਕਰੋੜ ਰੁਪਏ ਹੈ ਅਤੇ ਇਸ ਦੀ ਯੋਜਨਾ-ਬੰਦੀ ਕਰਨ ਅਤੇ ਇਸ ਨੂੰ ਬਣਾਉਣ ਵਿੱਚ 25 ਸਾਲ ਲੱਗੇ ਹਨ। ਗੁੰਝਲਦਾਰ ਤਕਨੀਕੀ ਪ੍ਰੋਜੈਕਟ ਹੋਣ ਅਤੇ ਮਾਇਕ ਕਾਰਨਾਂ ਕਰ ਕੇ ਇਸ ਨੂੰ ਇੰਨਾ ਸਮਾਂ ਲੱਗ ਗਿਆ। ਭਾਵੇਂ ਇਹ ਅਮਰੀਕਾ, ਕਨੇਡਾ ਅਤੇ ਯੂਰਪੀ ਦੇਸ਼ਾਂ ਦੀ ਸਾਂਝੀ ਪਰਿਯੋਜਨਾ ਹੈ ਪਰ ਇਸ ਨੂੰ ਹੋਰ ਦੇਸ਼ ਅਤੇ ਸਾਇੰਸਦਾਨ ਵੀ ਵਰਤ ਸਕਦੇ ਹਨ।

ਇਸ ਤੋਂ ਪਹਿਲਾਂ,ਆਪਣੇ ਵੇਲ਼ਿਆਂ ਦੀ 'ਹਬਲ' ਨਾਉਂ ਦੀ ਬਹੁਤ ਸਫਲ ਦੂਰਬੀਨ,ਪਿਛਲੇ 31 ਸਾਲਾਂ ਤੋਂ ਪੁਲਾੜ ਦੀ ਖੋਜ ਵਿੱਚ ਆਪਣਾ ਯੋਗ-ਦਾਨ ਪਾ ਰਹੀ ਹੈ।ਇਹ ਵੀ ਆਪਣੇ ਸਮੇਂ ਦੀ ਸਭ ਤੋਂ ਵੱਡੀ ਅਤੇ ਸ਼ਕਤੀਸ਼ਾਲੀ ਦੂਰਬੀਨ ਸੀ। ਇਸ ਨੇ ਉਸ ਤੋਂ ਕਿਤੇਵੱਧ ਕੰਮ ਕੀਤਾ ਹੈ ਜਿੰਨੇ ਵਾਸਤੇ ਇਹ ਬਣਾਈ ਗਈ ਸੀਅਤੇ ਅਜੇ ਵੀ ਇਸ ਨੂੰ ਛੇਤੀ ਰਿਟਾਇਰ ਕਰਨ ਦੀ ਕੋਈ ਤਜਵੀਜ਼ ਨਹੀਂ।ਬ੍ਰਹਿਮੰਡ ਦੀ ਖੋਜ ਵਿੱਚ ਇਸ ਦੀਆਂਪ੍ਰਾਪਤੀਆ ਵੀ ਕ੍ਰਾਂਤੀਕਾਰੀ ਰਹੀਆਂ ਹਨ ਅਤੇ ਇਨ੍ਹਾਂ ਵਿੱਚੋਂ ਮੁੱਖ ਪੰਜ ਇਹ ਹਨ:

*ਬ੍ਰਹਿਮੰਡ (ਯੂਨੀਵਰਸ) ਦੀ ਉਮਰ ਦਾ ਗਿਆਨ,

*ਇਸ ਦੇ ਫੈਲਣ ਦੀ ਗਤੀ,

*ਇਸ ਵਿੱਚ ਗਲੈਕਸੀਆਂ ਅਤੇ ਸਾਡੇ ਸੂਰਜ ਵਰਗੇ ਤਾਰੇ ਰੇਤ ਦੇ ਕਣਾਂ ਵਾਂਗ ਹਨ, ਦੇ ਤੱਥ ਦੀ ਜਾਣਕਾਰੀ


*ਸੁਪਰਮੈਸਿਵ ਬਲੈਕ-ਹੋਲਾਂ ਦੀ ਪਛਾਣ ਅਤੇ

*ਸਭ ਪਾਸੇ ਧਰਤੀਆਂ ਹੀ ਧਰਤੀਆਂ ਹੋਣ ਦੀ ਖੋਜ।

'ਜੇਮਸ ਵੈੱਬ' ਪੁਲਾੜ ਦੂਰਬੀਨ' (ਜੇਮਸ ਵੈੱਬ ਸਪੇਸ ਟੈਲੀਸਕੋਪ) ਹੋਰ ਵੀ ਉੱਨਤ ਅਤੇ ਬਿਲਕੁਲ ਵੱਖਰੀ ਤਕਨੀਕ ਨਾਲ਼ ਬਣੀ ਹੈ। ਇਹ ਪਹਿਲੀ ਨਾਲੋਂ ਸੌ-ਗੁਣਾ ਵੱਧ ਸ਼ਕਤੀ-ਸ਼ਾਲੀ ਹੈ।ਹਬਲ ਦੂਰਬੀਨ ਸਿਰਫ ਦਿਖਣ-ਯੋਗ ਰੌਸ਼ਨੀ ਅਤੇ ਅਲਟਰਾ-ਵਾਇਓਲਟ ਰੌਸ਼ਨੀ ਨੂੰ ਹੀ ਪਛਾਣਦੀ ਹੈ ਜਦ ਕਿ'ਜੇਮਸ ਵੈੱਬ'ਇਨਫਰਾ-ਰੈੱਡ ਨੂੰ ਵੀ ਪਛਾਣਦੀ ਹੈ। ਇਹ ਇਸ ਦੀਇੱਕ ਵੱਡੀ ਖ਼ਾਸੀਅਤ ਹੈ ਅਤੇ ਇਸ ਦੀ ਸਮਰੱਥਾ ਅਤੇ ਇਸ ਦੀ ਵੱਧ 'ਰੇਂਜ' ਦਾ ਭੇਦ ਹੈ।ਕਿਹਾ ਜਾ ਸਕਦਾ ਹੈ ਕਿ 'ਜੇਮਸ ਵੈੱਬ' ਦੂਰਬੀਨ ਆਪਣੀ ਪੂਰਵਜ ਹਬਲ ਦੀ ਸੁਯੋਗ ਉੱਤਰਾ-ਅਧਿਕਾਰੀ ਹੈ। ਜਿਕਰ-ਯੋਗ ਹੈ ਕਿ ਬ੍ਰਹਿਮੰਡ ਬਾਰੇ ਸਭ ਤੋਂ ਵੱਧ ਜਾਣਕਾਰੀ ਸਾਨੂੰ ਅੱਡ-ਅੱਡ ਕਿਸਮ ਦੀਆਂ ਰੌਸ਼ਨੀਆਂ ਤੋਂ ਹੀ ਪ੍ਰਾਪਤ ਹੁੰਦੀ ਹੈ।ਇਸ ਤਰ੍ਹਾਂ ਦੀਆਂ ਦੂਰਬੀਨਾਂ, ਸੂਰਜਾਂ ਅਤੇ ਹੋਰ ਬ੍ਰਹਿਮੰਡੀ ਵਸਤੂਆਂ ਵਿੱਚੋਂ ਨਿਕ਼ਲ ਰਹੀਆਂ ਅੱਡ-ਅੱਡ ਤਰ੍ਹਾਂ ਦੀਆਂ ਰੌਸ਼ਨੀਆਂ ਦੇ ਕੰਪਿਊਟਰਾਂ ਰਾਹੀਂ ਕੀਤੇ ਵਿਸ਼ਲੇਸ਼ਣਾਂ ਦੇ, ਅਧਾਰ 'ਤੇ ਕੰਮ ਕਰਦੀਆਂ ਹਨ।

'ਜੇਮਸ ਵੈੱਬ' ਨੂੰ ਪੁਲਾੜ ਵਿੱਚ ਭੇਜਣ ਵਾਸਤੇ ਇੱਕ ਖਾਸ ਕਿਸਮ ਦੇ ਰਾਕਟ ਦਾ ਇੰਤਜ਼ਾਮ ਕੀਤਾ ਗਿਆ ਸੀਜਿਸ ਦੇ ਅਗਲੇ ਭਾਗ ਵਿੱਚ ਇਸ ਨੂੰ ਛਤਰੀ ਵਾਂਗੂ ਇਕੱਠੀ ਕਰ ਕੇ ਬੰਦ ਕੀਤਾ ਹੋਇਆ ਸੀ ਅਤੇਹੁਣ ਸਫਲਤਾ-ਪੂਰਨ ਪੁਲਾੜ ਵਿੱਚ ਛੱਡੀ ਜਾ ਚੁੱਕੀ ਹੈ। ਧਰਤੀ 'ਤੋਂ ਉੱਪਰ ਜਾ ਕੇ, ਰਾਕਟ ਵਿੱਚੋਂ ਬਾਹਰ ਨਿਕ਼ਲ ਕੇ ਛਤਰੀ-ਨੁਮਾ ਇਹ ਦੂਰਬੀਨ ਇੱਕ ਮਿੱਥੀ ਤਰਤੀਬ ਅਨੁਸਾਰ ਹੌਲ਼ੀ-ਹੌਲ਼ੀ ਖੁੱਲ ਚੁੱਕੀ ਹੈ। ਇਸ ਵਾਸਤੇ ਦੋ ਹਫ਼ਤਿਆਂਦਾ ਸਮਾਂ ਲੱਗਿਆ ਅਤੇ ਖੁੱਲਣ ਤੋਂ ਬਾਅਦ ਇਸ ਦਾ ਸਾਈਜ਼ ਚਾਰ ਕਮਰਿਆਂ ਦੇ ਦੋ-ਮੰਜ਼ਲੇ ਮਕਾਨ ਜਿੰਨਾ ਹੋ ਗਿਆ ਹੈ। ਇਸ ਦੇ ਖੁੱਲ੍ਹਣ ਦੀ ਪ੍ਰਕਿਰਿਆ ਬਹੁਤ ਹੀ ਸਨਸਨੀ-ਖੇਜ ਸੀ ਜਿਸ ਬਾਰੇ ਇਸ ਦੇ ਸੰਚਾਲਕ ਪੂਰੀ ਤਰ੍ਹਾਂ ਸਾਹ ਰੋਕ ਕੇ ਬੈਠੇ ਹੋਏ ਸਨ। ਇਸ ਦੇ ਖੁੱਲ੍ਹਣ ਦੀਆਂ ਤਿੰਨ ਸੌ ਤੋਂ ਵੱਧ ਪ੍ਰਕ੍ਰਿਆਵਾਂ ਸਨ ਅਤੇ ਹਰ ਸਟੇਜ 'ਤੇ ਨੁਕਸ ਪੈਣ ਦਾ ਡਰ ਬਣਿਆ ਹੋਇਆ ਸੀ। ਆਮ ਕਰ ਕੇ ਪੁਲਾੜ ਵਿੱਚ ਭੇਜੇ ਜਾਣ ਵਾਲ਼ੇ ਰਾਕਟਾਂ ਦੀ ਸਭ ਤੋਂ ਗੰਭੀਰ ਘੜੀ ਇਨ੍ਹਾਂ ਦੇ ਧਰਤੀ ਤੋਂ ਉੱਡਣ ਵੇਲ਼ੇ ਦੀ ਹੁੰਦੀ ਹੈ। ਪਰ ਇਸ ਪ੍ਰੋਜੈਕਟ ਵਿੱਚ, ਇਸ ਦੇ ਪੂਰੀ ਤਰ੍ਹਾਂ ਖੁੱਲ ਕੇ ਕਾਰਜਸ਼ੀਲ ਹੋਣ ਦੀ ਘੜੀ ਇਸ ਤੋਂ ਵੀ ਕਿਤੇ ਵੱਧ ਜਾਨ-ਸੁਕਾਊ ਸੀ। ਖੁਸ਼ਕਿਸਮਤੀ ਨਾਲ਼ ਇਹ ਸਭ ਕੁਛ ਪੂਰੇ ਤਸੱਲੀ-ਬਖ਼ਸ਼ ਢੰਗ ਨਾਲ਼ ਹੋ ਚੁੱਕਿਆ ਹੈ ਅਤੇ ਇਸ ਅਦੁੱਤੀ ਪਰਿਯੋਜਨਾ ਨਾਲ਼ ਜੁੜੇ ਜਗਤ ਵਿੱਚ ਪੂਰੀ ਖੁਸ਼ੀ ਅਤੇ ਉਤਸ਼ਾਹ ਹੈ।

ਹੁਣ ਇਹ 2,100 ਕਿਲੋ-ਮੀਟਰ ਪ੍ਰਤੀ ਘੰਟੇ ਦੀ ਔਸਤ ਸਪੀਡ ਨਾਲ ਆਪਣੀ ਮੰਜ਼ਲ ਵਲ ਵਧ ਰਹੀ ਹੈ ਅਤੇ ਇਸ ਦੇ ਸਫਰਬਾਰੇਲਗਾਤਾਰ 'ਲਾਈਵ' ਪ੍ਰਸਾਰਨ ਹੋ ਰਿਹਾ ਹੈ। ਇੱਕ ਮਹੀਨੇ ਬਾਅਦ ( 23 ਜਨਵਰੀ, 2022 ਤੱਕ) ਇਹ ਆਪਣੀ ਮੰਜ਼ਲ 'ਤੇ ਪਹੁੰਚ ਜਾਵੇਗੀ ਜਿਹੜੀਧਰਤੀ 'ਤੋਂ 15 ਲੱਖ ਕਿਲੋ-ਮੀਟਰ ਦੂਰ ਹੈ। ਇਹ ਫਾਸਲਾ ਧਰਤੀ 'ਤੋਂ ਚੰਦ ਦੇ ਫਾਸਲੇ ਨਾਲੋਂ ਚਾਰ ਗੁਣਾ ਵੱਧ ਹੈ ਜਿਹੜਾ ਕਿ ਪੌਣੇ ਚਾਰ ਲੱਖ ਕਿ.ਮੀ ਹੈ। ਅਜੋਕੀ ਦੂਰਬੀਨ 'ਹਬਲ' ਧਰਤੀ ਤੋਂ 540 ਕਿਲੋ ਮੀਟਰ ਉੱਪਰ ਇਸ ਦੇ ਆਲ਼ੇ-ਦੁਆਲ਼ੇ ਚੱਕਰ ਲਾ ਰਹੀ ਹੈ ਜਦ ਕਿ ਨਵੀਂ ਦੂਰਬੀਨ ਧਰਤੀ ਤੋਂ 15 ਲੱਖ ਕਿਲੋ-ਮੀਟਰ ਦੂਰ ਇਸ ਦੇ ਬਾਹਰਲੇ ਪਾਸੇ ਰਹਿ ਕੇ, ਇਸ ਦੇ ਨਾਲ਼-ਨਾਲ਼ ਸੂਰਜ ਦੇ ਦੁਆਲ਼ੇ ਘੁੰਮੇਗੀ। ਸਪੱਸ਼ਟ ਹੈ ਕਿ ਇਹ ਧਰਤੀ ਦੇ ਇਰਦ-ਗਿਰਦ ਨਹੀਂ ਘੁੰਮੇਗੀ। 'ਹਬਲ' ਨੂੰ ਧਰਤੀ ਤੋਂ ਇੰਨੀ ਕੁ ਦੂਰੀ ਤੇ ਇਸ ਕਰ ਕੇ ਰੱਖਿਆ ਗਿਆ ਹੈ ਤਾਂ ਕਿ ਇਸ 'ਤੇ ਵਾਤਾਵਰਣ ਦਾ ਪ੍ਰਭਾਵ ਵੀ ਨਾ ਪਵੇ ਅਤੇ ਇਸ ਦੀ ਮੁਰੰਮਤ ਵੀ ਹੁੰਦੀ ਰਹੇ। ਮੁਰੰਮਤ ਹੁੰਦੀ ਰਹਿਣ ਕਰ ਕੇ ਹੀ ਇਹ ਇੰਨੀ ਦੇਰ ਤੋਂ ਕੰਮ ਕਰ ਰਹੀ ਹੈ। ਨਵੀਂ ਦੂਰਬੀਨ ਦੀ ਮੁਰੰਮਤ ਤਾਂ ਬਿਲਕੁਲ ਹੀ ਸੰਭਵ ਨਹੀਂ , ਇਸ ਲਈ ਇਸ ਦੀ ਉਮਰ ਦਸ ਸਾਲ ਮੰਨੀ ਗਈ ਹੈ।



ਜੁਲਾਈ, 2022 ਤੋਂ ਇਹ ਆਪਣੇ ਸਾਰੇ ਕੰਮ ਕਰਨੇ ਸ਼ੁਰੂ ਕਰ ਦੇਵੇਗੀ। ਇਹ ਪੁਲਾੜ-ਵਿਗਿਆਨੀਆਂ ਦਾ ਇੱਕ ਇਤਿਹਾਸਕ ਕਾਰਨਾਮਾ ਹੈ ਅਤੇ ਇਸ ਤੋਂ ਉਨ੍ਹਾਂ ਸਣੇ ਹੋਰ ਕਈ ਖੇਤਰਾਂ ਦੇ ਸਾਇੰਸਦਾਨਾਂ ਨੂੰ ਬਹੁਤ ਉਮੀਦਾਂ ਹਨ। ਇਸ ਰਾਹੀਂ ਬ੍ਰਹਿਮੰਡ (ਯੂਨੀਵਰਸ) ਦੇ ਉਨ੍ਹਾਂ ਗੁਪਤ ਭੇਦਾਂ ਦਾ ਰਾਜ ਖੁੱਲੇਗਾ ਜਿਹੜੇ ਹੁਣ ਤਕ ਮਨੁੱਖ ਨੂੰ ਪਤਾ ਨਹੀਂ , ਬਲਕਿ ਇਸ ਦੀ ਕਲਪਨਾ ਤੋਂ ਹੀ ਬਾਹਰ ਹਨ। ਕਿਉਂਕਿ ਇਹ ਧਰਤੀ ਦੇ ਆਲ਼ੇ-ਦੁਆਲ਼ੇ ਨਹੀਂ ਘੁੰਮੇਗੀ, ਇਸ ਕਰਕੇ ਇਸ 'ਤੇ ਧਰਤੀ ਦਾ ਪਰਛਾਵਾਂ ਨਹੀਂ ਪਵੇਗਾ। ਇਸ ਨੂੰ ਇੱਕ ਖਾਸ ਜਗ੍ਹਾ 'ਤੇ ਰੱਖਿਆ ਗਿਆ ਹੈ ਜਿੱਥੇ ਇਸ 'ਤੇ ਨਾਂ ਸੂਰਜ ਦੀ, ਨਾ ਧਰਤੀ ਦੀ ਅਤੇ ਨਾਂ ਹੀ ਚੰਦ ਦੀ ਗਰਮੀ ਪੈ ਸਕੇਗੀ। ਇਸ ਦਾ ਤਾਪਮਾਨ ਮਨਫੀ 266 ਡਿਗਰੀ ਸੈਂਟੀਗ੍ਰੇਡ ਰਹੇਗਾ ਜਿਸ ਨਾਲ਼ ਇਹ ਇਨਫਰਾ-ਰੈੱਡ ਕਿਰਨਾਂ ਦੀ ਪੂਰੀ ਕਾਰਜ-ਕੁਸ਼ਲਤਾ ਨਾਲ਼ ਪਕੜ ਕਰ ਸਕੇਗੀ। ਇਹ ਗੁਣ ਇਸ ਦੀਆਂ ਖਾਸ ਵਿਸ਼ੇਸ਼ਤਾਵਾਂ ਵਿੱਚੋਂ ਇੱਕ ਹੈ।

ਇਹ ਖਾਸ ਕਰ ਕੇ ਸਾਡੇ ਬ੍ਰਹਿਮੰਡ ਦੀਆਂ ਸਭ ਤੋਂ ਦੂਰ ਉਨ੍ਹਾਂ ਗਲੈਕਸੀਆਂ ਦਾ ਅਧਿਐਨ ਕਰੇਗੀ ਜਿਹੜੀਆਂ ਇਸ ਦੀ ਰਚਨਾ ਤੋਂ ਥੋੜੀ ਦੇਰ ਬਾਅਦ ਬਣੀਆਂ ਪਰ ਜਿਨ੍ਹਾਂ ਦਾ ਸਰੂਪ ਅਤੇ ਸਾਈਜ਼ ਹੁਣ ਤੱਕ ਬਦਲ ਚੁੱਕਿਆ ਹੈ। ਇਸ ਤਰ੍ਹਾਂ ਇਹ ਮਨੁੱਖ ਨੂੰ ਬੀਤ ਚੁੱਕਿਆ ਸਮਾਂ ਦਿਖਾ ਸਕੇਗੀ। ਇਹ ਸਾਡੇ ਸੂਰਜੀ ਪਰਿਵਾਰ ਤੋਂ ਬਾਹਰਲੀਆਂ ਧਰਤੀਆਂ ਬਾਰੇ ਵੀ ਖੋਜ ਕਰੇਗੀ। ਇਸੇ ਕਰ ਕੇ ਸਾਇੰਸਦਾਨ ਇਸ ਨੂੰ 'ਖੋਜ ਮਸ਼ੀਨ' ਕਹਿੰਦੇ ਹਨ। ਸਰਸਰੀ ਨਜ਼ਰ ਨਾਲ ਦੇਖਿਆਂ ਪੁਲਾੜ ਦਾ ਵਿਸ਼ਾ ਨੀਰਸ ਲਗਦਾ ਹੈ, ਕਿਉਂਕਿ ਇਸ ਵਿੱਚ ਅੰਕੜਿਆਂ ਦਾ ਬਹੁਤ ਪ੍ਰਯੋਗਹੁੰਦਾ ਹੈ। ਪਰ ਇਹ ਇਸ ਵਿਸ਼ੇ ਦੀ ਵਡਿਆਈ ਹੈ ਅਤੇ ਇਨ੍ਹਾਂ ਰਾਹੀਂ ਇਹ ਸਾਨੂੰ ਕੁਦਰਤ ਦੇ ਅਥਾਹ ਅਤੇ ਬੇਅੰਤ ਹੋਣ ਦਾਅਮਲੀ ਗਿਆਨ ਪ੍ਰਾਪਤ ਹੁੰਦਾ ਹੈ। ਕਿਸੇ ਅਲੌਕਿਕ ਸ਼ਕਤੀ ਵਿੱਚ ਭਰੋਸਾ ਨਾ-ਰੱਖਣ ਵਾਲ਼ਿਆਂ ਵਾਸਤੇ ਵੀ ਇਹ ਜ਼ਰੂਰੀ 'ਸਧਾਰਨ-ਗਿਆਨ' ਦਾ ਵਿਸ਼ਾ ਹੈ ਪਰ ਪਰਮਾਤਮਾ ਅਤੇ ਕੁਦਰਤ 'ਚ ਭਰੋਸਾ ਰੱਖਣ ਵਾਲ਼ਿਆਂ ਵਾਸਤੇ ਤਾਂ ਇਹ ਉਸ ਦੀ ਅਦਭੁੱਤ ਅਤੇ ਵਿਸਮਾਦ-ਮਈ ਰਚਨਾ ਦਾ ਪ੍ਰਤੱਖ ਸਬੂਤ ਹੈ। ਇੱਥੇ ਇਹ ਗੱਲ ਪ੍ਰਸੰਗਕ ਹੈ ਕਿ ਅੱਜ ਲੱਗਭੱਗ ਹਰ ਵਿਗਿਆਨਕ ਥਿਊਰੀ ਨੇ ਇਹ ਸਵੀਕਾਰ ਕਰ ਲਿਆ ਹੈ ਕਿਬ੍ਰਹਿਮੰਡ ਦੀ ਰਚਨਾ 1,380 ਕਰੋੜ ਸਾਲ ਪਹਿਲਾਂ ਵਾਪਰੇ ਮਹਾਂ-ਵਿਸਫੋਟ (ਬਿੱਗ-ਬੈਂਗ) ਨਾਲ਼ ਹੋਈ ਹੈ। ਨਿਰ-ਸੰਦੇਹ ਇਸ ਦੇ ਹੋ ਰਹੇ ਫੈਲਾਓ ਬਾਰੇ ਮੱਤ-ਭੇਦ ਜ਼ਰੂਰ ਹਨ।

'ਹਬਲ' ਦੂਰਬੀਨ ਵਲੋਂ ਕੀਤੇ ਵਡਮੁੱਲੇ ਕੰਮ ਅਤੇ ਹੁਣ ਭੇਜੀ ਗਈ 'ਜੇਮਸ ਵੈੱਬ' ਦੂਰਬੀਨ ਦੇ ਭਵਿੱਖ ਦੇ ਕਾਰਨਾਮਿਆਂ ਨੂੰ ਸਮਝਣ ਵਾਸਤੇ ਪੁਲਾੜ ਦੇ ਕੁਝ ਮੁੱਢਲੇ ਤੱਥਾਂ ਅਤੇ ਅੰਕੜਿਆਂ 'ਤੇ ਨਜ਼ਰ-ਸਾਨੀ ਜ਼ਰੂਰੀ ਹੈ।ਇਨ੍ਹਾਂ ਵਿੱਚ ਰੌਸ਼ਨੀ ਦੀ ਸਪੀਡ ਦਾ ਖਾਸ ਮਹੱਤਵ ਹੈ। ਸਾਡੀਆਂ ਰੋਜ-ਮਰਾ ਦੀਆਂ ਗਿਣਤੀਆਂ-ਮਿਣਤੀਆਂ ਦੀ ਤੁਲਨਾ ਵਿੱਚ ਪੁਲਾੜ ਦੇ ਫਾਸਲੇਅਸੀਮ ਅਤੇਬੇ-ਅੰਤ ਹਨ।ਇਨ੍ਹਾਂ ਨੂੰ ਨਾਪਣ ਦੇ ਢੰਗ-ਤਰੀਕੇਵੀ ਇਨ੍ਹਾਂ ਫਾਸਲਿਆਂ ਅਨੁਸਾਰ ਹੀ ਹਨ ਅਤੇ ਇਨ੍ਹਾਂ ਦਾ ਪੈਮਾਨਾ 'ਰੌਸ਼ਨੀ ਦੀ ਸਪੀਡ'ਹੈ। ਇਹ ਸਪੀਡ ਤਿੰਨ ਲੱਖ ਕਿਲੋ-ਮੀਟਰ ਪ੍ਰਤੀ ਸੈਕੰਡ ਹੈ।ਲਾਈਟ ਦੀ ਇੰਨੀ ਸਪੀਡ ਹੋਣ ਦੇ ਬਾਵਜੂਦ ਵੀ ਪੁਲਾੜ ਦੀਆਂ ਦੂਰੀਆਂ ਨਾਪਣ ਵਾਸਤੇ ਇੰਨਾ ਹੀ ਕਾਫੀ ਨਹੀਂ। ਇਸ ਵਾਸਤੇ ਹੋਰ ਵੱਡਾ 'ਗਜ' ਬਣਾਇਆ ਗਿਆ ਹੈ ਜਿਸ ਨੂੰ ਰੌਸ਼ਨੀ-ਸਾਲ (ਲਾਈਟ ਯੀਅਰ) ਕਿਹਾ ਜਾਂਦਾ ਹੈ। ਇਹ ਰੌਸ਼ਨੀ ਵਲੋਂ ਇੱਕ ਸਾਲ ਵਿੱਚ ਤਹਿ ਕੀਤੇ ਕਿਲੋ-ਮੀਟਰਾਂ ਬਰਾਬਰ ਅਰਥਾਤ ਸਾਢੇ ਨੌਂ ਲੱਖ ਕਰੋੜ ਕਿਲੋ-ਮੀਟਰ ਦਾ ਹੈ। ਉਦਾਹਰਣ ਵਜੋਂ ਸੂਰਜ, ਜੋ ਸਾਡੀ ਧਰਤੀ ਤੋਂ ਪੰਦਰਾਂ ਕਰੋੜ ਕਿਲੋ-ਮੀਟਰ ਦੂਰ ਹੈ, ਦੀ ਰੌਸ਼ਨੀ ਧਰਤੀ ਤੱਕ ਪਹੁੰਚਣ ਵਿੱਚ ਸਿਰਫ ਅੱਠ ਮਿੰਟ ਲਗਦੇ ਹਨ।

ਇੰਨੇ ਵੱਡੇ 'ਗਜ' ਦੀ 'ਜਰੂਰਤ ਸਮਝਣ ਵਾਸਤੇ ਸਾਡੇ ਬ੍ਰਹਿਮੰਡ (ਯੂਨੀਵਰਸ) ਦੀ ਅਨੰਤਤਾ 'ਤੇ ਨਜ਼ਰ-ਸਾਨੀ ਦੀ ਲੋੜ ਹੈ। ਅੱਜ ਦੇ ਪ੍ਰਸਿੱਧ ਪੁਲਾੜ-ਵਿਗਿਆਨੀਆਂ ਵਿੱਚੋਂ ਇੱਕ 'ਨੀਲ ਡੀ-ਗਰੈਸ ਟਾਈਸਨ' ਅਨੁਸਾਰ:

*ਸਾਡੇ ਸੂਰਜ ਦੇ ਸਭ ਤੋਂ ਨੇੜੇ ਦਾ ਹੋਰ ਸੂਰਜ ਇਸ ਤੋਂ ਸਵਾ ਚਾਰ (4.3) 'ਰੌਸ਼ਨੀ-ਸਾਲ' ਦੂਰ ਹੈ।

*ਸਾਡੀ ਗਲੈਕਸੀ ਵਿੱਚ ਦਸ ਹਜਾਰ ਕਰੋੜ ਸੂਰਜ ਹਨ।

*ਸਾਡੇ ਬ੍ਰਹਿਮੰਡ ਵਿੱਚ ਅੱਗੇ ਦਸ ਹਜਾਰ ਕਰੋੜ ਗਲੈਕਸੀਆਂ ਹਨ।

*ਅੱਜ ਸਮਝਿਆ ਜਾ ਰਿਹਾ ਹੈ ਕਿ ਅਨੇਕਾਂ ਬ੍ਰਹਿਮੰਡ ਹਨ।

*ਗੁਰਬਾਣੀ ਵਿੱਚ "ਕੋਟਿ ਬ੍ਰਹਿਮੰਡ ਕੋ ਠਾਕੁਰੁ ਸੁਆਮੀ" ਦਾ ਜਿਕਰ ਹੈ।

ਨਵੀਂ ਦੂਰਬੀਨ ਦੇ ਜਿੰਮੇ ਲੱਗੇ ਕੰਮਾਂ ਦੀ ਕਿਸਮ ਅਤੇ ਵਿਲੱਖਣਤਾ ਸਮਝਣ ਵਾਸਤੇ ਇਹ ਵੀ ਜ਼ਰੂਰੀ ਹੈ ਕਿ ਬ੍ਰਹਿਮੰਡ ਦੀ ਰਚਨਾ ਅਤੇ ਇਸ ਦੀ ਬਣਤਰ ਬਾਰੇ ਮੁੱਢਲੀ ਜਾਣਕਾਰੀ ਦੀ ਦੁਹਰਾਈ ਕੀਤੀ ਜਾਵੇ। ਇਹ ਕਿਸੇ ਧਾਰਮਿਕ ਗ੍ਰੰਥ ਦੀਆਂ ਗੱਲਾਂ ਨਹੀਂ ਬਲਕਿ ਇਹ ਵਿਗਿਆਨਕ ਤੱਥ ਹਨ । ਕੁਝ ਦਿਲਚਸਪ ਅਤੇ ਜ਼ਰੂਰੀ ਤੱਥ ਇਹ ਹਨ:

*1,380 ਕਰੋੜ ਸਾਲ ਪਹਿਲਾਂ 'ਬਿੱਗ-ਬੈਂਗ' ਦੇ ਅਦਭੁਤ ਵਰਤਾਰੇ ਨਾਲ਼ ਬ੍ਰਹਿਮੰਡ ਦੀ ਰਚਨਾ ਸ਼ੁਰੂ ਹੋਈ।

*1,370 ਕਰੋੜ ਸਾਲ ਪਹਿਲਾਂ ਸ਼ੁਰੂ ਦੇ ਤਾਰੇ ਬਣੇ।

*1,270 ਕਰੋੜ ਸਾਲ ਪਹਿਲਾਂ ਸ਼ੁਰੂ ਦੀਆ ਗਲੈਕਸੀਆਂ ਬਣੀਆਂ।

*1,000 ਕਰੋੜ ਸਾਲ ਪਹਿਲਾਂਆਧੁਨਿਕ ਗਲੈਕਸੀਆਂ ਬਣੀਆਂ।

*460 ਕਰੋੜ ਸਾਲ ਪਹਿਲਾਂ ਸਾਡਾ ਸੂਰਜੀ ਸਿਸਟਮ ਬਣਿਆ। ਸਾਡਾ ਸੂਰਜ ਇੱਕ ਤਾਰਾ ਹੈ।

*455 ਕਰੋੜ ਸਾਲ ਪਹਿਲਾਂ ਧਰਤੀ ਬਣੀ।

ਜਾਣਨ-ਯੋਗ ਹੈ ਕਿ ਕੁਦਰਤ ਨੇ ਬ੍ਰਹਿਮੰਡ ਨੂੰ ਇੱਕੋ ਹੀ ਵਾਰ ਪੱਕੇ ਤੌਰ 'ਤੇ ਨਹੀਂ ਬਣਾਇਆ ਬਲਕਿ ਇਹ ਸ਼ੁਰੂ ਤੋਂ ਹੀ ਗਤੀਸ਼ੀਲ ਹੈ, ਭਾਵ ਹਰ ਪਲ ਫੈਲ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਗਲੈਕਸੀਆਂ ਇੱਕ ਦੂਜੀ ਤੋਂ ਦੂਰ ਜਾ ਰਹੀਆਂ ਹਨ ਪਰ ਇਨ੍ਹਾਂ ਦਾ ਆਪਣਾ ਆਕਾਰ ਅਤੇ ਆਪਣੀ ਸ਼ਕਲ ਸਥਿਰ ਹੈ। ਇਸੇ ਕਰ ਕੇ ਪੁਲਾੜ-ਵਿਗਿਆਨੀ ਇਹ ਸਮਝਣਾ ਚਾਹੁੰਦੇ ਹਨ ਕਿ 'ਬਿੱਗ-ਬੈਂਗ' ਰਾਹੀਂ ਰਚਨਾ ਤੋਂ ਕੁਛ ਚਿਰ ਬਾਅਦ ਇਹ ਕਿਹੋ ਜਿਹਾ ਸੀ ਅਤੇ ਹੁਣ ਕਿਹੋ ਜਿਹਾ ਹੈ। ਬਿੱਗ-ਬੈਂਗ (ਜ਼ੀਰੋ-ਪੁਆਇੰਟ) ਵੇਲ਼ੇ ਅਤੇ ਉਸ ਤੋਂ ਤੁਰਤ ਬਾਅਦ ਦੀ ਸਥਿਤੀ ਬਾਰੇ ਪਤਾ ਲਾਉਣਾ ਅੱਜ ਦੀ ਤਕਨਾਲੋਜੀ ਵਾਸਤੇ ਸੰਭਵ ਨਹੀ। ਪਰ ਨਵੀਂ ਦੂਰਬੀਨ ਬਿੱਗ-ਬੈਂਗ ਵਾਪਰਨ ਤੋਂ 20 ਕਰੋੜ ਸਾਲ ਬਾਅਦ ਦੀ ਸਥਿਤੀ ਦਾ ਪਤਾ ਕਰ ਸਕਣ ਦੇ ਸਮਰੱਥ ਹੈ। ਜਦ ਕਿ ਪਹਿਲੀ ਦੂਰਬੀਨ 'ਹਬਲ', 40 ਕਰੋੜ ਸਾਲ ਬਾਅਦ ਵਾਪਰੇ ਵਰਤਾਰਿਆਂ ਦਾ ਪਤਾ ਕਰ ਸਕਦੀ ਸੀ। ਆਮ ਸਵਾਲ ਪੁੱਛਿਆ ਜਾ ਰਿਹਾ ਹੈ ਕਿ ਇੰਨੇ ਕੁ ਫਰਕ ਨਾਲ਼ ਕਿੰਨੀ ਕੁ ਜਾਣਕਾਰੀ ਵਧ ਸਕੇਗੀ।ਜਵਾਬ ਹੈ ਕਿ'ਬਿੱਗ-ਬੈਂਗ' ਤੋਂ ਤੁਰਤ ਬਾਅਦ ਘਟਨਾਵਾਂ ਬਹੁਤ ਹੀ ਤੇਜ ਗਤੀ ਨਾਲ ਵਾਪਰੀਆਂ, ਇਸ ਕਰ ਕੇ ਪਹਿਲੇ ਵੀਹ ਕਰੋੜ ਸਾਲਾਂਅੰਦਰ ਰਚਨਾ ਦੀ ਬਣਤਰ ਦੇ ਬਹੁਤ ਜ਼ਿਆਦਾ ਅਹਿਮ ਭੇਦ ਸਮੋਏ ਹੋਏ ਹਨ। ਪੁਲਾੜ-ਵਿਗਿਆਨੀ ਅਤੇ ਸਾਇੰਸਦਾਨ ਇਹੀ ਭੇਦ ਜਾਣਨ ਦੇ ਇੱਛੁਕ ਹਨ ਜੋ ਸਾਡੇ ਗਿਆਨ 'ਚ ਸਾਡੀ ਕਲਪਨਾ ਤੋਂ ਵੀ ਕਿਤੇ ਜ਼ਿਆਦਾ ਵਾਧਾ ਕਰਨਗੇ। ਇਸ ਤਰ੍ਹਾਂ 'ਜੇਮਸ ਵੈੱਬ ਪੁਲਾੜ ਦੂਰਬੀਨ' ਸਹੀ ਅਰਥਾਂ ਵਿੱਚ ਬ੍ਰਹਿਮੰਡੀ ਪਸਾਰੇ ਨੂੰ ਦੇਖਣ ਵਾਲ਼ੀ ਵਿਗਿਆਨਕ ਅੱਖ ਸਾਬਤ ਹੋਵੇਗੀ ਅਤੇ ਆਪਣੇ 'ਤੇ ਖਰਚੇ ਧੰਨ ਅਤੇ ਕੀਤੀ ਵਿਗਿਆਨਕ ਮਿਹਨਤ ਦਾ ਪੂਰਾ ਮੁੱਲ ਮੋੜ ਸਕੇਗੀ।

# ਛੋਟੀ ਉਮਰੇ ਵੱਡੀਆਂ ਮੱਲਾਂ ਮਾਰਨ ਵਾਲੀ ਖੁਸ਼ੀ ਸ਼ਰਮਾ

ਗੁਰਬਖਸ਼ ਸਿੰਘ ਭੰਡਾਲ

17 ਸਾਲ ਦੀ, ਚੰਡੀਗੜ੍ਹ ਦੇ ਕਾਰਮਲ ਕਾਨਵੈਂਟ ਸਕੂਲ ਦੀ ਸਟੂਡੈਂਟ ਖੁਸ਼ੀ ਸ਼ਰਮਾ, ਆਈਏਐਸ ਵਿਚ ਪਹਿਲੇ ਨੰਬਰ ਤੇ ਆਉਣ ਵਾਲੀ , ਮੇਰੀ ਵਿਦਿਆਰਥਣ, ਭਾਵਨਾ ਗਰਗ ਦੀ ਪਿਆਰੀ ਬੇਟੀ ਹੈ ਜਿਸਨੇ ਸਾਹਿਤਕ ਕਿਰਤ ਨਾਲ ਸੁਰਖ਼ੀਆਂ ਬਟੋਰਨੀਆਂ ਸ਼ੁਰੂ ਕਰ ਦਿਤੀਆਂ ਹਨ। ਖੁਸ਼ੀ ਨੇ ਆਪਣਾ ਪਹਿਲਾ ਨਾਵਲ ' ਦਿ ਮਿਸਿੰਗ ਪ੍ਰੋਫੇਸੀ - ਰਾਈਜ਼ ਆਫ ਦਾ ਬਲੂ ਫੀਨਿਕਸ' ਰਿਲੀਜ਼ ਕੀਤਾ ਹੈ। ਸਕੁਐਸ਼ ਅਤੇ ਡਰੈਗਨਬੋਟਿੰਗ ਵਿਚ ਦੋ ਵਾਰ ਰਹੀ ਰਾਸ਼ਟਰੀ ਤਮਗਾ ਜੇਤੂ, ਖੁਸ਼ੀ ਸ਼ਰਮਾ ਨੇ 75000 ਸ਼ਬਦਾਂ ਵਾਲਾ ਆਪਣਾ ਪਹਿਲਾ ਨਾਵਲ ਪੂਰਾ ਕੀਤਾ ਅਤੇ 26 ਅਕਤੂਬਰ 2021 ਨੂੰ ਨਾਵਲ ਰਿਲੀਜ਼ ਹੋਇਆ ਸੀ। ਨਾਵਲ ਨੂੰ ਪਾਠਕਾਂ ਦਾ ਸਕਾਰਾਤਮਕ ਹੁੰਗਾਰਾ ਮਿਲਿਆ ਹੈ। ਪਹਿਲੇ ਮਹੀਨੇ ਵਿੱਚ 1000 ਤੋਂ ਵੱਧ ਕਾਪੀਆਂ ਵਿਕਣ ਦੇ ਨਾਲ, ਇਹ ਨਾਵਲ ਐਮਾਜ਼ਾਨ ਦੀਆਂ ਹਾਟ ਰੀਲੀਜ਼ਾਂ 'ਤੇ ਲਗਾਤਾਰ #1 'ਤੇ ਚੱਲ ਰਿਹਾ ਹੈ।

ਨਾਵਲ ਦੀ ਪ੍ਰਸ਼ੰਸਾ ਕਰਦੇ ਹੋਏ ਇੱਕ ਸੀਨੀਅਰ ਰਿਟਾਇਰਡ ਬਿਊਰੋਕਰੈਟ ਨੇ ਆਪਣੀਆਂ ਟਿੱਪਣੀਆਂ ਵਿੱਚ ਲਿਖਿਆ ਹੈ "ਫੈਂਟਸੀ ਜੋਨੌਰ ਮੇਰੀ ਪਸੰਦੀਦਾ ਜੋਨੌਰ ਨਹੀਂ ਹੈ, ਫਿਰ ਵੀ ਮੈਂ ਖੁਸ਼ੀ ਦੀ ਕਿਤਾਬ ਪੜੀ ਜੋ ਬਹੁਤ ਕੁਝ ਕਹਿੰਦੀ ਹੈ। ਉਸ ਨੂੰ ਇਸ ਅਦਭੁਤ ਸੰਸਾਰ ਦੀ ਸਿਰਜਣਾ ਕਰਨ ਅਤੇ ਇਸ ਨੂੰ ਅਜਿਹੇ ਵੱਖ-ਵੱਖ ਕਿਰਦਾਰਾਂ ਨਾਲ ਭਰਨ ਲਈ ਪੂਰੇ ਅੰਕ ਮਿਲਦੇ ਹਨ। ਭਾਸ਼ਾ ਅਤੇ ਵਰਨਣ ਸ਼ਾਨਦਾਰ ਹਨ । ਪਾਤਰ ਚੰਗੀ ਤਰ੍ਹਾਂ ਦਰਸ਼ਾਏ ਗਏ ਹਨ, ਅਤੇ ਖੁਸ਼ੀ ਕਹਾਣੀ ਦੇ ਮੋੜਾਂ ਨੂੰ ਨਿਪੁੰਨਤਾ ਨਾਲ ਸੰਭਾਲਦੀ ਹੈ। ਉਸ ਲਈ ਮੇਰੀਆਂ ਸ਼ੁੱਭ ਕਾਮਨਾਵਾਂ। ਮੈਂ ਉਮੀਦ ਕਰਦਾ ਹਾਂ ਖੁਸ਼ੀ ਅਗਲੀ ਟੋਲਕੀਨ ਜਾਂ ਜੇ ਕੇ ਰੋਲਿੰਗ ਬਣੇ । ਖੁਸ਼ੀ ਨੇ ਨਾਵਲ ਲਿਖਣ ਦੀ ਪ੍ਰੀਕਿਰਿਆ ਬਾਰੇ ਖੁਲ ਕੇ ਗੱਲਾਂ ਕੀਤੀਆਂ ਹਨ ਜੋ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ।

????ਮੁਬਾਰਕਾਂ ਖੁਸ਼ੀ, !! ਤੁਹਾਡਾ ਪਹਿਲੀ ਕਿਤਾਬ ਕਿਸ ਬਾਰੇ ਹੈ?

ਖ਼ੂਸ਼ੀ; ਇਹ ਕਿਤਾਬ ਇੱਕ ਐਡਵੈਂਚਰ ਥ੍ਰਿਲਰ ਹੈ ਜਿਸ ਨੂੰ ਬ੍ਰਹਿਮੰਡ ਵਿੱਚ ਵੱਖ-ਵੱਖ ਗ੍ਰਹਿਆਂ ਦੇ ਨਾਲ ਬਣਾਇਆ ਗਿਆ ਹੈ ਜਿਸ ਵਿਚ ਅਸਧਾਰਨ ਜੀਵ-ਜੰਤੂਅ ਵੱਸੇ ਹੋਏ ਹਨ ਜੋ ਉਨੀ ਹੀ ਤੇਜ਼ੀ ਨਾਲ ਸਪੇਸ ਦੀ ਯਾਤਰਾ ਕਰਦੇ ਹਾਂ ਜਿੰਨੀ ਜਲਦੀ ਅਸੀਂ- ਤੁਸੀਂ ਹਵਾਈ ਜਹਾਜ਼ਾਂ ਵਿੱਚ ਯਾਤਰਾ ਕਰਦੇ ਹਾਂ। ਉਹਨਾਂ ਦੀ ਸ਼ਕਤੀ ਦਾ ਸਰੋਤ ਉਹਨਾਂ ਦੀ ਅੰਦਰੂਨੀ ਊਰਜਾ ਨੂੰ ਵਰਤਣ ਦੀ ਉਹਨਾਂ ਦੀ ਯੋਗਤਾ ਵਿੱਚ ਹੈ, ਜੋ ਵੱਖ-ਵੱਖ ਤੱਤਾਂ ਨੂੰ ਨਿਯੰਤਰਿਤ ਕਰਨ ਤੋਂ ਆਉਂਦੀ ਹੈ। ਇਸ ਨਾਵਲ ਦੀ ਮੁੱਖ ਪਾਤਰ ਐਂਬਰ ਹਾਰਟ ਹੈ, ਜੋ, ਫਾਇਰ ਐਲੀਮੈਂਟਲਿਸਟ ਹੈ। ਐਂਬਰ ਹਾਰਟ, ਤਿੰਨ ਸਦੀਆਂ ਤੋਂ ਪ੍ਰੋਫੇਸੀ ਲਭ ਰਹੀ ਹੈ ਜਿਸ ਵਾਸਤੇ ਉਸਨੂੰ ਕਈ ਗ੍ਰਹਿ ਤੇ ਭਟਕਣਾ ਪੈਂਦਾ ਹੈ । ਪ੍ਰੋਫੇਸੀ ਦੀ ਖੋਜ ਨਿਕੋਲੌਸ (ਜੋ ਕਿ ਐਂਬਰ ਹਾਰਟ ਦਾ ਜੀਵਨ ਸਾਥੀ ਹੈ) ਨੂੰ ਵਾਪਸ ਲਿਆਉਣ ਲਈ ਕੀਤੀ ਜਾ ਰਹੀ ਹੈ। ਜਦੋਂ ਐਂਬਰ ਹਾਰਟ ਪ੍ਰੋਫੇਸੀ ਦੀ ਖੋਜ ਵਿਚ ਗ੍ਰਹਿਆਂ 'ਤੇ ਭਟਕ ਰਹੀ ਹੈ ਉਸਦੇ ਆਪਣੇ ਗ੍ਰਹਿ ਸੋਲਾਰਿਸ ਨੂੰ ਕਾਬੂ ਕਰਨ ਦੀਆਂ ਸਾਜ਼ਿਸ਼ਾਂ, ਥਗਰੋਜ਼ ਦੁਆਰਾ ਰਚੀਆਂ ਜਾ ਰਹੀਆਂ ਹਨ। ਸਾਜ਼ਿਸ਼, ਐਕਸ਼ਨ ਅਤੇ ਸਸਪੈਂਸ ਨਾਲ ਭਰਪੂਰ ਇਹ ਥ੍ਰਿਲਰ ਪਾਠਕ ਦੀ ਉਤੇਜਨਾ ਕਾਇਮ ਰੱਖਦਾ ਹੈ। ਪਾਠਕਾਂ ਨੂੰ ਉਤਸਾਹਿਤ ਰੱਖਦਾ ਹੈ। ਪਾਠਕਾਂ ਨੂੰ ਕਹਾਣੀ ਪੂਰੀ ਕੀਤੇ ਬਿਨਾਂ ਕਿਤਾਬ ਛੱਡਣਾ ਚੁਣੌਤੀਪੂਰਨ ਲੱਗੇਗਾ(ਖੁਸ਼ੀ ਹੱਸਦੀ ਹੈ)।





?????ਕੀ ਕਿਤਾਬ ਹਰ ਉਮਰ ਦੇ ਲੋਕਾਂ ਲਈ ਹੈ?

ਖ਼ੂਸ਼ੀ; ਕਹਾਣੀ ਹਰ ਉਮਰ ਦੇ ਲੋਕਾਂ ਨੂੰ ਆਕਰਸ਼ਤ ਕਰੇਗੀ। ਹਾਲਾਂਕਿ, ਬੱਚੇ, ਬਾਲਗ ਅਤੇ ਨੌਜਵਾਨ ਤੇ ਨਾਵਲ ਦਾ ਮੁੱਖ ਫੋਕਸ ਹੋਵੇਗਾ।

?? ਛੋਟੀ ਉਮਰ ਵਿਚ, ਤੁਸੀਂ ਇੰਨੇ ਰਚਨਾਤਮਕ ਅਤੇ ਇੰਨੇ ਸਿਆਣੇ ਕਿਵੇਂ ਹੋ ਸਕਦੇ ਹੋ?

ਖ਼ੂਸ਼ੀ; ਨਾਵਲ ਦੀ ਪਲਾਟ ਅਤੇ ਕਹਾਣੀ ਕਿਸ਼ੋਰ ਅਤੇ ਨੌਜਵਾਨ ਦਿਲਾਂ ਵਿੱਚ ਇੱਕ ਲਾਲਸਾ ਪੈਦਾ ਕਰਨਾ ਚਾਹੀਦੀ ਹੈ। ਨਾਵਲ ਪ੍ਰਭਾਵਸ਼ਾਲੀ ਬਣਾਉਣ ਲਈ ਭਾਵਨਾਵਾਂ ਅਤੇ ਐਕਸ਼ਨ ਨਾਲ ਜੁੜੀ ਹੋਈ ਹੈ। ਕਹਾਣੀ ਸਸਪੈਂਸ, ਸਾਜ਼ਿਸ਼ ਅਤੇ ਸਾਹਸ ਨਾਲ ਭਰੀ ਹੋਈ ਹੈ, ਜੋ ਪਿਆਰ, ਨਫ਼ਰਤ, ਗੁੱਸਾ, ਹਿੰਮਤ ਅਤੇ ਦੋਸਤੀ ਦੇ ਮਿਸ਼ਰਣ ਨੂੰ ਉਜਾਗਰ ਕਰਦੀ ਹੈ।

???17 ਸਾਲ ਦੀ ਉਮਰ ਵਿੱਚ ਨਾਵਲ ਲਿਖਣ ਬਾਰੇ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ?

ਖੁਸ਼ੀ; ਕਈ ਵਾਰ ਇਹ ਅਵਿਸ਼ਵਾਸ਼ਯੋਗ ਅਤੇ ਕਾਲਪਨਿਕ ਲੱਗਦਾ ਹੈ। ਮੈਂ ਸੈਂਕੜੇ ਕਿਤਾਬਾਂ ਪੜ੍ਹੀਆਂ ਹੋਣਗੀਆਂ। ਮੈਨੂੰ ਯਾਦ ਹੈ ਮੈਂ ਕਈ ਵਾਰ ਸੋਚਦੀ ਸੀ ਕਿ ਕੋਈ ਇੰਨੇ ਸਾਰੇ ਸ਼ਬਦ ਅਤੇ ਚੰਗੀ ਪਲਾਟ ਵਾਲੀ ਕਹਾਣੀ ਕਿਵੇਂ ਲਿਖ ਸਕਦਾ ਹੈ? ਅੱਜ ਮੈਂ ਵੀ 75000 ਤੋਂ ਵੱਧ ਸ਼ਬਦਾਂ ਦੀਇੱਕ ਦਿਲਚਸਪ ਕਹਾਣੀ ਬਾਰੇ ਤੁਹਾਡੇ ਨਾਲ ਗੱਲ ਬਾਤ ਕਰ ਰਿਹਾ ਹਾਂ ।

???? ਤੁਸੀਂ ਕਿਤਾਬ ਲਿਖਣ ਬਾਰੇ ਕਿਵੇਂ ਸੋਚਿਆ?

ਖੁਸ਼ੀ; ਚੁਣੌਤੀਪੂਰਨ ਸਮਾਂ ਰਚਨਾਤਮਕਤਾ ਲਈ ਸਭ ਤੋਂ ਵਧੀਆ ਉਤੇਜਨਾ ਪ੍ਰਦਾਨ ਕਰਦੇ ਹਨ। ਮੈਂ ਹਮੇਸ਼ਾ ਊਰਜਾਤਮਕ ਖਿਡਾਰੀ ਰਹੀ ਹਾਂ। ਦਸਵੀਂ ਦੀਆਂ ਪ੍ਰੀਖਿਆਵਾਂ ਤੋਂ ਤੁਰੰਤ ਬਾਅਦ, ਮਾਰਚ 2020 ਵਿੱਚ, ਜਦੋਂ ਸਕੁਐਸ਼ ਕੋਰਟ ਬੰਦ ਹੋ ਗਈਆਂ, ਮੈਂ ਉਲਝਣ ਵਿਚ ਪੈ ਗਈ । ਜਦੋਂ ਤੱਕ ਤੁਸੀਂ ਆਪਣੇ ਆਪ ਨੂੰ ਕਿਸੇ ਰਚਨਾਤਮਕ ਕੰਮ ਵਿੱਚ ਸ਼ਾਮਲ ਨਹੀਂ ਕਰਦੇ ਹੋ, ਘਰ ਦੀ ਕੈਦ ਬਹੁਤ ਪ੍ਰੇਸ਼ਾਨ ਕਰਨ ਵਾਲੀ ਹੋ ਸਕਦੀ ਹੈ। ਮੈਂ ਕਵਿਤਾ ਵੀ ਲਿਖਦੀ ਰਹੀ ਹਾਂ ਇਹ ਨਾਵਲ ਵਿੱਚ ਪ੍ਰੋਫੇਸੀ ਵੀ ਹੈ ਅਤੇ ਪ੍ਰੇਰਨਾ ਵੀ ਹੈ। ਇਮਾਨਦਾਰੀ ਨਾਲ ਬੋਲਾਂ ਕਿ ਮੈਂ ਕਦੇ ਨਹੀਂ ਸੋਚਿਆ ਸੀ ਕਿ ਪ੍ਰੇਰਨਾ ਦੀ ਛੋਟੀ ਜਿਹੀ ਚੰਗਿਆੜੀ ਇੱਕ ਨਾਵਲ ਦਾ ਰੂਪ ਲੈ ਲਵੇਗੀ। ਜਦੋਂ ਮੈਂ 16ਵੇਂ - 17ਵੇਂ ਚੈਪਟਰ ਲਿਖ ਰਹੀ ਸੀ ਤਾ ਮੈਂਹੈਰਾਨ ਸੀ ਕਿ ਮੈਂ ਕਿੰਨਾ ਕਿੰਨਾ ਲਿਖ ਚੁਕੀ ਹੈ।

???? ਤੁਸੀਂ ਕਿਤਾਬ ਕਦੋਂ ਲਿਖਣੀ ਸ਼ੁਰੂ ਕੀਤੀ, ਅਤੇ ਇਸਨੂੰ ਪੂਰਾ ਕਰਨ ਵਿੱਚ ਕਿੰਨਾ ਸਮਾਂ ਲੱਗਿਆ?

ਖੁਸ਼ੀ: ਮੈਂ ਦਸਵੀਂ ਦੀਆਂ ਪ੍ਰੀਖਿਆਵਾਂ ਤੋਂ ਤੁਰੰਤ ਬਾਅਦ ਲਿਖਣਾ ਸ਼ੁਰੂ ਕਰ ਦਿੱਤਾ। ਫਿਰਇੱਕ ਸਾਇੰਸ ਸਟੂਡੈਂਟ ਹੋਣ ਦੇ ਨਾਤੇ ਅਕਾਦਮਿਕ ਲੋਡ ਮੇਰੀ ਕਿਤਾਬ ਦੀ ਲਿਖਾਈ ਤੇ ਹਾਵੀ ਹੋ ਗਿਆ। ਮੈਂ ਇਸਨੂੰ ਪੂਰੀ ਤਰ੍ਹਾਂ ਛੱਡਣ ਵਾਲੀ ਸੀ ਜਦੋਂ ਸੁਹਾਨੀ, ਮੇਰੀ ਛੋਟੀ ਭੈਣਆਈ ਅਤੇ ਮੈਨੂੰ ਇਸ ਨੂੰ ਖਤਮ ਕਰਨ ਲਈ ਕਿਹਾ।

??? ਕਿਤਾਬ ਵਿੱਚ ਤੁਹਾਡਾ ਪਸੰਦੀਦਾ ਕਿਰਦਾਰ ਕੌਣ ਹੈ?

ਖੁਸ਼ੀ; ਮੇਰੇ ਦੋ ਮਨਪਸੰਦ ਕਿਰਦਾਰ ਹਨ। ਇੱਕ ਹੈ ਐਂਬਰ ਹਾਰਟ, ਅਤੇ ਦੂਜੀ ਆਈਰਿਸ ਹੈ। ਉਹ ਦੋਵੇਂ ਤਾਕਤ, ਹਿੰਮਤ, ਦ੍ਰਿੜ੍ਹ ਇਰਾਦੇ ਨੂੰ ਦਰਸਾਉਂਦੇ ਹਨ, ਅਤੇ ਦੋਵਾਂ ਦੇ ਦਿਮਾਗ ਤੇਜ਼ ਹਨ। ਐਂਬਰ ਬਾਰੇ ਜੋ ਮੈਂ ਖਾਸ ਤੌਰ 'ਤੇ ਪਸੰਦ ਕਰਦੀ ਹਾਂ ਉਹ ਹੈ ਕਿ ਉਹ ਏਕਚਿਤ ਹੈ। ਮੇਰਾ ਮੰਨਣਾ ਹੈ ਕਿ ਆਇਰਿਸ ਐਂਬਰ ਨਾਲੋਂ ਅਹਿਮ ਹੈ ਕਿਉਂਕਿ ਤਾਕਤ ਹਮੇਸ਼ਾ ਸਰੀਰਕ ਨਹੀਂ ਹੁੰਦੀ। ਜਦੋਂ ਯੁੱਧ ਦੌਰਾਨ ਐਂਬਰ ਨੇ ਆਪਣੀ ਪ੍ਰੇਮੀ ਨੂੰ ਖੋ ਦਿੱਤਾ, ਤਾਂ ਆਇਰਿਸ ਨੇ ਆਪਣੇ ਪਿਆਰੇ ਭਰਾ ਨੂੰ ਖੋਹ ਦਿੱਤਾ। ਪਰ ਐਂਬਰ ਜੋ ਇੱਕ ਕਤਲੇਆਮ ਵਿੱਚ ਚਲੀ ਜਾਂਦੀ ਹੈ, ਉਸਦੇ ਉਲਟ ਆਇਰਿਸ ਨੇ ਆਪਣੇ ਆਪ ਨੂੰ ਸੰਭਾਲਿਆ। ਨਾਲ ਹੀ ਐਂਬਰ ਨੂੰ ਬ੍ਰਹਿਮੰਡ ਵਿਚਕਤਲੇਆਮ ਤੋਂ ਰੋਕਣ ਲਈ ਐਂਬਰ ਨਾਲ ਆਪਣਾ ਗ੍ਰਹਿ ਛਡ ਦਿਤਾ। ਇਸ ਉਮੀਦ ਨਾਲ ਕਿ ਇਕ ਦਿਨ ਉਹ ਐਂਬਰ ਨੂੰ ਆਪਣੇ ਨਾਲ ਵਾਪਿਸ ਆਪਣੇ ਗ੍ਰਹਿ ਸੋਲਾਰਸ ਲੈ ਆਏਗੀ।

??? ਕੀ ਅਸੀਂ ਇੱਕ ਸੀਕਵਲ ਦੀ ਉਮੀਦ ਕਰ ਸਕਦੇ ਹਾਂ?

ਖੁਸ਼ੀ: ਕਿਤਾਬ ਨੂੰ ਸ਼ਾਨਦਾਰ ਹੁੰਗਾਰਾ ਅਤੇ ਸਮੀਖਿਆਵਾਂ ਮਿਲ ਰਹੀਆਂ ਹਨ ਅਤੇ ਸੀਕਵਲ ਦੀ ਮੰਗ ਕੀਤੀ ਜਾ ਰਹੀ ਹੈ। 'ਪ੍ਰੇਰਨਾ ਦੀ ਇੱਕ ਸੁਪਾਰ੍ਕ ਸੀਕਵਲ ਲਿਖਣ ਲਈ ਆਉਣੀ ਚਾਹੀਦੀ ਹੈ।' (ਖੁਸ਼ੀ ਹੱਸਦੀ ਹੈ)।


ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?



ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

# ਅਸਲੋਂ ਅਲੋਕਾਰ ਦ੍ਰਿਸ਼ ਜਾਪਦਾ ਹੈ ਇਸ ਵਾਰ ਪੰਜਾਬ ਦੀਆਂ ਚੋਣਾਂ ਦਾ

ਪੰਜਾਬ ਸਮੇਤ ਪੰਜਾਂ ਰਾਜਾਂ ਦੀਆਂ ਚੋਣਾਂ ਵਿੱਚ ਕਿਹੜੇ ਰਾਜ ਵਿੱਚ ਕਿਹੜੀ ਧਿਰ ਦੀ ਜਿੱਤ ਹੋਵੇਗੀ, ਇਸ ਗੱਲ ਦੀ ਭਵਿੱਖਬਾਣੀ ਤੇ ਸਰਵੇਖਣੀ ਅੰਦਾਜ਼ੇ ਲਾਉਣ ਵਾਲੇ ਅਗੇਤੇ ਸਰਗਰਮ ਹੋਣ ਲੱਗ ਪਏ ਹਨ। ਹਾਲਾਤ ਹਰ ਰਾਜ ਲਈ ਓਥੋਂ ਦੀਆਂ ਸਮੱਸਿਆਵਾਂ ਮੁਤਾਬਕ ਜਿਸ ਟਕਰਾਅ ਦੇ ਸੰਕੇਤ ਸਭ ਥਾਂ ਵੱਖੋ-ਵੱਖ ਦੇ ਰਹੇ ਹਨ, ਓਥੋਂ ਸਾਫ ਜਾਪਦਾ ਹੈ ਕਿ ਇਸ ਵਾਰੀ ਕੇਂਦਰ ਵਿੱਚ ਰਾਜ ਕਰਦੀ ਭਾਜਪਾ ਦਾ 'ਮੋਦੀ ਹੈ ਤੋ ਮੁਮਕਿਨ ਹੈ' ਵਾਲਾ ਨਾਅਰਾ ਪਹਿਲਾਂ ਵਾਂਗ ਨਹੀਂ ਚੱਲਣਾ ਅਤੇ ਨਤੀਜੇ ਅਸਲੋਂ ਹੈਰਾਨ ਕਰਨ ਵਾਲੇ ਨਿਕਲ ਸਕਦੇ ਹਨ। ਫਿਰ ਵੀ ਇਹ ਗੱਲ ਇਨ੍ਹਾਂ ਸਾਰੇ ਰਾਜਾਂ ਵਿਚਲੇ ਅਤੇ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਬੈਠੇ ਹੋਏ ਕਈ-ਕਈ ਚੋਣਾਂ ਦੇ ਤਜਰਬੇ ਵਾਲੇ ਪੱਤਰਕਾਰ ਆਪਸੀ ਗੱਲਬਾਤ ਵਿੱਚ ਮੰਨ ਰਹੇ ਹਨ ਕਿ ਹਰ ਥਾਂ ਆਮ ਲੋਕਾਂ ਵਿਚਲੀ ਬੇਚੈਨੀ ਇਸ ਵਾਰੀ ਕਿਸੇ ਇੱਕੋ ਧਿਰ ਦੇ ਪੱਖ ਵਿੱਚ ਭੁਗਤਣ ਵਾਲੀ ਨਹੀਂ ਦਿੱਸਦੀ ਤੇ ਬਹੁਤੇ ਥਾਂਈਂ ਵੰਡਵੇਂ ਫਤਵੇ ਦੇ ਸਕਦੀ ਹੈ। ਸਾਡੇ ਪੰਜਾਬ ਵਿੱਚ ਹਾਲਾਤ ਕਈ ਲੋਕਾਂ ਨੂੰ ਏਦਾਂ ਦੇ ਨਹੀਂ ਜਾਪਦੇ ਅਤੇ ਉਹ ਇੱਕ ਖਾਸ ਧਿਰ ਦੇ ਪੱਖ ਵਿੱਚ ਆਮ ਲੋਕਾਂ ਵਿੱਚ ਰੁਝਾਨ ਵੇਖਣ ਦੀ ਗੱਲ ਕਹਿੰਦੇ ਹਨ, ਜਦ ਕਿ ਕੁਝ ਹੋਰ ਸੱਜਣ ਉਲਟੇ ਪਾਸੇ ਨੂੰ ਵਹਿਣ ਦੀ ਗੱਲ ਵੀ ਕਹਿੰਦੇ ਹਨ, ਇਸ ਲਈ ਅਜੇ ਏਥੇ ਵੀ ਕੋਈ ਸਾਫ ਪ੍ਰਭਾਵ ਨਹੀਂ ਮਿਲਦਾ।

ਕਾਰਨ ਇਸ ਦਾ ਇਹ ਕਿ ਪੰਜਾਬ ਦੀ ਰਿਵਾਇਤੀ ਰਾਜਨੀਤੀ ਦੀਆਂ ਦੋਵੇਂ ਵੱਡੀਆਂ ਧਿਰਾਂ ਕਾਂਗਰਸ ਅਤੇ ਅਕਾਲੀ ਦਲ ਪਹਿਲਾਂ ਵਾਲੀ ਪੁਜ਼ੀਸ਼ਨ ਵਿੱਚ ਨਹੀਂ ਹਨ ਅਤੇ ਦੋਵਾਂ ਮੂਹਰੇ ਅੜਿੱਕੇ ਬਹੁਤ ਜ਼ਿਆਦਾ ਹਨ। ਅਕਾਲੀ ਲੀਡਰਸ਼ਿਪ ਨੂੰ ਇਸ ਗੱਲੋਂ ਤਸੱਲੀ ਜਿਹੀ ਹੈ ਕਿ ਉਨ੍ਹਾਂ ਦਾ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਕਈ ਦਿਨ ਲੁਕਿਆ ਰਹਿਣ ਦੇ ਬਾਅਦ ਹਾਈ ਕੋਰਟ ਤੋਂ ਜ਼ਮਾਨਤ ਲੈਣ ਪਿੱਛੋਂ ਰਾਜਨੀਤੀ ਦੇ ਮੈਦਾਨ ਵਿੱਚ ਆਉਣ ਜੋਗਾ ਹੋ ਗਿਆ ਹੈ, ਪਰ ਉਸ ਦੇ ਕੇਸ ਨਾਲ ਉਸ ਦੇ ਘੇਰੇ ਸਵਾਲਾਂ ਦੀ ਵਾਛੜ ਏਨੀ ਵੱਡੀ ਹੋ ਸਕਦੀ ਹੈ ਕਿ ਉਸ ਨੂੰ ਥਾਂ-ਥਾਂ ਸਫਾਈਆਂ ਦੇਣ ਦੀ ਲੋੜ ਪੈਣੀ ਹੈ। ਫਿਰ ਵੀ ਉਸ ਨੇ ਪਹਿਲੇ ਕੁਝ ਬਿਆਨਾਂ ਵਿੱਚ ਜਿੱਦਾਂ ਦੀ ਚਾਂਦਮਾਰੀ ਪੰਜਾਬ ਦੀ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਖਿਲਾਫ ਕੀਤੀ ਹੈ, ਉਸ ਨਾਲ ਅਕਾਲੀ ਦਲ ਦੇ ਲੋਕਾਂ ਤੋਂ ਵੀ ਵੱਧ ਕਾਂਗਰਸ ਅੰਦਰ ਸਿੱਧੂ ਵਿਰੋਧੀ ਮੰਨੇ ਜਾਂਦੇ ਕਈ ਆਗੂ ਤੇ ਉਨ੍ਹਾਂ ਕਾਂਗਰਸੀਆਂ ਦੇ ਧੜੇ ਮਜੀਠੀਏ ਦੀ ਸਰਗਰਮੀ ਤੋਂ ਵਾਹਵਾ ਖੀਵੇ ਹੋਏ ਪਏ ਹਨ। ਅਕਾਲੀ ਦਲ ਬਿਕਰਮ ਸਿੰਘ ਮਜੀਠੀਏ ਨੂੰ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਨਵਜੋਤ ਸਿੰਘ ਸਿੱਧੂ ਦੇ ਖਿਲਾਫ ਚੋਣ ਲੜਾਵੇ ਜਾਂ ਨਾ, ਪਰ ਇੱਕ ਗੱਲ ਪੱਕੀ ਹੈ ਕਿ ਇਸ ਬਹਾਨੇ ਉਸ ਨੇ ਉਸ ਹਲਕੇ ਵੱਲ ਸਾਰਿਆਂ ਦੀਆਂ ਨਜ਼ਰਾਂ ਘੁਮਾ ਦਿੱਤੀਆਂ ਹਨ। ਇਸ ਕਾਰਨ



ਨਵਜੋਤ ਸਿੰਘ ਸਿੱਧੂ ਆਪਣੇ ਹਲਕੇ ਵਿੱਚ ਬੁਰੀ ਤਰ੍ਹਾਂ ਫਸ ਸਕਦਾ ਹੈ ਤੇ



ਜਤਿੰਦਰ ਪੰਨੂ

ਉਸ ਦੀ ਬਾਕੀ ਪੰਜਾਬ ਵਿੱਚ ਘੱਟ ਹਾਜ਼ਰੀ ਦਾ ਲਾਭ ਉਸ ਦੇ ਨਾਲ ਵਿਰੋਧ ਵਾਲੇ ਕਾਂਗਰਸੀ ਆਗੂਆਂ ਨੂੰ ਚੋਣਾਂ ਤੋਂ ਬਾਅਦ ਦੀ ਸਫਬੰਦੀ ਲਈ ਮਿਲ ਸਕਦਾ ਹੈ।

ਕਾਂਗਰਸ ਪਾਰਟੀ ਪਿਛਲੇ ਸਾਢੇ ਤਿੰਨ ਮਹੀਨਿਆਂ ਦੀ ਨਵੀਂ ਸਰਕਾਰ ਦੀ ਹੋਂਦ ਨਾਲ ਆਮ ਲੋਕਾਂ ਦਾ ਕੋਈ ਭਲਾ ਤਾਂ ਕਰ ਸਕੀ ਦਿੱਸਦੀ ਨਹੀਂ, ਪਰ ਇੱਕ ਕੰਮ ਇਸ ਦੌਰਾਨ ਹੋ ਗਿਆ ਹੈ ਕਿ ਲੋਕ ਪਿਛਲੇ ਸਾਢੇ ਸਾਢੇ ਚਾਰ ਸਾਲਾਂ ਦੀ ਅਸਲੋਂ ਬੇਹਰਕਤੀ ਦੀ ਚਰਚਾ ਛੱਡ ਕੇ ਹੋਰ ਮੁੱਦਿਆਂ ਦੇ ਬਾਰੇ ਗੱਲਾਂ ਕਰਨ ਲੱਗੇ ਹਨ। ਚਰਨਜੀਤ ਸਿੰਘ ਚੰਨੀ ਤੇ ਨਵਜੋਤ ਸਿੰਘ ਸਿੱਧੂ ਦੋਵੇਂ ਜਣੇ ਮਿਲ ਕੇ ਚੱਲਦੇ ਤਾਂ ਇਸ ਦਾ ਲਾਭ ਲੈ ਸਕਦੇ ਸਨ, ਪਰ ਆਪਸੀ ਖਹਿਬਾਜ਼ੀ ਕਾਰਨ ਉਹ ਇਸ ਦਾ ਲਾਭ ਲੈਣ ਵਾਲੀ ਕੋਈ ਕਾਰਗੁਜ਼ਾਰੀ ਪੇਸ਼ ਨਹੀਂ ਕਰ ਸਕੇ। ਉਲਟਾ ਲਗਭਗ ਹਰ ਵਿਧਾਨ ਸਭਾ ਹਲਕੇ ਵਿੱਚ ਕਾਂਗਰਸ ਦੇ ਉਮੀਦਵਾਰਾਂ ਵਿੱਚੋਂ ਕੋਈ ਨਵਜੋਤ ਸਿੰਘ ਸਿੱਧੂ ਦਾ ਤੇ ਕੋਈ ਚਰਨਜੀਤ ਸਿੰਘ ਚੰਨੀ ਦਾ ਚੇਲਾ ਮੰਨਿਆ ਜਾਣ ਕਾਰਨ ਏਦਾਂ ਦੇ ਹਾਲਾਤ ਬਣਨ ਲੱਗੇ ਹਨ ਕਿ ਵਿਰੋਧੀਆਂ ਨਾਲ ਜਿੱਤ-ਹਾਰ ਬਾਰੇ ਸੋਚਣ ਦੀ ਥਾਂ ਦੂਸਰੇ ਧੜੇ ਦੇ ਲੀਡਰ ਨੂੰ ਉਖਾੜਨ ਦੇ ਮੁੱਦੇ ਨੂੰ ਪਹਿਲ ਦਿੱਤੀ ਜਾ ਰਹੀ ਹੈ। ਇਹੋ ਹਾਲਤ ਰਹੀ ਤਾਂ ਪਾਰਟੀ ਭੱਲ ਖੱਟਣ ਦੀ ਥਾਂ ਮਾਰ ਖਾ ਸਕਦੀ ਹੈ।

ਪਿਛਲੀ ਵਾਰੀ ਚੋਣਾਂ ਵਿੱਚ ਮੁੱਖ ਵਿਰੋਧੀ ਧਿਰ ਵਜੋਂ ਸਾਹਮਣੇ ਆਈ ਆਮ ਆਦਮੀ ਪਾਰਟੀ ਇਸ ਵਾਰੀ ਸੰਭਲ ਕੇ ਚੱਲ ਰਹੀ ਹੈ, ਪਰ ਕਿਸਾਨ ਸੰਘਰਸ਼ ਜਿੱਤਣ ਪਿੱਛੋਂ ਚੋਣ ਮੈਦਾਨ ਵੱਲ ਆਏ ਕਿਸਾਨ ਲੀਡਰਾਂ ਦੇ ਇੱਕ ਧੜੇ ਨਾਲ ਸਿਰੇ ਲੱਗਦੀ ਗੱਲ ਟੁੱਟ ਜਾਣ ਨਾਲ ਉਸ ਅੱਗੇ ਮੁਸ਼ਕਲਾਂ ਏਸੇ ਕਿਸਾਨ ਧਿਰ ਦੇ ਕਾਰਨ ਵਧ ਸਕਦੀਆਂ ਹਨ। ਉਸ ਕਿਸਾਨ ਧੜੇ ਦੇ ਪੱਲੇ ਕੀ ਪੈਂਦਾ ਹੈ, ਬਾਕੀ ਦੀਆਂ ਕਿਸਾਨ ਧਿਰਾਂ ਇਸ ਧੜੇ ਨਾਲ ਕਿੱਦਾਂ ਵਿਹਾਰ ਕਰਦੀਆਂ ਹਨ, ਇਹ ਗੱਲਾਂ ਅਜੇ ਸਾਫ ਨਹੀਂ ਹੋਈਆਂ ਤੇ ਪ੍ਰਭਾਵ ਇਹ ਮਿਲਦਾ ਹੈ ਕਿ ਚੋਣਾਂ ਤੋਂ ਲਾਂਭੇ ਬੈਠੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਸੂਈ ਏਥੇ ਟਿਕੀ ਹੋਈ ਹੈ ਕਿ ਅਸੀਂ ਚੋਣ ਨਹੀਂ ਲੜਨੀ ਤਾਂ ਇਨ੍ਹਾਂ ਨੂੰ ਵੀ ਸੌਖੇ ਨਹੀਂ ਲੜਨ ਦੇਣੀ। ਜਟਕਾ ਸ਼ਰੀਕੇ ਦੀ ਰਿਵਾਇਤ ਵੀ ਹੈ ਕਿ ਜੇ ਆਪਣੇ ਮੁੰਡੇ ਨੂੰ ਸਾਕ ਨਾ ਹੁੰਦਾ ਹੋਵੇ ਤਾਂ ਸ਼ਰੀਕ ਦਾ ਮੁੰਡਾ ਵੀ ਵਿਆਹਿਆ ਜਾਂਦਾ ਵੇਖਣਾ ਔਖਾ ਹੁੰਦਾ ਹੈ। ਇਹ ਸੁਭਾਅ ਇਨ੍ਹਾਂ ਚੋਣਾਂ ਵਿੱਚ ਕੁੱਦ ਚੁੱਕੇ ਕਿਸਾਨ ਲੀਡਰਾਂ ਲਈ ਮੁਸ਼ਕਲਾਂ ਖੜੀਆਂ ਕਰ ਸਕਦਾ ਹੈ।

ਪੰਜਾਬ ਵਿੱਚ ਪਹਿਲੀ ਵਾਰੀ ਚੁਣੌਤੀ ਦੇਣ ਦਾ ਦਾਅਵਾ ਕਰਨ ਵਾਲੀ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਅਕਾਲੀ ਦਲ ਤੋਂ ਟੁੱਟੇ ਹੋਏ ਸੁਖਦੇਵ ਸਿੰਘ ਢੀਂਡਸੇ ਨਾਲ ਮਿਲ ਕੇ ਮੈਦਾਨ ਵਿੱਚ ਆਈ ਕੇਂਦਰ ਵਿੱਚ ਰਾਜ ਚਲਾ ਰਹੀ ਭਾਰਤੀ ਜਨਤਾ ਪਾਰਟੀ ਬਹੁਤ ਹੁਲਾਰੇ ਵਿੱਚ ਹੋਣ ਦਾ ਪ੍ਰਭਾਵ ਦੇਂਦੀ ਹੈ। ਉਸ ਦੀ ਸਰਗਰਮੀ ਹਾਲ ਦੀ ਘੜੀ ਪੰਜਾਬ ਦੀ ਹਰ ਪਾਰਟੀ ਵਿੱਚੋਂ ਚੋਣਵੇਂ ਚਿਹਰਿਆਂ ਨੂੰ ਆਪਣੇ ਵੱਲ ਖਿੱਚਣ ਅਤੇ ਇੱਕ ਸੌ ਸਤਾਰਾਂ ਸੀਟਾਂ ਦੇ ਉਮੀਦਵਾਰ ਭਾਲਣ ਦੀ ਹੈ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਜਾਣਦੀ ਹੈ ਕਿ ਪੰਜਾਬ ਵਿੱਚ ਉਸ ਦਾ ਕੋਈ ਖਾਸ ਹੈਸੀਅਤ ਵਾਲਾ ਆਗੂ ਇਹੋ ਜਿਹਾ ਨਹੀਂ, ਜਿਹੜਾ ਪੁਰਾਣੇ ਸਮੇਂ ਵਾਲੇ ਡਾਕਟਰ ਬਲਦੇਵ ਪ੍ਰਕਾਸ਼, ਬਲਰਾਮਜੀ ਦਾਸ ਟੰਡਨ ਜਾਂ ਕਿਸੇ ਹਿੱਤ ਅਭਿਲਾਸ਼ੀ ਵਰਗੀ ਹਸਤੀ ਦਾ ਮਾਲਕ ਹੋਵੇ। ਲੱਖ ਮੱਤਭੇਦਾਂ ਦੇ ਬਾਵਜੂਦ ਉਨ੍ਹਾਂ ਸਾਰੇ ਲੀਡਰਾਂ ਦਾ ਪੰਜਾਬ ਦੇ ਲੋਕਾਂ ਵਿੱਚ ਸਤਿਕਾਰ ਵੀ ਹੁੰਦਾ ਸੀ ਤੇ ਉਹ ਹਾਲਾਤ ਨੂੰ ਮੋੜਾ ਦੇਣ ਦੇ ਵੀ ਸਮਰੱਥ ਸਨ, ਪਰ ਅਕਾਲੀ-ਭਾਜਪਾ ਰਾਜ ਦੇ ਪੰਜ ਸਾਲ ਪਹਿਲੇ ਅਤੇ ਦਸ ਸਾਲ ਬਾਅਦ ਵਾਲੇ ਜਿੱਦਾਂ ਭਾਜਪਾ ਲੀਡਰਸ਼ਿਪ ਨੇ ਬਾਦਲ ਬਾਪ-ਬੇਟੇ ਦੀ ਹਰ ਸਲਾਹ ਮੰਨੀ ਅਤੇ ਆਪਣੀ ਪਾਰਟੀ ਦੇ ਲੀਡਰਾਂ ਨੂੰ ਥੱਲੇ ਲਾਈ ਰੱਖਿਆ ਸੀ, ਉਸ ਨਾਲ ਬਹੁਤ ਨੁਕਸਾਨ ਹੋ ਚੁੱਕਾ ਹੈ। ਅੱਜ ਪੰਜਾਬ ਵਿੱਚ ਇਸ ਪਾਰਟੀ ਕੋਲ ਕੋਈ ਇਹੋ ਜਿਹਾ ਆਗੂ ਨਹੀਂ ਦਿੱਸਦਾ, ਜਿਹੜਾ ਇਸ ਰਾਜ ਦੀ ਭਾਜਪਾ ਦੇ ਆਮ ਵਰਕਰਾਂ ਨੂੰ ਪ੍ਰਭਾਵਤ ਕਰਨ ਜੋਗਾ ਦਿਖਾਈ ਦੇਂਦਾ ਹੋਵੇ। ਜਿਹੜੇ ਕੁਝ ਸਿੱਖ ਚਿਹਰੇ ਇਸ ਪਾਰਟੀ ਨੇ ਏਧਰ-ਓਧਰ ਤੋਂ ਖਿੱਚੇ ਤੇ ਲੀਡਰੀਆਂ ਦੇ ਅਹੁਦੇ ਉਨ੍ਹਾਂ ਨੂੰ ਦਿੱਤੇ ਹਨ, ਸਾਲਾਂ-ਬੱਧੀ ਸਿੱਖਾਂ ਸਣੇ ਸਾਰੀਆਂ ਘੱਟ-ਗਿਣਤੀਆਂ ਦੇ ਵਿਰੋਧ ਦੀ ਰਾਜਨੀਤੀ ਚਲਾਈ ਹੋਈ ਹੋਣ ਕਾਰਨ ਭਾਜਪਾ ਦੇ ਉਨ੍ਹਾਂ ਸਿੱਖ ਚਿਹਰਿਆਂ ਨੂੰ ਭਾਜਪਾ ਅੰਦਰਲੇ ਹਿੰਦੂਤੱਵੀ ਆਗੂ ਅਜੇ ਤੱਕ ਕੋਈ ਮਾਨਤਾ ਨਹੀਂ ਦੇ ਰਹੇ। ਇਨ੍ਹਾਂ ਸਥਿਤੀਆਂ ਦੇ ਕਾਰਨ ਪੰਜਾਬ ਦੀ ਇਸ ਵਾਰ ਦੀ ਵਿਧਾਨ ਸਭਾ ਚੋਣ ਅਸਲੋਂ ਨਵੇਂ ਰੰਗ ਦਿਖਾਉਣ ਵਾਲੀ ਹੋ ਸਕਦੀ ਹੈ, ਪਰ ਇਹ ਰੰਗ ਕਿਸ ਦੇ ਖਿਲਾਫ ਜਾਂ ਹੱਕ ਵਿੱਚ ਜਾਣਗੇ, ਇਸ ਦਾ ਅੰਦਾਜ਼ਾ ਸ਼ਾਇਦ ਚੋਣ ਦੇ ਅਖੀਰ ਤੱਕ ਵੀ ਲਾਉਣਾ ਔਖਾ ਹੋਵੇਗਾ। ਦਿੱਲੀ ਦੇ ਇੱਕ ਸੀਨੀਅਰ ਪੱਤਰਕਾਰ ਦਾ ਕਹਿਣਾ ਹੈ ਕਿ ਉਹ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵੇਲੇ ਬੀਤੇ ਚਾਲੀ ਸਾਲਾਂ ਤੋਂ ਕੰਮ ਕਰਦਾ ਰਿਹਾ ਹੈ, ਪਰ ਇਸ ਵਾਰੀ ਦ੍ਰਿਸ਼ ਅਸਲੋਂ ਅਲੋਕਾਰ ਜਾਪਦਾ ਹੈ।

# ਨਵੇਂ ਦੌਰ ਵਿੱਚ ਪੁਰਾਤਨ ਵਸਤਾਂ ਦਾ ਦੀਵਾਨਾ "ਤਸਵਿੰਦਰ ਸਿੰਘ ਬੜੈਚ"



ਨਵੇਂ ਦੌਰ ਵਿੱਚ ਵਿਲੱਖਣ ਸ਼ਖ਼ਸ਼ੀਅਤ ਦੇ ਮਾਲਕ ਤਸਵਿੰਦਰ ਸਿੰਘ ਬੜੈਚ ਨਾਲ ਹੋਈ ਵਾਰਤਾਲਾਪ ਤੋਂ ਪਤਾ ਚੱਲਿਆ ਕਿ ਉਹ ਪੁਰਾਤਕ ਵਸਤਾਂ ਇਕੱਠੀਆਂ ਕਰਨ ਦਾ ਦੀਵਾਨਾ ਹੈ।ਉਸਨੂੰ ਪੁਰਾਤਨ ਵਸਤਾਂ ਦਾ ਰਖ਼ਵਾਲਾ ਵੀ ਕਹਿ ਲਓ ਤਾਂ ਵੀ ਕੋਈ ਹਰਜ਼ ਨਹੀਂ।

ਕਿਸੇ ਨੇ ਸੱਚ ਹੀ ਕਿਹਾ ਹੈ ਕਿ ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਇਹ ਗੱਲ ਪਿੰਡ ਦੀਵਾਲਾ ਦੇ ਵਸਨੀਕ ਤਸਵਿੰਦਰ ਸਿੰਘ 'ਤੇ ਪੂਰੀ ਢੁੱਕਦੀ ਹੈ। ਸ. ਮੇਵਾ ਸਿੰਘ ਬੜੈਚ ਤੇ ਸ੍ਰੀਮਤੀ ਚਰਨਜੀਤ ਕੌਰ ਬੜੈਚ ਦੇ ਲਾਡਲੇ ਤਸਵਿੰਦਰ ਸਿੰਘ ਨੇ ਸੈਂਕੜੇ ਸਾਲ ਪੁਰਾਣੀਆਂ ਤੇ ਦੁਰਲੱਭ ਵਸਤਾਂ ਸੰਭਾਲ ਕੇ ਆਪਣੇ ਸ਼ੌਕ ਨੂੰ ਪਾਲਣ ਦਾ ਸਬੂਤ ਦਿੱਤਾ ਹੈ। ਤਸਵਿੰਦਰ ਸਿੰਘ ਕਿੱਤੇ ਵਜੋਂ ਖੇਤੀਬਾੜੀ ਦਾ ਕੰਮ ਕਰਦਾ ਹੈ। ਉਸ ਨੇ ਪੁਰਾਣੀਆਂ ਵਸਤੂਆਂ ਜੋ ਬੀਤੇ ਸਮੇਂ ਦੀ ਯਾਦ ਤਾਜ਼ਾ ਕਰਵਾ ਦਿੰਦੀਆਂ ਹਨ, ਨੂੰ ਸੰਭਾਲਿਆ ਹੋਇਆ ਹੈ, ਜਿੰਨ੍ਹਾਂ 'ਚ ਪੁਰਾਣਾ ਸੰਦੂਖ, ਚਰਖ਼ਾ, ਮਧਾਣੀ, ਚੱਕੀ, ਹਲ, ਉਲਟਾਵਾਂ ਹਲ, ਲਾਲਟੇਣ, ਕੰਗਣੀ ਵਾਲੇ ਗਲਾਸ, ਜੱਗ, ਛੰਨੇ, ਕੌਲੀਆਂ, ਥਾਲ, ਗਰਾਮੋਫ਼ੋਨ ਮਸ਼ੀਨਾਂ ਤੇ ਤਵੇ, ਕੋਠੇ ਉੱਪਰ ਵੱਜਣ ਵਾਲਾ ਸਪੀਕਰ, ਸਟੈਂਪ ਪੇਪਰ, ਕਪਾਹ ਵੇਲਣਾ, ਡਾਕ ਟਿਕਟਾਂ, ਊਠ ਦੀ ਕਾਠੀ, ਘੋੜੇ ਦੀ ਕਾਠੀ, ਟਿੰਡਾਂ, ਮਿੱਟੀ ਦੀ ਟਿੰਡ, ਆਰਾ, ਸੇਰ ਵਾਲੇ ਵੱਟੇ, ਤੱਕੜੀ, ਨਿਉਲਾ ਜਿੰਦਾ, ਰੋਪੜੀ ਜਿੰਦਾ, ਗੰਡਾਸਾ, ਗੰਡਾਸੀ, ਕਿੱਸੇ, ਲੱਕੜੀ ਤੇ ਲੋਹੇ ਦਾ ਲਾਹੌਰ ਦਾ ਬਣਿਆ ਸਾਈਕਲ, ਹਮਾਮ, ਟਿਊਬਾਂ ਵਾਲਾ ਰੇਡੀਓ, ਟੇਪਰਿਕਾਰਡ ਤੇ ਕੈਸਿਟਾਂ, ਠੱਪੇ, ਛਾਲਣਾ, ਗਾਂਧੀ ਚਰਖ਼ਾ, ਖੱਡੀ ਵਾਲੀ ਨਾਲ, ਦਰੀ ਵਾਲਾ ਪੱਖਾ ਤੇ ਝੋਲਾ, ਅਟੇਰਨ, ਸੁਰਮੇਦਾਨੀ ਆਦਿ ਵਸਤੂਆਂ ਉਸ ਕੋਲ ਮੌਜੂਦ ਹਨ। ਜੇ ਗੱਲ ਕਰੀਏ ਪੁਰਾਤਨ ਸਿੱਕਿਆਂ ਦੀ ਤਾਂ ਉਸ ਕੋਲ ਡਬਲੀ ਪੈਸੇ, ਗਲੀ ਵਾਲੇ ਪੈਸੇ, ਆਨੇ, ਅੱਧੇ ਆਨੇ, ਚਾਂਦੀ ਦਾ ਰੁਪਿਆ, ਦਮੜਾ ਦਮੜੀ, ਮਹਾਰਾਜਾ ਰਾਜਿੰਦਰ ਸਿੰਘ ਪਟਿਆਲਾ ਦੇ ਸਿੱਕੇ, ਸ਼ੇਰ ਸਾਹ ਸੂਰੀ ਦੇ ਸਿੱਕੇ, ਈਸਟ ਇੰਡੀਆ ਕੰਪਨੀ ਦੇ ਸਿੱਕੇ, ਨਾਨਕਸ਼ਾਹੀ ਆਦਿ ਸਿੱਕੇ ਮੌਜੂਦ ਹਨ। ਉਸ ਨੂੰ ਇਹ ਸਾਰਾ ਖਜ਼ਾਨਾ ਇਕੱਠਾ ਕਰਨ ਲਈ ਇੰਡੀਆ ਦੇ ਕੋਨੇ-ਕੋਨੇ ਤੱਕ ਘੁੰਮਣਾ ਪਿਆ। ਉਸ ਅੰਦਰਲਾ ਜਨੂੰਨ ਅੱਜ ਵੀ ਉਸ ਨੂੰ ਇਸ ਵਿਲੱਖਣ ਕਾਰਜ ਲਈ ਟਿਕਣ ਨਹੀਂ ਦਿੰਦਾ। ਉਸ ਨੂੰ ਜਦ ਵੀ ਵਿਹਲ ਮਿਲਦੀ ਹੈ, ਉਹ ਆਪਣੇ ਸ਼ੌਕ ਦੀ ਪੂਰਤੀ-ਹਿੱਤ ਚਾਲੇ ਪਾ ਦਿੰਦਾ ਹੈ। ਉਸ ਨੇ ਇਹ ਸਾਰੀਆਂ ਚੀਜ਼ਾਂ ਕਾਫ਼ੀ ਰੁਪਏ ਖ਼ਰਚ ਕੇ ਇਕੱਠੀਆਂ ਕੀਤੀਆਂ ਹਨ। ਇਹ ਪੁਰਾਤਨ ਵਸਤਾਂ ਇਕੱਠੀਆਂ ਕਰਨ ਦਾ ਸ਼ੌਕ ਉਸਨੂੰ ਸੰਨ 1998 ਵਿੱਚ ਪਿਆ, ਜਦੋਂ ਉਸਨੂੰ ਆਪਣੇ ਖੇਤ 'ਚ ਕੰਮ ਕਰਦੇ ਨੂੰ ਇੱਕ ਅੰਗਰੇਜ਼ਾਂ ਦੇ ਵੇਲੇ ਦਾ ਸਿੱਕਾ ਲੱਭਿਆ। ਉਦੋਂ ਤੋਂ ਹੀ ਉਸ ਨੇ ਇਨ੍ਹਾਂ ਅਲੋਪ ਹੋ ਰਹੀਆਂ ਚੀਜ਼ਾਂ ਨੂੰ ਇਕੱਠਿਆਂ ਕਰਨ ਦਾ ਸਫ਼ਰ ਸ਼ੁਰੂ ਕਰ ਦਿੱਤਾ। ਇਸ ਸ਼ੌਕ ਨੂੰ ਵੱਧਣ-ਫੁੱਲਣ ਵਿੱਚ ਉਸਦੇ ਮਾਤਾ-ਪਿਤਾ ਦਾ ਅਸ਼ੀਰਵਾਦ ਤੇ ਜੀਵਨ - ਸਾਥਣ ਹਰਜਿੰਦਰ ਕੌਰ ਤੇ ਦੋਸਤ ਚਮਕੌਰ ਸਿੰਘ ਘਣਗਸ ਦਾ ਵਿਸ਼ੇਸ਼ ਸਹਿਯੋਗ ਰਿਹਾ ਉਹ ਸੱਭਿਆਚਾਰਕ ਮੇਲਿਆਂ, ਸਕੂਲਾਂ, ਕਾਲਜਾਂ ਵਿੱਚ ਇਨ੍ਹਾਂ ਵਸਤਾਂ ਦੀਆਂ ਪ੍ਰਦਰਸ਼ਨੀਆਂ ਲਗਾ ਕੇ ਆਪਣੇ ਵਿਰਸੇ ਤੋਂ ਟੁੱਟਦੀ ਜਾ ਰਹੀ ਨੌਜਵਾਨੀ ਨੂੰ ਆਪਣੇ ਸੱਭਿਆਚਾਰ ਤੋਂ ਜਾਣੂੰ ਕਰਵਾ ਰਿਹਾ ਹੈ। ਇਸ ਵਿਲੱਖਣ ਕਾਰਜ ਲਈ ਇਸ ਉੱਦਮੀਂ ਨੌਜਵਾਨ ਨੂੰ ਪੰਜਾਬੀ ਸੱਥ ਬਰਵਾਲੀ, ਪੰਜਾਬ ਭਵਨ ਸਰੀ ਕੈਨੇਡਾ, ਕੋਹਿਨੂਰ ਵੈਲਫੇਅਰ ਐਂਡ ਸਪੋਰਟਸ ਕਲੱਬ ਖੱਟਰਾਂ, ਲਾਲ ਚੰਦ ਯਮਲਾ ਜੱਟ ਸੱਭਿਆਚਾਰਕ ਕਮੇਟੀ ਪਿੰਡ ਲੁਹ-ਾਰਾ,ਮੋਗਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਲੋਟੀ, ਪੰਜਾਬ ਯੂਥ ਫੋਰਸ ਮਾਛੀਵਾੜਾ ਸਾਹਿਬ, ਸ਼ਹੀਦ ਭਗਤ ਸਿੰਘ ਯੂਥ ਸਪੋਰਟਸ ਕਲੱਬ ਪਿੰਡ ਬੁਰਜ ਹਰੀ ਸਿੰਘ ਤੇ ਹੋਰ ਅਨੇਕਾਂ ਸੰਸਥਾਵਾਂ ਸਨਮਾਨਿਤ ਕਰ ਚੁੱਕੀਆਂ ਹਨ। ਉਸ ਦੇ ਇਸ ਸ਼ੌਕ ਬਾਰੇ ਦੂਰਦਰਸ਼ਨ ਕੇਂਦਰ ਜਲੰਧਰ, ਪੀ ਟੀ ਸੀ ਪੰਜਾਬੀ, ਅਜੀਤ ਵੈੱਬ ਟੀ.ਵੀ, ਫਾਸਟਵੇਅ, ਸਪੋਕਸਮੈਨ ਵੈੱਬ ਟੀ.ਵੀ, ਜੱਗਬਾਣੀ ਵੈੱਬ ਟੀ.ਵੀ, ਡੇਲੀ ਪੋਸਟ ਪੰਜਾਬੀ, ਪਰੋ ਪੰਜਾਬ, ਪੰਜਾਬ ਕੇਸਰੀ ਵੈੱਬ ਟੀ.ਵੀ ਆਦਿ ਟੀ.ਵੀ ਚੈਨਲਾਂ ਵੱਲੋ ਉਸ ਉੱਪਰ ਫਿਲਮਾਂ ਵੀ ਬਣਾਈਆਂ ਗਈਆਂ ਹਨ। ਇਸ ਨੌਜਵਾਨ ਨੂੰ ਕਿਤਾਬਾਂ ਪੜ੍ਹਨ ਦਾ ਵੀ ਸ਼ੌਕ ਹੈ। ਇਸੇ ਸ਼ੌਕ ਦੇ ਚੱਲਦੇ ਉਸ ਨੇ ਆਪਣੇ ਘਰ ਵਿੱਚ ਇੱਕ ਲਾਇਬ੍ਰੇਰੀ ਵੀ ਬਣਾਈ ਹੋਈ ਹੈ, ਜਿੱਥੋਂ ਆਲੇ-ਦੁਆਲੇ ਪਿੰਡਾਂ ਦੇ ਪਾਠਕ ਕਿਤਾਬਾਂ ਲੈ ਕੇ ਕਿਤਾਬਾਂ ਪੜ੍ਹਦੇ ਹਨ। ਏਨੇ ਗੁਣਾਂ ਦੇ ਧਨੀ ਨੂੰ ਮੈਂ ਬਾ- ਅਦਬ ਸਿਜਦਾ ਕਰਦਾ ਹੈ।

ਇਸ ਨੌਜਵਾਨ ਨੂੰ ਜੋ ਇਸ ਮਹਿੰਗਾਈ ਦੇ ਯੁੱਗ ਵਿੱਚ ਵੀ ਇਸ ਪੁਰਾਤਨ ਖਜ਼ਾਨੇ ਨੂੰ ਖ਼ਰੀਦ ਕੇ ਇਸ ਦੀ ਸੰਭਾਲ ਕਰ ਰਿਹਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਨਸ਼ਿਆਂ ਤੋਂ ਕੋਹਾਂ ਦੂਰ ਤੇ ਵਿਰਾਸਤੀ ਵਸਤੂਆਂ ਨੂੰ ਸੰਭਾਲਣ ਦਾ ਯਤਨ ਕਰ ਰਹੇ ਇਹੋ ਜਿਹੇ ਉੱਦਮੀਂ ਨੌਜਵਾਨ ਨੂੰ ਵਿੱਤੀ ਮਦਦ ਦੇਵੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਸ ਪੁਰਾਤਨ ਖਜ਼ਾਨੇ ਦੇ ਦਰਸ਼ਨ ਕਰਦੀਆਂ ਰਹਿਣ। ਮੇਰੇ ਵੱਲੋ ਉੱਦਮੀਂ ਤਸਵਿੰਦਰ ਸਿੰਘ ਬੜੈਚ ਨੂੰ ਢੇਰ ਸਾਰੀਆਂ ਸ਼ੁੱਭਕਾਮਨਾਵਾਂ ।

*-ਸ਼ਾਇਰ ਭੱਟੀ*
*9872989193*

# ਕੀ ਅੱਜ ਲਾਇਬ੍ਰੇਰੀਆਂ ਅਪ੍ਰਸੰਗਿਕ ਹੋ ਰਹੀਆਂ ਹਨ?

ਲਾਇਬ੍ਰੇਰੀਆਂ ਗਿਆਨ ਦੇ ਮੰਦਰ ਹਨ, ਜਿੱਥੇ ਨਵੀਨਤਾਕਾਰੀ ਮਨ ਪੈਦਾ ਹੁੰਦੇ ਹਨ। ਦੁਨੀਆ ਭਰ ਵਿੱਚ ਬਹੁਤ ਸਾਰੀਆਂ ਸੁਧਾਰ ਲਹਿਰਾਂ ਦੀਆਂ ਜੜ੍ਹਾਂ ਲਾਇਬ੍ਰੇਰੀਆਂ ਵਿੱਚ ਹਨ। 16ਵੀਂ ਸਦੀ ਦੀ ਸ਼ੁਰੂਆਤ ਤੋਂ ਭਾਰਤ ਵਿੱਚ ਦੇਸ਼ ਭਰ ਵਿੱਚ ਬਹੁਤ ਸਾਰੀਆਂ ਲਾਇਬ੍ਰੇਰੀਆਂ ਸਨ। ਸਰਸਵਤੀ ਮਹਿਲ ਲਾਇਬ੍ਰੇਰੀ, ਤੰਜਾਵੁਰ ਦੇ ਨਾਇਕ ਰਾਜਿਆਂ ਦੁਆਰਾ ਇੱਕ ਰਾਇਲ ਲਾਇਬ੍ਰੇਰੀ ਵਜੋਂ ਸ਼ੁਰੂ ਕੀਤੀ ਗਈ ਸੀ, ਦੀ ਸਥਾਪਨਾ 16ਵੀਂ ਸਦੀ ਵਿੱਚ ਕੀਤੀ ਗਈ ਸੀ ਅਤੇ ਇਸਨੂੰ ਨਾ ਸਿਰਫ਼ ਭਾਰਤ ਵਿੱਚ ਸਗੋਂ ਪੂਰੇ ਏਸ਼ੀਆ ਵਿੱਚ ਸਭ ਤੋਂ ਪੁਰਾਣੀਆਂ ਲਾਇਬ੍ਰੇਰੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਐਨਸਾਈਕਲੋਪੀਡੀਆ ਬ੍ਰਿਟੈਨਿਕਾ ਨੇ ਇਸ ਲਾਇਬ੍ਰੇਰੀ ਦਾ ਜ਼ਿਕਰ "ਭਾਰਤ ਦੀ ਸਭ ਤੋਂ ਕਮਾਲ ਦੀ ਲਾਇਬ੍ਰੇਰੀ" ਵਜੋਂ ਕੀਤਾ ਹੈ।

ਭਾਰਤ ਵਿੱਚ ਜਨਤਕ ਲਾਇਬ੍ਰੇਰੀ ਪ੍ਰਣਾਲੀਆਂ ਦੀ ਸ਼ੁਰੂਆਤ 1910 ਦੇ ਸ਼ੁਰੂ ਵਿੱਚ ਹੋਈ। ਬੜੌਦਾ ਦੇ ਮਹਾਰਾਜਾ ਸਯਾਜੀ ਰਾਓ ਗਾਇਕਵਾੜ ਨੇ ਭਾਰਤ ਵਿੱਚ ਪਬਲਿਕ ਲਾਇਬ੍ਰੇਰੀ ਪ੍ਰਣਾਲੀ ਦੇ ਵਿਕਾਸ ਦੀ ਅਗਵਾਈ ਕੀਤੀ। ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਇਕ ਸਦੀ ਪਹਿਲਾਂ ਵੀ ਮਹਾਰਾਜਾ ਨੇ ਫੋਟੋਸਟੈਟ ਕੈਮਰਾ ਅਤੇ ਕੈਮਰਾ ਪ੍ਰੋਜੈਕਟਰ ਖਰੀਦਣ ਦਾ ਪ੍ਰਬੰਧ ਕੀਤਾ ਸੀ। ਉਸਨੇ ਤਾਲੁਕ ਪੱਧਰ ਤੋਂ ਲਾਇਬ੍ਰੇਰੀ ਐਸੋਸੀਏਸ਼ਨਾਂ ਦੀ ਸ਼ੁਰੂਆਤ ਕੀਤੀ, ਕਸਬੇ ਅਤੇ ਪਿੰਡਾਂ ਦੀਆਂ ਲਾਇਬ੍ਰੇਰੀਆਂ ਵਿੱਚ 'ਮਿੱਤਰ ਮੰਡਲ' ਦਾ ਆਯੋਜਨ ਕੀਤਾ, ਅਤੇ ਨਿਯਮਤ ਲਾਇਬ੍ਰੇਰੀ ਕਾਨਫਰੰਸਾਂ ਦਾ ਆਯੋਜਨ ਕੀਤਾ। ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਕਿਤਾਬਾਂ ਦੀ ਲੋੜ ਨੂੰ ਪੂਰਾ ਕਰਨ ਲਈ ਮੋਬਾਈਲ ਲਾਇਬ੍ਰੇਰੀ ਸੇਵਾ ਦਾ ਆਯੋਜਨ ਕੀਤਾ ਗਿਆ।

ਸੱਭਿਆਚਾਰਕ ਮੰਤਰਾਲੇ ਦੁਆਰਾ ਰਾਜਾ ਰਾਮਮੋਹਨ ਰਾਏ ਲਾਇਬ੍ਰੇਰੀ ਫਾਊਂਡੇਸ਼ਨ (ਆਰਆਰਆਰਐਲਐਫ) ਦੀ ਸਥਾਪਨਾ ਨਾਲ 1972 ਵਿੱਚ ਇੱਕ ਅੰਦੋਲਨ ਵਜੋਂ ਲਾਇਬ੍ਰੇਰੀ ਦੀ ਸ਼ੁਰੂਆਤ ਕੀਤੀ ਗਈ ਸੀ। ਸਾਲ 1972 ਨੂੰ ਸਭ ਲਈ ਕਿਤਾਬਾਂ ਦੇ ਨਾਅਰੇ ਨਾਲ ਅੰਤਰਰਾਸ਼ਟਰੀ ਪੁਸਤਕ ਸਾਲ ਵਜੋਂ ਘੋਸ਼ਿਤ ਕੀਤਾ ਗਿਆ ਸੀ। ਲਾਇਬ੍ਰੇਰੀ ਅੰਦੋਲਨ ਨੇ ਰਾਜ ਸਰਕਾਰਾਂ, ਕੇਂਦਰ ਸ਼ਾਸਤ ਪ੍ਰਦੇਸ਼ ਪ੍ਰਸ਼ਾਸਨ ਅਤੇ ਵੱਖ-ਵੱਖ ਗੈਰ-ਸਰਕਾਰੀ ਸੰਗਠਨਾਂ ਦੇ ਸਹਿਯੋਗ ਨਾਲ ਦੇਸ਼ ਦੇ ਕੋਨੇ-ਕੋਨੇ ਵਿੱਚ ਲਾਇਬ੍ਰੇਰੀਆਂ ਦੀ ਸਥਾਪਨਾ ਕੀਤੀ। ਉਦੋਂ ਤੋਂ, ਅਸੀਂ ਬਹੁਤ ਸਾਰੀਆਂ ਜਨਤਕ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਹਨ ਅਤੇ ਸਾਡੀਆਂ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਵਿੱਚ ਵੀ।

ਲਾਇਬ੍ਰੇਰੀਆਂ ਗਿਆਨ ਦੇ ਭੰਡਾਰ ਹਨ ਜਿੱਥੇ ਇੱਕ ਕਮਰੇ ਵਿੱਚ ਹਰ ਚੀਜ਼ ਬਾਰੇ ਜਾਣਕਾਰੀ ਮਿਲਦੀ ਹੈ। ਇੱਕ ਸਮਾਂ ਸੀ ਜਦੋਂ ਸਾਡੇ ਖੋਜਕਰਤਾ ਵੱਖ-ਵੱਖ ਨਾਮਵਰ ਲਾਇਬ੍ਰੇਰੀਆਂ ਵਿੱਚ ਘੁੰਮਦੇ ਸਨ ਅਤੇ ਸਾਹਿਤ ਦੇ ਸਰਵੇਖਣਾਂ ਵਿੱਚ ਮਹੀਨੇ ਬਿਤਾਉਂਦੇ ਸਨ। ਗਰੀਬ ਵਿਦਿਆਰਥੀਆਂ ਲਈ, ਇਸ ਨੇ ਕੁਝ ਮਹਿੰਗੀਆਂ ਪਾਠ ਪੁਸਤਕਾਂ ਅਤੇ ਰਸਾਲਿਆਂ ਤੱਕ ਪਹੁੰਚ ਦੀ ਪੇਸ਼ਕਸ਼ ਕੀਤੀ। ਇੰਟਰਨੈਟ ਦੇ ਆਗਮਨ ਤੋਂ ਪਹਿਲਾਂ ਖੋਜਕਰਤਾ ਆਪਣੇ ਖੋਜ ਦੇ ਖੇਤਰ ਦੇ ਨਵੀਨਤਮ ਵਿਕਾਸ ਨੂੰ ਸਮਝਣ ਲਈ, ਐਬਸਟਰੈਕਟਸ ਵਰਗੀਆਂ ਲਾਇਬ੍ਰੇਰੀਆਂ ਦੁਆਰਾ ਪੇਸ਼ ਕੀਤੀਆਂ ਗਈਆਂ ਵੱਖ-ਵੱਖ ਐਬਸਟਰੈਕਟਿੰਗ ਸੇਵਾਵਾਂ 'ਤੇ ਬਹੁਤ ਜ਼ਿਆਦਾ ਨਿਰਭਰ ਸਨ। ਇਹ ਬੇਸ਼ੱਕ ਇੱਕ ਥਕਾਵਟ ਵਾਲੀ ਪ੍ਰਕਿਰਿਆ ਸੀ।

ਲਾਇਬ੍ਰੇਰੀ ਦਾ ਦੌਰਾ ਕਰਨਾ ਅਕਾਦਮਿਕ ਸੱਭਿਆਚਾਰ ਦਾ ਇੱਕ ਹਿੱਸਾ ਹੈ ਜੋ ਵਿਦਿਆਰਥੀਆਂ ਨੂੰ ਆਪਣੇ ਸਾਥੀਆਂ ਨਾਲ ਇੱਕ ਰੁਝੇਵੇਂ ਭਰੇ ਢੰਗ ਨਾਲ ਮਿਲਾਉਣ ਵਿੱਚ ਮਦਦ ਕਰਦਾ ਹੈ। ਬਹੁਤ ਸਾਰੀਆਂ ਲਾਇਬ੍ਰੇਰੀਆਂ ਅਕਾਦਮਿਕ ਅਤੇ ਸਾਹਿਤਕ ਸ਼ਖਸੀਅਤਾਂ ਦੇ ਨਾਲ ਵਿਸ਼ੇਸ਼ ਸੈਸ਼ਨ ਵੀ ਆਯੋਜਿਤ ਕਰਦੀਆਂ ਹਨ, ਜੋ ਵਿਦਿਆਰਥੀਆਂ ਦੇ ਵਿਕਾਸ ਵਿੱਚ ਮਦਦ ਕਰਦੀਆਂ ਹਨ। ਇਸ ਲਈ, ਲਾਇਬ੍ਰੇਰੀਆਂ ਨਾ ਸਿਰਫ਼ ਅਕਾਦਮਿਕ ਵਿਕਾਸ ਵਿੱਚ ਸਹਾਈ ਹੁੰਦੀਆਂ ਹਨ, ਸਗੋਂ ਮਨੁੱਖ ਦੇ ਸਮਾਜਿਕ ਵਿਕਾਸ ਵਿੱਚ ਵੀ ਸਹਾਈ ਹੁੰਦੀਆਂ ਹਨ।

ਪੁਰਾਣੀ ਪੀੜ੍ਹੀ ਦੀਆਂ ਬਹੁਤ ਸਾਰੀਆਂ ਲਾਇਬ੍ਰੇਰੀਆਂ ਬਹੁ-ਮੰਜ਼ਲਿਾ ਇਮਾਰਤਾਂ ਵਿੱਚ ਰੱਖੀਆਂ ਗਈਆਂ ਸਨ ਕਿਉਂਕਿ ਉਨ੍ਹਾਂ ਕੋਲ ਕਿਤਾਬਾਂ ਅਤੇ ਪੱਤਰ-ਪੱਤਰਾਂ ਦਾ ਬਹੁਤ ਵੱਡਾ ਭੰਡਾਰ ਸੀ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਬ੍ਰਿਟਿਸ਼ ਕਾਉਂਸਿਲ ਲਾਇਬ੍ਰੇਰੀਆਂ ਦੀ ਸਥਾਪਨਾ ਨਾਲ, ਲੋਕਾਂ ਨੇ ਸਟਾਫ਼ ਮੈਂਬਰਾਂ ਦਾ ਸੁਆਗਤ ਕਰਦੇ ਹੋਏ ਮਾਹੌਲ ਵਿੱਚ ਇੱਕ ਨਵਾਂ ਪੜ੍ਹਨ ਦਾ ਅਨੁਭਵ ਕੀਤਾ ਹੈ। ਬ੍ਰਿਟਿਸ਼ ਕਾਉਂਸਿਲ ਲਾਇਬ੍ਰੇਰੀਆਂ ਬਹੁਤ ਵੱਡੇ ਡਿਜੀਟਲ ਅਤੇ ਇਲੈਕਟ੍ਰਾਨਿਕ ਸਰੋਤਾਂ ਅਤੇ ਕਿਤਾਬਾਂ ਦੇ ਨਵੀਨਤਮ ਸੰਸਕਰਨਾਂ ਨਾਲ ਇੱਕ ਘੱਟੋ-ਘੱਟ ਥਾਂ ਦੇ ਅੰਦਰ ਕੰਮ ਕਰਦੀਆਂ ਹਨ। ਉਨ੍ਹਾਂ ਕੋਲ ਅਪ੍ਰਸੰਗਿਕ ਪ੍ਰਕਾਸ਼ਨਾਂ ਦੇ ਬੇਲੋੜੇ ਢੇਰਾਂ ਤੋਂ ਬਚਣ ਲਈ ਆਪਣੇ ਸਟਾਕ ਤੋਂ ਪੁਰ-ਾਣੇ ਸੰਸਕਰਣਾਂ ਨੂੰ ਵਾਪਸ ਲੈਣ ਦਾ ਸੱਭਿਆਚਾਰ ਹੈ। ਬੇਸ਼ੱਕ, ਉਨ੍ਹਾਂ ਦੀ ਮੈਂਬਰਸ਼ਿਪ ਸਿਰਫ ਕੁਲੀਨ ਵਰਗ ਲਈ ਕਿਫਾਇਤੀ ਹੈ.

ਜਨਤਕ ਖੇਤਰ ਦੀਆਂ ਜ਼ਿਆਦ-ਾਤਰ ਲਾਇਬ੍ਰੇਰੀਆਂ ਵਿੱਚ ਇੱਕ ਸਮੱਸਿਆ ਦੇਖੀ ਜਾਂਦੀ ਹੈ, ਉਹ ਹੈ ਲਾਇਬ੍ਰੇਰੀ ਸਟਾਫ ਦਾ ਅਣਚਾਹੇ ਰਵੱਈਆ। ਬਹੁਤ ਸਾਰੇ ਸਟਾਫ਼ ਮੈਂਬਰਾਂ ਦਾ ਆਪਣੇ ਕੰਮ ਪ੍ਰਤੀ ਉਦਾਸੀਨ ਰਵੱਈਆ ਹੁੰਦਾ ਹੈ। ਇੱਕ ਚੰਗਾ ਲਾਇਬ੍ਰੇਰੀਅਨ ਇੱਕ ਐਨਸਾਈਕਲੋਪੀਡੀਆ ਦੇ ਬਰਾਬਰ ਹੁੰਦਾ ਹੈ, ਉਸਨੂੰ ਸਰੋਤਾਂ ਦੀ ਚੋਣ ਵਿੱਚ ਵਿਭਿੰਨ ਪਿਛੋਕੜ ਵਾਲੇ ਲੋਕਾਂ ਦਾ ਮਾਰਗਦਰਸ਼ਨ ਕਰਨ ਦੇ ਯੋਗ ਹੋਣਾ ਚਾਹੀਦਾ ਹੈ, ਪਰ ਬਦਕਿਸਮਤੀ ਨਾਲ ਇਹ ਗੁਣ ਬਹੁਤ ਸਾਰੇ ਲੋਕਾਂ ਤੋਂ ਗਾਇਬ ਹੈ। ਸਾਡੇ ਰਾਸ਼ਟਰੀ ਖੋਜ ਕੇਂਦਰਾਂ ਵਿੱਚ ਪ੍ਰਬੰਧਿਤ ਕੁਝ ਲਾਇਬ੍ਰੇਰੀਆਂ ਵਿੱਚ, ਇੱਥੋਂ ਤੱਕ ਕਿ ਵਿਦਿਆਰਥੀਆਂ ਨੂੰ ਕਿਤਾਬਾਂ ਲਈ ਵੀ ਪਹੁੰਚ ਨਹੀਂ ਦਿੱਤੀ ਜਾਂਦੀ। ਪਹੁੰਚ ਸਿਰਫ ਮੇਜ਼ਬਾਨ ਸੰਸਥਾ ਦੇ ਮੈਂਬਰਾਂ ਨੂੰ ਦਿੱਤੀ ਜਾਂਦੀ ਹੈ, ਭਾਵੇਂ ਇਸਦੇ ਸਰੋਤਾਂ ਦੀ ਘੱਟ ਵਰਤੋਂ ਕੀਤੀ ਜਾਂਦੀ ਹੈ। ਸਾਡੀਆਂ ਰਾਸ਼ਟਰੀ ਸੰਸਥਾਵਾਂ ਕਿਤਾਬਾਂ ਅਤੇ ਅਖ਼ਬਾਰ ਖਰੀਦਣ ਲਈ ਲੱਖਾਂ ਰੁਪਏ ਖਰਚ ਕਰਦੀਆਂ ਹਨ। ਕੀ ਸਾਡੇ ਨੌਜਵਾਨਾਂ ਨੂੰ ਜਨਤਾ ਦੇ ਪੈਸੇ ਦੁਆਰਾ ਫੰਡ ਕੀਤੇ ਸਰੋਤਾਂ ਦੀ ਵਰਤੋਂ ਕਰਨ ਤੋਂ ਰੋਕਣਾ ਸਹੀ ਹੈ?

ਇਸ ਯੁੱਗ ਵਿੱਚ, ਸਿਰਫ ਸੱਚੀ ਦਿਲਚਸਪੀ ਰੱਖਣ ਵਾਲੇ ਲੋਕ ਹੀ ਇੱਕ ਲਾਇਬ੍ਰੇਰੀ ਵਿੱਚ ਕਦਮ ਰੱਖਣਗੇ। ਸੋ, ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜਨਤਾ ਦੇ ਪੈਸੇ ਦੀ ਵਰਤੋਂ ਕਰਕੇ ਸਥਾਪਿਤ ਕੀਤੀਆਂ ਗਈਆਂ ਸਾਰੀਆਂ ਲਾਇਬ੍ਰੇਰੀਆਂ ਵਿੱਚ ਮੁਫਤ ਦਾਖਲੇ ਅਤੇ ਸਾਧਨਾਂ ਦੀ ਵਰਤੋਂ ਲਈ ਨੀਤੀ ਬਣਾਵੇ, ਬੇਸ਼ੱਕ ਕਿਤਾਬਾਂ ਦਾ ਉਧਾਰ ਮੈਂਬਰਸ਼ਿਪ ਕਾਰਡ ਰੱਖਣ ਵਾਲੇ ਮੈਂਬਰਾਂ ਤੱਕ ਸੀਮਤ ਕੀਤਾ ਜਾ ਸਕਦਾ ਹੈ। ਅੱਜ ਦੇ ਯੁੱਗ ਵਿੱਚ ਜਿੱਥੇ ਅਸੀਂ ਵਿਦਵਤਾ ਭਰਪੂਰ ਰਸਾਲਿਆਂ ਵਿੱਚ ਤਨਖਾਹ ਲੈਣ ਦੀ ਪ੍ਰਕਿਰਿਆ 'ਤੇ ਸਵਾਲ ਉਠਾਉਂਦੇ ਹਾਂ, ਇਹ ਲਾਜ਼ਮੀ ਹੈ ਕਿ ਸਾਡੀਆਂ ਲਾਇਬ੍ਰੇਰੀਆਂ ਨੂੰ ਮੁਫਤ ਗਿਆਨ ਪ੍ਰਸਾਰਣ ਦੇ ਸਥਾਨ ਬਣਾਇਆ ਜਾਵੇ।

ਕੋਵਿਡਰਾ ਤੋਂ ਬਾਅਦ ਲੋਕਾਂ ਦੀ ਲਾਇਬ੍ਰੇਰੀਆਂ ਵਿੱਚ ਜਾਣ ਦੀ ਰੁਚੀ ਘੱਟ ਰਹੀ ਹੈ। ਨਵੀਂ ਪੀੜ੍ਹੀ ਡਿਜ਼ੀਟਲ ਰੀਡਿੰਗ ਵੱਲ ਜ਼ਿਆਦਾ ਰੁਚਿਤ ਹੈ ਅਤੇ ਗਿਆਨ ਪ੍ਰਦਾਤਾ ਵਜੋਂ ਲਾਇਬ੍ਰੇਰੀਆਂ ਦੀ ਭੂਮਿਕਾ ਘੱਟਦੀ ਜਾ ਰਹੀ ਹੈ। ਕੀ ਨਵੀਂ ਵਿਸ਼ਵ ਵਿਵਸਥਾ ਵਿੱਚ ਲਾਇਬ੍ਰੇਰੀਆਂ ਪੁਰਾਣੀਆਂ ਹੋ ਗਈਆਂ ਹਨ? ਕੀ ਸਾਨੂੰ ਅੱਜ ਦੀਆਂ ਸਾਰੀਆਂ ਲਾਇਬ੍ਰੇਰੀਆਂ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ? ਇਹ ਉਹ ਸਵਾਲ ਹਨ ਜੋ ਅਕਸਰ ਸਮਾਜ ਵਿੱਚ ਘੁੰਮਦੇ ਰਹਿੰਦੇ ਹਨ।

ਇਹ ਸਾਰੀਆਂ ਲਾਇਬ੍ਰੇਰੀਆਂ ਖ਼ਜ਼ਾਨਾ ਘਰ ਹਨ ਜੋ ਦੁਰਲੱਭ ਸੰਗ੍ਰਹਿ ਰੱਖਦੀਆਂ ਹਨ। ਉਦਾਹਰਨ ਲਈ, 1963 ਤੋਂ ਦੁਆਰਾ ਬਣਾਈ ਗਈ ਰਾਸ਼ਟਰੀ ਵਿਗਿਆਨ ਲਾਇਬ੍ਰੇਰੀ () ਦੇਸ਼ ਵਿੱਚ ਆਪਣੀ ਕਿਸਮ ਦੀ ਇੱਕ ਹੈ ਜੋ ਵਿਸ਼ੇਸ਼ ਤੌਰ 'ਤੇ ਵਿਗਿਆਨ ਦੇ ਚਾਹਵਾਨਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਲਾਇਬ੍ਰੇਰੀ ਵਿੱਚ & ਦਸਤਾਵੇਜ਼ਾਂ ਦੇ 2,51,000 ਤੋਂ ਵੱਧ ਪ੍ਰਿੰਟ ਕੀਤੇ ਸੰਗ੍ਰਹਿ ਹਨ, ਜਿਸ ਵਿੱਚ ਮੋਨੋਗ੍ਰਾਫ, ਰਸਾਲਿਆਂ ਦੇ ਬਾਊਂਡ ਵਾਲੀਅਮ, ਰਿਪੋਰਟਾਂ, ਥੀਸਸ/ਨਿਬੰਧ, ਮਿਆਰ, ਅਤੇ ਪੇਟੈਂਟ ਆਦਿ ਸ਼ਾਮਲ ਹਨ। ਦੀ ਸੰਗ੍ਰਹਿ ਨੀਤੀ ਉੱਚ-ਅੰਤ ਦੇ & 'ਤੇ ਜ਼ੋਰ ਦੇ ਕੇ ਸਰੋਤਾਂ ਨੂੰ ਬਣਾਉਣਾ ਹੈ। ਹਵਾਲਾ ਸਰੋਤ, ਭਾਰਤੀ & ਪ੍ਰਕਾਸ਼ਨ, ਵਿਦੇਸ਼ੀ ਭਾਸ਼ਾ ਦੇ ਸ਼ਬਦ-ਕੋਸ਼, ਲਾਇਬ੍ਰੇਰੀ ਅਤੇ ਸੂਚਨਾ ਵਿ-ਗਆਨ, ਸੂਚਨਾ ਅਤੇ ਸੰਚਾਰ ਤਕਨਾਲੋਜੀ, ਕੰਪਿਊਟਰ ਵਿਗਿਆਨ, ਕਾਨਫਰੰਸ ਦੀ ਕਾਰਵਾਈ, ਤਕਨੀਕੀ ਰਿਪੋਰਟਾਂ, ਅਤੇ ਦੇਸ਼ ਦੇ & ਭਾਈਚਾਰੇ ਨਾਲ ਸੰਬੰਧਿਤ ਹੋਰ ਸਰੋਤ।

ਅਜਿਹੀਆਂ ਬਹੁਤ ਸਾਰੀਆਂ ਲਾਇਬ੍ਰੇਰੀਆਂ ਦੇਸ਼ ਭਰ ਵਿੱਚ ਫੈਲੀਆਂ ਹੋਈਆਂ ਹਨ ਅਤੇ ਸਾਨੂੰ ਭਵਿੱਖ ਲਈ ਆਪਣੇ ਵਿਸ਼ਾਲ ਗਿਆਨ ਸਰੋਤਾਂ ਨੂੰ ਸੁਰੱਖਿਅਤ ਰੱਖਣ ਦੀ ਲੋੜ ਹੈ। ਇਹਨਾਂ ਲਾਇਬ੍ਰੇਰੀਆਂ ਵਿੱਚ ਉਪਲਬਧ ਕੁਝ ਸਮੱਗਰੀ ਦੁਰਲੱਭ ਮਾਸਟਰਪੀਸ ਹਨ। ਲਾਇਬ੍ਰੇਰੀਆਂ ਉਸ ਸੱਭਿਆਚਾਰ ਬਾਰੇ ਬੋਲਦੀਆਂ ਹਨ ਜੋ ਸਮਾਜ ਵਿੱਚ ਆਪਣੇ ਸਰੋਤਾਂ, ਕਿਤਾਬਾਂ ਜਾਂ ਅਖ਼ਬਾਰਾਂ ਜਾਂ ਸਮੇਂ ਦੌਰਾਨ ਪ੍ਰਕਾਸ਼ਿਤ ਪੱਤਰਾਂ ਰਾਹੀਂ ਪ੍ਰਚਲਿਤ ਹੁੰਦੀ ਹੈ, ਜੋ ਲੰਬੇ ਸਮੇਂ ਵਿੱਚ ਪੁਰਾਲੇਖ ਮੁੱਲ ਵੀ ਰੱਖਦੀ ਹੈ। ਜੇ ਕੋਈ ਪ੍ਰਿੰਟਿੰਗ ਤਕਨਾਲੋਜੀ ਦੇ ਵਿਕਾਸ ਦਾ ਅਧਿਐਨ ਕਰਨ ਵਿੱਚ ਦਿਲਚਸਪੀ ਰੱਖਦਾ ਹੈ, ਤਾਂ ਸਭ ਤੋਂ ਵਧੀਆ ਤਰੀਕਾ ਹੈ ਇੱਕ ਚੰਗੀ ਲਾਇਬ੍ਰੇਰੀ ਵਿੱਚ ਅਲਮਾਰੀਆਂ ਵਿੱਚੋਂ ਲੰਘਣਾ। ਸਾਡੇ ਵਿਰਸੇ ਨੂੰ ਢਾਹ ਲਾਉਣਾ ਅਣਉਚਿਤ ਹੋਵੇਗਾ ਜੋ ਕਿਸੇ ਖਾਸ ਕਾਲ ਦੀਆਂ ਪ੍ਰਕਾਸ਼ਨਾਵਾਂ ਰਾਹੀਂ ਹੀ ਸਪੱਸ਼ਟ ਹੋਵੇਗਾ।

ਬਦਲਦੇ ਸਮੇਂ ਦੇ ਨਾਲ, ਬੇਸ਼ੱਕ, ਸਾਨੂੰ ਮੌਜੂਦਾ ਭਾਈਚਾਰੇ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਡਿਜੀਟਲ ਸਰੋਤ ਬਣਾਉਣ ਦੀ ਲੋੜ ਹੈ। ਨੈਸ਼ਨਲ ਮਿਸ਼ਨ ਆਨ ਲਾਇਬ੍ਰੇਰੀਆਂ (ਐਨ.ਐਮ.ਐਲ.) ਦੀ ਸ਼ੁਰੂਆਤ ਭਾਰਤ ਦੇ ਰਾਸ਼ਟਰਪਤੀ ਦੁਆਰਾ 3 ਫਰਵਰੀ, 2014 ਨੂੰ ਕੀਤੀ ਗਈ ਸੀ। ਇਸਦੇ ਹਿੱਸੇ ਵਜੋਂ, ਸੱਭਿਆਚਾਰਕ ਮੰਤਰਾਲੇ ਨੇ ਪੂਰੀ ਜਾਣਕਾਰੀ ਦੇਣ ਲਈ ਨੈਸ਼ਨਲ ਵਰਚੁਅਲ ਲਾਇਬ੍ਰੇਰੀ ਆਫ਼ ਇੰਡੀਆ (ਐਨ.ਵੀ.ਐਲ.ਆਈ.) ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਡਿਜੀਟਲ ਵੈੱਬ ਸੰਸਾਰ ਵਿੱਚ ਭਾਰਤੀ ਸੱਭਿਆਚਾਰਕ ਵਿਰਾਸਤ। ਇਸੇ ਤਰ੍ਹਾਂ, ਕੋਵਿਡ-19 ਲੌਕਡਾਊਨ ਦੌਰਾਨ, ਖੜਗਪੁਰ ਨੇ ਵਿਦਿਆਰਥੀ ਭਾਈਚਾਰੇ ਦੀਆਂ ਲੋੜਾਂ ਨੂੰ ਪੂਰਾ ਕਰਦੇ ਹੋਏ, ਸਿੱਖਿਆ ਮੰਤਰਾਲੇ ਦੁਆਰਾ ਸਪਾਂਸਰ ਕੀਤਾ ਗਿਆ ਇੱਕ ਨੈਸ਼ਨਲ ਡਿਜੀਟਲ ਲਾਇਬ੍ਰੇਰੀ ਆਫ਼ ਇੰਡੀਆ () ਪਲੇਟਫਾਰਮ ਸ਼ੁਰੂ ਕੀਤਾ ਹੈ।

ਡਿਜੀਟਲ ਫਾਰਮੈਟਾਂ ਦੇ ਨੁਕਸਾਨਾਂ ਦਾ ਹਿੱਸਾ ਹੈ। ਰਵਾਇਤੀ ਲਾਇਬ੍ਰੇਰੀਆਂ ਨੂੰ ਖਤਮ ਕਰਨ ਦੀ ਬਜਾਏ, ਉਹਨਾਂ ਨੂੰ ਪ੍ਰਿੰਟ ਅਧਾਰਤ ਸੰਗ੍ਰਹਿ ਦੇ ਨਾਲ-ਨਾਲ ਡਿਜੀਟਲ ਵਰਚੁਅਲ ਸਹੂਲਤਾਂ ਵਾਲੇ ਹਾਈਬ੍ਰਿਡ ਮੋਡ ਵਿੱਚ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਸਾਡੀਆਂ ਲਾਇਬ੍ਰੇਰੀਆਂ ਵਿੱਚ ਪ੍ਰਚਲਿਤ ਚੁੱਪ ਦਾ ਮਾਹੌਲ ਕਿਤਾਬਾਂ ਵਿੱਚ ਡੁੱਬੇ ਵਿਅਕਤੀ ਲਈ ਆਦਰਸ਼ ਹੈ। ਇਹ ਮਨੁੱਖ ਵਿੱਚ ਰਚਨਾਤਮਕਤਾ ਨੂੰ ਵੀ ਵਧਾਉਂਦਾ ਹੈ। ਭਾਰਤ ਵਿੱਚ ਲਾਇਬ੍ਰੇਰੀਆਂ ਨਾਲ ਜੁੜੇ ਹਰ ਮੈਂਬਰ ਦਾ ਫਰਜ਼ ਬਣਦਾ ਹੈ ਕਿ ਉਹ ਨੌਜਵਾਨਾਂ ਵਿੱਚ ਪੜ੍ਹਨ ਦੀ ਆਦਤ ਪੈਦਾ ਕਰਨ ਲਈ ਕਦਮ ਚੁੱਕਣ। ਵਿਗਿਆਨਕ ਖੋਜਾਂ ਨੇ ਦਿਖਾਇਆ ਹੈ ਕਿ ਪ੍ਰਿੰਟ ਕਿਤਾਬਾਂ ਪੜ੍ਹਨ ਨਾਲ ਬੱਚਿਆਂ ਦੇ ਬੋਧਾਤਮਕ ਹੁਨਰ ਦੇ ਵਿਕਾਸ ਵਿੱਚ ਮਦਦ ਮਿਲਦੀ ਹੈ। ਸਾਨੂੰ ਭਵਿੱਖ ਵਿੱਚ ਸਾਡੇ ਦੇਸ਼ ਦੀ ਅਗਵਾਈ ਕਰਨ ਲਈ ਗਿਆਨਵਾਨ ਬੱਚਿਆਂ ਦੀ ਲੋੜ ਹੈ ਅਤੇ ਗਿਆਨ ਪ੍ਰਾਪਤ ਕਰਨ ਦਾ ਇੱਕ ਤਰੀਕਾ ਪੜ੍ਹਨਾ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਸਾਬਕਾ ਪੀਈਐਸ-1*
*ਮਲੋਟ ।*




## ਆਗੂਆਂ ਦੀ ਜਾਂਚ ਬਾਰੇ ਪੰਜਾਬ ਤੇ ਹਰਿਆਣੇ ਵੱਲੋਂ ਸਟੇਟਸ ਰਿਪੋਰਟ ਹਾਈ ਕੋਰਟ ਨੂੰ ਪੇਸ਼

ਚੰਡੀਗੜ੍ਹ, 20 ਜਨਵਰੀ (ਪੋਸਟ ਬਿਊਰੋ)- ਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ ਦੇ ਖਿਲਾਫ ਪੈਂਡਿੰਗ ਅਪਰਾਧਕ ਕੇਸਾਂ ਦੇ ਤੇਜ਼ੀ ਨਾਲ ਨਿਪਟਾਰੇ ਲਈ ਸੁਪਰੀਮ ਕੋਰਟ ਨੇ ਜਿਹੜੀ ਸਪੈਸ਼ਲ ਫਾਸਟ ਟਰੈਕ ਕੋਰਟ ਨੂੰ ਬਣਾਉਣ ਲਈ ਕਿਹਾ ਸੀ, ਉਸਬਾਰੇ ਪੰਜਾਬ ਅਤੇ ਹਰਿਆਣਾ ਨੇ ਕੰਮ ਸ਼ੁਰੂ ਕਰ ਦਿੱਤਾ ਹੈ। ਇਸ ਬਾਰੇ ਕੋਰਟ ਦੇ ਹੁਕਮਾਂ ਉੱਤੇ ਪੰਜਾਬ ਸਰਕਾਰ ਨੇ ਕੋਰਟ ਨੂੰ ਜਾਣਕਾਰੀ ਦਿੱਤੀ ਕਿ ਪੰਜਾਬ ਦੇ ਸਾਬਕਾ ਅਤੇ ਮੌਜੂਦਾ ਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ ਖਿਲਾਫ ਸਿਰਫ ਸੱਤ ਕੇਸ ਹਨ, ਜਿਨ੍ਹਾਂ ਦੀ ਜਾਂਚ ਜਾਰੀ ਹੈ, ਬਾਕੀ ਸਾਰੇ ਕੇਸਾਂ ਦੀ ਜਾਂਚ ਪੂਰੀ ਹੋ ਚੁੱਕੀ ਹੈ ਅਤੇ ਅਦਾਲਤਾਂ ਵਿੱਚ ਚਲਾਨ ਵੀ ਪੇਸ਼ ਕਰ ਦਿੱਤਾ ਗਿਆ ਹੈ, ਜਦ ਕਿ ਹਰਿਆਣੇ ਵਿੱਚ ਹਾਲੇ 13 ਕੇਸਾਂ ਦੀ ਜਾਂਚ ਜਾਰੀ ਹੈ।




ਪੰਜਾਬ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਆਈ ਜੀ ਗੁਰਸ਼ਰਨ ਸਿੰਘ ਸੰਧੂ ਨੇ ਹਾਈ ਕੋਰਟਨੂੰ ਐਫੀਡੇਵਿਟ ਪੇਸ਼ ਕਰ ਕੇ ਦੱਸਿਆ ਕਿ ਪਿਛਲੇ ਸਾਲ ਨਵੰਬਰ ਤਕ ਅਜਿਹੇ 29 ਕੇਸਾਂ ਦੀ ਜਾਂਚ ਜਾਰੀ ਸੀ, ਹਾਈ ਕੋਰਟ ਦੇ ਨਿਰਦੇਸ਼ਾਂ ਤੋਂ ਬਾਅਦ ਸਬੰਧਤ ਰੇਂਜ ਦੇ ਆਈਜੀ, ਡੀ ਆਈ ਜੀ ਅਤੇ ਕਮਿਸ਼ਨਰ ਆਫ ਪੁਲਸ, ਐਸ ਐਸ ਪੀ ਨੂੰ ਨਿਰਦੇਸ਼ ਜਾਰੀ ਕੀਤੇ ਗਏ ਸਨ ਅਤੇ ਇਨ੍ਹਾਂ ਸਾਰਿਆਂ ਨੇ ਕੇਸਾਂ ਦੀ ਮੌਜੂਦ ਸਥਿਤੀ ਦੀ ਜੋ ਰਿਪੋਰਟ ਭੇਜੀ, ਉਸ ਅਨੁਸਾਰ ਬਿਕਰਮ ਸਿੰਘ ਮਜੀਠੀਆ ਸਮੇਤ ਅਜਿਹੇ ਸੱਤ ਕੇਸ ਹਨ, ਜਿਨ੍ਹਾਂ ਦੀ ਜਾਂਚ ਜਾਰੀ ਹੈ। ਬਿਊਰੋ ਆਫ ਇਨਵੈਸਟੀਗੇਸ਼ਨ ਨੇ 20 ਦਸੰਬਰ ਨੂੰ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਖਿਲਾਫ ਮੋਹਾਲੀ ਵਿੱਚ ਐਨ ਡੀ ਪੀ ਐਸ ਐਕਟ ਹੇਠ ਦਰਜ ਕੇਸ ਦੀ ਜਾਣਕਾਰੀ ਵੀ ਹਾਈ ਕੋਰਟ ਨੂੰ ਦੇ ਦਿੱਤੀ ਹੈ।ਬਿਊਰੋ ਆਫ ਇਨਵੈਸਟੀਗੇਸ਼ਨ ਅਨੁਸਾਰ ਜਿਨ੍ਹਾਂ ਸੱਤ ਕੇਸਾਂਵਿੱਚ ਜਾਂਚ ਜਾਰੀ ਹੈ, ਉਨ੍ਹਾਂ ਵਿੱਚ ਬਿਕਰਮ ਸਿੰਘ ਮਜੀਠੀਆ ਦੇ ਕੇਸ ਤੋਂ ਇਲਾਵਾ ਛੇ ਹੋਰ ਕੇਸ ਹਨ।ਇਨ੍ਹਾਂ ਵਿੱਚ ਸਾਬਕਾ ਵਿਧਾਇਕ ਅਨਿਲ ਜੋਸ਼ੀ ਖਿਲਾਫ ਦੋ ਕੇਸ, ਇੱਕ ਕੇਸ ਵਿੱਚ ਸਾਬਕਾ ਵਿਧਾਇਕ ਮਲਕੀਤ ਸਿੰਘ, ਇੱਕ-ਇੱਕਕੇਸ ਵਿੱਚ ਵਿਧਾਇਕ ਪਵਨ ਕੁਮਾਰ ਟੀਨੂੰ, ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ, ਬਲਦੇਵ ਸਿੰਘ ਖਹਿਰਾ ਅਤੇ ਸਾਬਕਾ ਵਿਧਾਇਕ ਅਜੀਤ ਸਿੰਘ ਕੋਹਾੜ ਦੋਸ਼ੀ ਹਨ। ਇੱਕ ਕੇਸ ਵਿੱਚ ਸਿਮਰਜੀਤ ਬੈਂਸ ਅਤੇ ਬਲਵਿੰਦਰ ਸਿੰਘ ਤੇ ਇੱਕ ਕੇਸ ਵਿੱਚ ਵਿਰਸਾ ਸਿੰਘ ਵਲਟੋਹਾ ਦੋਸ਼ੀ ਹਨ, ਜਿਨ੍ਹਾਂ ਦੀ ਜਾਂਚ ਜਾਰੀ ਹੈ।

ਹਰਿਆਣਾ ਵੱਲੋਂ ਹਾਈ ਕੋਰਟ ਨੂੰ ਜਾਣਕਾਰੀ ਦਿੱਤੀ ਗਈ ਕਿ ਨਵੰਬਰ ਮਹੀਨੇ ਵਿੱਚ ਕੋਰਟ ਨੂੰ ਦੱਸਿਆ ਗਿਆ ਸੀ ਕਿ 17 ਮਾਮਲਿਆਂ ਦੀ ਜਾਂਚ ਜਾਰੀ ਹੈ, ਪਰ ਹੁਣ ਕੇਵਲ 13 ਮਾਮਲਿਆਂ ਦੀ ਜਾਂਚ ਜਾਰੀ ਹੈ।

## ਜਲੰਧਰ ਨਗਰ ਨਿਗਮ ਨੂੰ ਵੇਸਟ ਮੈਨੇਜਮੈਂਟ ਕੰਪਨੀ ਜਿੰਦਲ ਨੂੰ 204 ਕਰੋੜ ਰੁਪਏ ਮੋੜਨੇ ਪੈਣਗੇ

### * ਕੰਪਨੀ ਨਾਲ ਸਮਝੌਤਾ ਅੱਧ ਵਿਚਾਲੇ ਰੱਦ ਕਰਨਾ ਮਹਿੰਗਾ ਪਿਆ

ਜਲੰਧਰ, 20 ਜਨਵਰੀ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਵੇਸਟ ਮੈਨੇਜਮੈਂਟ ਲਈ ਜਿੰਦਲ ਕੰਪਨੀ ਨਾਲ ਨਗਰ ਨਿਗਮ ਦਾ ਸਮਝੌਤਾ ਅੱਧ ਵਿਚਾਲੇ ਟੁੱਟਣ ਦੇ ਕੇਸ ਵਿੱਚ ਆਰਬੀਟ੍ਰੇਟਰ ਨੇ ਨਗਰ ਨਿਗਮ ਉੱਤੇ 204 ਕਰੋੜ ਰੁਪਏ ਦਾ ਵੱਡਾ ਬੋਝ ਪਾ ਦਿੱਤਾ ਹੈ। ਇਸ ਦਾ ਮਤਲਬ ਹੈ ਕਿ ਜਿੰਦਲ ਕੰਪਨੀ ਦਾ ਕੰਮ ਅੱਧ ਵਿਚਾਲੇ ਰੋਕਣ ਕਾਰਨ ਨਗਰ ਨਿਗਮ ਨੂੰ ਜੁਰਮਾਨੇ ਦੇ ਰੂਪ ਵਿੱਚ ਜਿੰਦਲ ਕੰਪਨੀ ਨੂੰ 204 ਕਰੋੜ ਰੁਪਏ ਦੇਣੇ ਪੈਣਗੇ।



ਵਰਨਣ ਯੋਗ ਹੈ ਕਿ ਨਗਰ ਨਿਗਮ ਨੇ ਇਸ ਸ਼ਹਿਰ ਵਿੱਚ ਘਰਾਂ ਵਿੱਚੋਂ ਕੂੜਾ ਚੁੱਕਣ ਤੇ ਇਸ ਦੀ ਪ੍ਰੋਸੈਸਿੰਗ ਲਈ ਜਮਸ਼ੇਰ ਵਿੱਚ ਪਲਾਂਟ ਲਾਉਣ ਅਤੇ ਟਰਾਂਸਪ੍ਰੋਟੇਸ਼ਨ ਲਈ ਜਿੰਦਲ ਕੰਪਨੀ ਨਾਲ ਸਮਝੌਤਾ ਕੀਤਾ ਸੀ, ਪਰ ਸਾਲ 2016 ਵਿੱਚ ਰਾਜਨੀਤਕ ਕਾਰਨਾਂ ਕਰਕੇ ਜਮਸ਼ੇਰ ਵਿੱਚ ਲੱਗਣ ਵਾਲੇ ਪਲਾਂਟ ਉੱਤੇ ਰੋਕ ਲਾ ਦਿੱਤੀ ਗਈ ਅਤੇ ਪ੍ਰੋਜੈਕਟ ਕੈਂਸਲ ਕਰ ਦਿੱਤਾ ਗਿਆ। ਜਿੰਦਲ ਕੰਪਨੀ ਨੇ ਇਸ ਸ਼ਹਿਰ ਦੇ ਹਰ ਘਰ ਤੋਂ ਕੂੜਾ ਇਕੱਠਾ ਕਰਨਾ ਸੀ, ਪ੍ਰੰਤੂ ਇਸ ਕੇਸ ਵਿੱਚ ਵੀ ਨਗਰ ਨਿਗਮ ਨੇ ਕੰਪਨੀ ਨੂੰ ਪੂਰਾ ਕੰਮ ਨਹੀਂ ਦਿੱਤਾ, ਸਿਰਫ ਕਮਰਸ਼ਲ ਯੂਨਿਟਾਂ ਤੋਂ ਹੀ ਜਿੰਦਲ ਕੰਪਨੀ ਕੂੜਾ ਇਕੱਠਾ ਕਰਦੀ ਰਹੀ। ਇਸ ਬਾਰੇ ਜਦ ਯੂਨੀਅਨਾਂ ਨਾਲ ਟਕਰਾਅ ਵਧਿਆ ਤਾਂ ਨਗਰ ਨਿਗਮ ਨੇ ਪੂਰਾ ਪ੍ਰੋਜੈਕਟ ਰੱਦ ਕਰ ਦਿੱਤਾ। ਇਸ ਫੈਲੇ ਕਾਰਨ ਜਿੰਦਲ ਕੰਪਨੀ ਨੇ ਕੋਰਟ ਵਿੱਚ ਨਗਰ ਨਿਗਮ ਦੇ ਖਿਲਾਫ 962 ਕਰੋੜ ਰੁਪਏ ਹਰਜਾਨੇ ਦਾ ਕੇਸ ਕਰ ਦਿੱਤਾ। ਨਗਰ ਨਿਗਮ ਨੇ ਵੀ ਕੰਪਨੀ ਉੱਤੇ 1783 ਕਰੋੜ ਰੁਪਏ ਦਾ ਕੇਸ ਕੀਤਾ ਹੋਇਆ ਹੈ। ਇਹ ਕੇਸ ਆਰਬੀਟ੍ਰੇਸ਼ਨ ਵਿੱਚ ਚਲਾ ਗਿਆ, ਜਿੱਥੇ ਸੁਪਰੀਮ ਕੋਰਟ ਦੇ ਰਿਟਾਇਰਡ ਸੁਣਵਾਈ ਕਰ ਰਹੇ ਸਨ। ਕੱਲ੍ਹ ਇਸ ਉੱਤੇਉਨ੍ਹਾ ਨੇ ਆਪਣਾ ਫੈਸਲਾ ਸੁਣਾਇਆ ਹੈ।ਜਿੰਦਲ ਕੰਪਨੀ ਦਾ ਦਾਅਵਾ ਸੀ ਕਿ ਉਨ੍ਹਾਂ ਨੇ ਪ੍ਰੋਜੈਕਟ ਦੇ ਲਈ ਵੱਡੇ ਪੱਧਰ ਉੱਤੇ ਫਾਇਨੈਂਸ਼ੀਅਲ ਪ੍ਰਬੰਧ ਕੀਤਾ, ਸਰਵੇ ਕਰਵਾਏ ਗਏ ਤੇ ਮਸ਼ੀਨਰੀ ਖਰੀਦੀ, ਪਰ ਪ੍ਰੋਜੈਕਟ ਰੱਦ ਕਰਨ ਨਾਲ ਕੰਪਨੀ ਨੂੰ ਨੁਕਸਾਨ ਹੋਇਆ ਹੈ। ਸਾਲ 2016 ਦੇ ਸ਼ੁਰੂ ਤੋਂ ਪਿੰਡ ਜਮਸ਼ੇਰ ਤੇ ਆਸਪਾਸ ਦੇ ਇਲਾਕੇ ਦੇ ਲੋਕਾਂ ਨੇ ਪ੍ਰੋਜੈਕਟ ਦਾ ਵਿਰੋਧਸ਼ੁਰੂ ਕਰ ਦਿੱਤਾ ਸੀ। ਉਸ ਵਕਤ ਪਰਗਟ ਸਿੰਘ ਅਕਾਲੀ ਦਲ ਤੋਂ ਵਿਧਾਇਕ ਸਨ ਅਤੇ ਉਨ੍ਹਾਂ ਨੇ ਕੇਸ ਦੇ ਸਿਆਸੀ ਰੰਗਤ ਲੈਣ ਉੱਤੇ ਖੁਦ ਇਸ ਪ੍ਰੋਜੈਕਟ ਦਾ ਵਿਰੋਧ ਸ਼ੁਰੂ ਕਰ ਦਿੱਤਾ ਸੀ ਅਤੇ ਆਪਣੀ ਪਾਰਟੀ ਦੇ ਖਿਲਾਫ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ ਸੀ। ਉਸ ਦੇ ਬਾਅਦ ਪਰਗਟ ਸਿੰਘ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ।

## ਰਾਣਾ ਗੁਰਜੀਤ ਸਿੰਘ ਵੱਲੋਂ ਚਾਰ ਕਾਂਗਰਸੀ ਵਿਧਾਇਕਾਂ ਨੂੰ ਚੁਣੌਤੀ

### * ਨਵਜੋਤ ਸਿੱਧੂ ਨੂੰ ਨਵਤੇਜ ਚੀਮਾ ਦੇ ਹੱਕ ਵਿੱਚ ਪ੍ਰਚਾਰ ਦਾ ਚੈਲਿੰਜ

ਜਲੰਧਰ, 20 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਕੱਲ੍ਹ ਆਪਣੀ ਕਾਂਗਰਸ ਪਾਰਟੀ ਦੇ ਚਾਰਵਿਧਾਇਕਾਂ ਨਵਤੇਜ ਸਿੰਘ ਚੀਮਾ, ਸੁਖਪਾਲ ਸਿੰਘ ਖਹਿਰਾ, ਬਲਵਿੰਦਰ ਸਿੰਘ ਧਾਲੀਵਾਲ ਅਤੇ ਅਵਤਾਰ ਹੈਨਰੀ ਜੂਨੀਅਰ ਨੂੰ ਲਲਕਾਰ ਕੇ ਕਿਹਾ ਕਿ ਉਹ ਚਾਰੇ ਜਣੇ ਸੁਲਤਾਨ-ਪੁਰ ਲੋਧੀ ਤੋਂ ਉਸ ਦੇ ਪੁੱਤਰ ਰਾਣਾ ਇੰਦਰਪ੍ਰਤਾਪ ਸਿੰਘ ਨੂੰ ਹਰਾ ਕੇ ਦਿਖਾਉਣ। ਉਨ੍ਹਾਂ ਕਿਹਾ ਕਿ ਜੇ ਉਹ ਰਾਣਾ ਇੰਦਰਪ੍ਰਤਾਪ ਸਿੰਘ ਨੂੰ ਹਰਾ ਦੇਣ ਤਾਂ ਉਹ ਨਵਜੋਤ ਸਿੰਘ ਸਿੱਧੂ, ਨਵਤੇਜ ਸਿੰਘ ਚੀਮਾ ਅਤੇ ਸੁਲਤਾਨ-ਪੁਰ ਲੋਧੀ ਦੇ ਲੋਕਾਂ ਕੋਲੋਂ ਹੱਥ ਜੋੜ ਕੇ ਮੁਆਫੀ ਮੰਗਣਗੇ।

ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਅਸਲ ਵਿੱਚ ਚਾਰੇ ਵਿਧਾਇਕ ਨਵਤੇਜ ਸਿੰਘ ਚੀਮਾ, ਸੁਖਪਾਲ ਸਿੰਘ ਖਹਿਰਾ, ਬਲਵਿੰਦਰ ਸਿੰਘ ਧਾਲੀਵਾਲ



ਅਤੇ ਅਵਤਾਰ ਹੈਨਰੀ ਜੂਨੀਅਰ ਚੋਣ ਹਾਰ ਰਹੇ ਹਨ ਤੇ ਆਪਣੀ ਹਾਰ ਦਾ ਭਾਂਡਾ ਉਹ ਸਾਡੇ ਸਿਰ ਭੰਨਣਾ ਚਾਹੁੰਦੇ ਹਨ। ਸੁਖਪਾਲ ਸਿੰਘ ਖਹਿਰਾਬਾਰੇ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਜਿਹੜਾ ਆਗੂ ਜੇਲ੍ਹ ਵਿੱਚ ਹੈ, ਉਸ ਨੂੰ ਇਹ ਇਖਲਾਕੀ ਹੱਕ ਨਹੀਂ ਕਿ ਕਿਸੇ ਨੂੰ ਦਾਗੀ ਕਹੇ। ਉਨ੍ਹਾਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੂੰ ਚਾਹੀਦਾ ਹੈ ਕਿ ਸੁਲਤਾਨਪੁਰ ਲੋਧੀ ਆ ਕੇ 15-20 ਦਿਨ ਨਵਤੇਜ ਸਿੰਘ ਚੀਮਾ ਲਈ ਪ੍ਰਚਾਰ ਕਰਨ ਤੇ ਉਸ ਨੂੰ ਵਿਧਾਇਕ ਬਣਾ ਕੇ ਮੰਤਰੀ ਬਣਾਉਣ। ਉਨ੍ਹਾਂ ਕਿਹਾ ਕਿ ਰਾਣਾ ਇੰਦਰਪ੍ਰਤਾਪ ਸਿੰਘ ਆਜ਼ਾਦ ਜਿੱਤੇਗਾ ਤੇ ਸੀਟ ਕਾਂਗਰਸ ਦੀ ਝੋਲੀ ਪਾਵੇਗਾ।

## ਪ੍ਰਕਾਸ਼ ਸਿੰਘ ਬਾਦਲ ਕੱਲ੍ਹ ਫਿਰ ਅਦਾਲਤ ਵਿੱਚ ਪੇਸ਼ ਨਹੀਂ ਹੋਏ

ਹੁਸ਼ਿਆਰਪੁਰ, 20 ਜਨਵਰੀ (ਪੋਸਟ ਬਿਊਰੋ)- ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੁਸ਼ਿਆਰਪੁਰ ਦੀ ਅਦਾਲਤ ਵਿੱਚ ਨਿੱਜੀ ਤੌਰ ਉੱਤੇ ਪੇਸ਼ ਹੋਣ ਦੇ ਹੁਕਮਾਂ ਦੇ ਬਾਵਜੂਦਕੱਲ੍ਹ ਫਿਰ ਪੇਸ਼ ਨਹੀਂ ਹੋਏ। ਉਂਜ ਇਸ ਮੌਕੇ ਅਕਾਲੀ ਦਲ ਦੇ ਜਨਰਲ ਸੈਕਟਰੀ ਅਤੇ ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ ਨਿੱਜੀ ਤੌਰ ਉੱਤੇ ਪੇਸ਼ ਹੋਏ ਸਨ। ਪ੍ਰਕਾਸ਼ ਸਿੰਘ ਬਾਦਲ ਦੇ ਵਕੀਲ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਐਡਵੋਕੇਟ ਅਰਸ਼ਦੀਪ ਸਿੰਘਕਲੇਰ ਤੇ ਐਡਵੋਕੇਟ ਹਰਜੋਤ ਕਮਲਸਿੰਘ ਨੇ ਅਦਾਲਤ ਵਿੱਚ ਉਨ੍ਹਾਂ ਦੀ ਸਿਹਤ ਠੀਕ ਨਾ ਹੋਣ ਦਾ ਹਵਾਲਾ ਦਿੰਦਿਆਂ ਪੇਸ਼ ਹੋਣ ਤੋਂ ਅਸਮਰੱਥਾ ਪ੍ਰਗਟਾਈ। ਅਦਾਲਤ ਨੇ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ 25 ਫਰਵਰੀ ਨੂੰ ਨਿੱਜੀ ਤੌਰ ਉੱਤੇ ਪੇਸ਼ ਹੋਣ ਦੇ ਨਵੇਂ ਹੁਕਮ ਜਾਰੀ ਕੀਤੇ ਹਨ।

ਵਰਨਣ ਯੋਗ ਹੈ ਕਿ ਅਕਾਲੀ ਦਲ ਖਿਲਾਫ ਦੋ ਸੰਵਿਧਾਨ ਰੱਖਣ ਨੂੰ ਲੈ ਕੇ ਸਮਾਜ ਸੇਵੀ ਬਲਵੰਤ ਸਿੰਘ ਖੇੜਾ ਵੱਲੋਂ ਅਦਾਲਤ ਵਿੱਚ ਧੋਖਾਧੜੀ ਤੇ ਜਾਅਲਸਾਜ਼ੀ ਦਾ ਕੇਸ ਕੀਤਾ ਹੋਇਆ ਹੈ। ਅਦਾਲਤੀ ਕਾਰਵਾਈ ਪਿੱਛੋਂ ਸੋਸ਼ਲਿਸਟ ਪਾਰਟੀ ਆਫ ਇੰਡੀਆ ਅਤੇ ਸਮਾਜਕ ਜਥੇਬੰਦੀਆਂ ਨੇ ਅਕਾਲੀ ਦਲ ਦੇ ਆਗੂਆਂ ਖਿਲਾਫ ਰੋਸ ਮੁਜ਼ਾਹਰਾ ਵੀ ਕੀਤਾ।

## ਪੰਜਾਬ ਦੀ ਸਿਆਸਤ ਉਤੇ ਡਰੱਗ, ਸੈਂਡ ਤੇ ਲੀਕਰ ਮਾਫੀਆ ਹਾਵੀ

ਚੰਡੀਗੜ੍ਹ, 20 ਜਨਵਰੀ (ਪੋਸਟ ਬਿਊਰੋ)- ਪੰਜਾਬ ਦੀ ਸਿਆਸਤ ਦੀ ਜਦ ਚਰਚਾ ਹੁੰਦੀ ਹੈ ਤਾਂ ਡਰੱਗ ਮਾਫੀਆ, ਸੈਂਡ ਮਾਫੀਆ ਤੇ ਲੀਕਰ ਮਾਫੀਆ ਦੀ ਚਰਚਾ ਵੀ ਜ਼ਰੂਰ ਹੁੰਦੀ ਹੈ। ਚਾਹੇ ਸਰਕਾਰ ਕੋਈ ਵੀ ਹੋਵੇ, ਚਰਚਾ ਦੇ ਵਾਜਿਬ ਕਾਰਨ ਹਨ, ਕਿਉਂਕਿ ਇਹੀ ਮਾਫੀਆ ਪੰਜਾਬ ਦੀ ਰਾਜਨੀਤੀ ਕੰਟਰੋਲ ਕਰਦੇ ਅਤੇ ਰਾਜਸੀ ਗਲਿਆਰਿਆਂ ਵਿੱਚ ਇਨ੍ਹਾਂ ਦੀ ਪਕੜ ਹੈ। ਸਰਕਾਰ ਕਿਸੇ ਪਾਰਟੀ ਦੀ ਹੋਵੇ, ਮੁੱਖ ਮੰਤਰੀ ਕੋਈ ਹੋਵੇ, ਇਨ੍ਹਾਂ ਮਾਫੀਆ ਦੇ ਬਿਨਾਂ ਸਰਕਾਰ ਦਾ ਕੰਮ ਨਹੀਂ ਚੱਲਦਾ ਅਤੇ ਡਰੱਗ ਮਾਫੀਆ, ਸੈਂਡ ਮਾਫੀਆ, ਲੀਕਰ ਮਾਫੀਆ ਹੀ ਪੰਜਾਬ ਦੀ ਰਾਜਨੀਤੀ ਨੂੰ ਕੰਟਰੋਲ ਕਰਦੇ ਹਨ।

ਪੰਜਾਬ ਵਿੱਚ ਪਿਛਲੇ 15 ਸਾਲ ਤੋਂ ਰੇਤ ਮਾਫੀਆ ਦਾ ਮੁੱਦਾ ਚਰਚਿਤ ਹੈ। ਅਕਾਲੀ-ਭਾਜਪਾ ਦੀ ਸਰਕਾਰ 2007 ਤੋਂ 2017 ਤਕ ਰਹੀ, ਓਦੋਂ ਵੀ ਰੇਤ ਮਾਫੀਆ ਦਾ ਵੱਡਾ ਮੁੱਦਾ ਬਣਿਆ ਰਿਹਾ। 2017 ਵਿੱਚ ਕਾਂਗਰਸ ਸੱਤਾ ਵਿੱਚ ਆਈ ਅਤੇ ਅੱਜ ਤੱਕ ਰੇਤ ਮਾਫੀਆ ਇੱਕ ਵੱਡਾ ਮੁੱਦਾ ਬਣਿਆ ਪਿਆਹੈ। ਅਕਾਲੀ ਦਲ ਦੇ ਪ੍ਰਧਾਨ ਤੋਂ ਆਮ ਆਦਮੀ ਪਾਰਟੀ ਤਕ ਨੇ ਦੋਸ਼ ਲਾਏ ਕਿ ਗੈਰ ਕਾਨੂੰਨੀ ਮਾਈਨਿੰਗ ਹੁੰਦੀ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਕਿ ਉਨ੍ਹਾਂ ਦੇ ਕੁਝ ਮੰਤਰੀ ਤੇ ਕਈ ਹੋਰ ਨੇਤਾ ਗੈਰ ਕਾਨੂੰਨੀ ਮਾਈਨਿੰਗ ਕਰਦੇ ਸਨ, ਇਸ ਲਈ ਅੱਜਕੱਲ੍ਹ ਇਨਫੋਰਸਮੈਂਟ ਡਾਇਰੈਕਟੋਰੇਟ(ਈ ਡੀ) ਦੀ ਰੇਡ ਹੋਣ ਉੱਤੇ ਕਾਂਗਰਸ ਸਭ ਤੋਂ ਵੱਧ ਭੜਕ ਰਹੀ ਹੈ।



ਈ ਡੀ ਦੀ ਰੇਡ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਤੀਜੇ ਉੱਤੇ ਹੋਣ ਤੋਂ ਕਾਂਗਰਸ ਵਿੱਚ ਹਾਹਾਕਾਰ ਮੱਚ ਗਈਹੈ। ਪਿਛਲੇ ਸਮੇਂ ਵਿੱਚ ਕੇਬਲ ਮਾਫੀਆ ਉੱਤੇਈ ਡੀ ਨੇ ਰੇਡ ਮਾਰੀ ਤਾਂ ਕਾਂਗਰਸ ਚੁੱਪ ਰਹੀ, ਜਦ ਉਨ੍ਹਾਂ ਉੱਤੇ ਈ ਡੀ ਨੇ ਸ਼ਿਕੰਜਾ ਕੱਸਿਆ ਤਾਂ ਕਾਂਗਰਸ ਵਿੱਚ ਭੂਚਾਲ ਆ ਗਿਆ ਹੈ। ਇਸ ਵਕਤ ਕਾਂਗਰਸ ਕਹਿ ਰਹੀ ਹੈ ਕਿ ਵਿਧਾਨ ਸਭਾ ਚੋਣਾਂ ਤੋ ਪਹਿਲਾਂ ਏਦਾਂ ਦਾ ਕਦਮ ਕਾਂਗਰਸ ਨੂੰ ਬਦਨਾਮ ਕਰਨ ਲਈ ਹੈ। ਨਵਜੋਤ ਸਿੱਧੂ ਕਾਫੀ ਸਮੇਂ ਤੋਂ ਰੌਲਾ ਪਾਉਂਦੇ ਰਹੇ ਹਨ ਕਿ ਪੰਜਾਬ ਵਿੱਚ ਤਾਮਿਲ ਨਾਡੂ ਮਾਡਲ ਲਾਗੂ ਕੀਤਾ ਜਾਏ, ਪਰ ਉਨ੍ਹਾਂ ਦੀ ਕਿਸੇ ਨੇ ਨਹੀਂ ਸੀ ਸੁਣੀ। ਪੰਜਾਬ ਦੀ ਕਾਂਗਰਸ ਸਰਕਾਰ ਅਕਾਲੀ ਦਲ ਉੱਤੇ ਸਵਾਲ ਉਠਾ ਰਹੀ ਸੀ,ਅੱਜ ਅਕਾਲੀ ਦਲ ਕਾਂਗਰਸ ਉੱਤੇ ਸਵਾਲ ਉਠਾ ਰਿਹਾ ਹੈ ਅਤੇ ਈ ਡੀ ਦੇ ਨਿਸ਼ਾਨੇ ਉੱਤੇ ਆ ਗਈ ਹੈ।ਮਨਮੋਹਨ ਸਿੰਘ ਦੇ ਬਾਅਦ ਪੰਜਾਬ ਦੇ ਰਾਜਨੇਤਾ ਦਿੱਲੀ ਦੇ ਨੈਸ਼ਨਲ ਸੀਨ ਤੋਂ ਗਾਇਬ ਹਨ। ਮੌਜੂਦਾ ਸਮੇਂ ਵਿੱਚ ਸ਼ਾਇਦ ਪੰਜਾਬ ਦਾ ਕੋਈ ਰਾਜਨੇਤਾ ਦਿੱਲੀ ਦੀ ਰਾਜਨੀਤੀ ਵਿੱਚ ਆਪਣੀ ਯੋਗਤਾ ਅਤੇ ਅਕਲ ਦੇ ਕਾਰਨ ਸਿਖਰਲੇ ਮੁਕਾਮ 'ਤੇ ਹੋਵੇ? ਪੰਜਾਬ ਤੋਂ ਜਿੱਤਣ ਵਾਲੇ ਕਈ ਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਉੱਤੇ ਸੈਂਡ ਮਾਫੀਆ, ਲੀਕਰ ਮਾਫੀਆ ਤੇ ਡਰੱਗ ਮਾਫੀਆ ਨੂੰ ਪ੍ਰੋਟੈਕਸ਼ਨ ਦੇਣ ਦਾ ਦੋਸ਼ਹੈ।

ਹਰ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਉੱਤੇ ਗੰਭੀਰ ਦੋਸ਼ ਹਨ। ਇਨਫੋਰਸਮੈਂਟ ਡਾਇਰੈਕਟੋਰੇਟ ਤੋਂ ਪੰਜਾਬ ਪੁਲਸ ਤਕ ਦੀ ਰਿਪੋਰਟ ਵਿੱਚ ਨੇਤਾ-ਮਾਫੀਆ ਗੱਠਜੋੜ ਦਾ ਖੁਲਾਸਾ ਹੁੰਦਾ ਹੈ। ਡਰੱਗ ਕਾਰੋਬਾਰ ਬਾਰੇ ਕਈ ਨੇਤਾ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਨਿਸ਼ਾਨੇ ਉੱਤੇ ਹਨ ਤਾਂ ਕਈ ਪੰਜਾਬ ਪੁਲਸ ਦੇ ਨਿਸ਼ਾਨੇ ਉੱਤੇਹਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਰਿਸ਼ਤੇਦਾਰ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਉੱਤੇ ਡਰੱਗ ਕਾਰੋਬਾਰੀਆਂ ਨੂੰ ਸੁਰੱਖਿਆ ਦੇਣ ਦਾ ਦੋਸ਼ ਹੈ। ਸੈਂਡ ਮਾਫੀਆਦੇ ਦੋਸ਼ ਵਿੱਚ ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਉੱਤੇ ਈ ਡੀ ਦਾ ਛਾਪਾ ਪਿਆ ਹੈ।

## ਪੁਲਸ ਦੀਆਂ ਜਾਅਲੀ ਤਰੱਕੀਆਂ ਮਾਮਲੇ ਵਿਚ ਦੋ ਸੁਪਰਡੈਂਟਾਂ ਅਤੇ ਇੱਕ ਇੰਸਪੈਕਟਰ ਸਮੇਤ ਪੰਜ ਗ੍ਰਿਫ਼ਤਾਰ

ਚੰਡੀਗੜ੍ਹ, 20 ਜਨਵਰੀ (ਪੋਸਟ ਬਿਊਰੋ)- ਪੰਜਾਬ ਪੁਲਸਦੇ ਸਾਬਕਾ ਮੁਖੀ (ਡੀ ਜੀ ਪੀ) ਸਿਧਾਰਥ ਚਟੋਪਾਧਿਆਏ ਦੇ ਜਾਅਲੀ ਦਸਤਖ਼ਤ ਨਾਲ ਤਰੱਕੀਆਂ ਦੇ ਕੇਸ ਵਿੱਚ ਚੰਡੀਗੜ੍ਹ ਪੁਲਸ ਨੇ ਪੰਜ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿੱਚ ਦੋ ਸੁਪਰਡੈਂਟ ਤੇ ਇੱਕ ਪੁਲਸ ਇੰਸਪੈਕਟਰ ਸ਼ਾਮਲ ਹਨ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਪੁਲਸ ਹੈਡਕੁਆਰਟਰ ਵੱਲੋਂ ਚੰਡੀਗੜ੍ਹ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ ਸੀ ਕਿ ਪਿਛਲੇ ਡੀ ਜੀ ਪੀ ਸਿਧਾਰਥ ਚਟੋਪਾਧਿਆਏ ਦੇ ਜਾਅਲੀ ਦਸਤਖ਼ਤ ਕਰਕੇ ਕੁਝ ਪੁਲਸ ਵਾਲਿਆਂ ਦੀਆਂ ਤਰੱਕੀਆਂ ਕੀਤੀਆਂ ਗਈਆਂ ਹਨ। ਚੰਡੀਗੜ੍ਹ ਪੁਲਸ ਨੇ ਸ਼ਿਕਾਇਤ ਉੱਤੇਥਾਣਾ ਸੈਕਟਰ ਤਿੰਨ ਵਿੱਚਕੇਸ ਦਰਜ ਕੀਤਾ ਤੇ ਇਸ ਦੀ ਜਾਂਚ ਲਈ ਵਿਸ਼ੇਸ਼ ਟੀਮ ਬਣਾਈ, ਜਿਸ ਵਿੱਚ ਚੰਡੀਗੜ੍ਹ ਪੁਲਸ ਦੇ ਐਸ ਪੀ ਕੇਤਨ ਬਾਂਸਲ ਤੇ ਡੀ ਐਸ ਪੀ



ਚਰਨਜੀਤ ਸਿੰਘ ਵਿਰਕ ਸ਼ਾਮਲ ਸਨ। ਜਾਂਚ ਵਿੱਚ ਪੰਜਾਬ ਪੁਲਸ ਹੈਡਕੁਅਰਾਟਰ ਵਿੱਚੋਂ ਜੀ ਪੀ ਫ਼ੰਡ ਬਰਾਂਚ ਦੇ ਸੁਪਰਡੈਂਟ ਸੰਦੀਪ ਕੁਮਾਰ (55), ਸੁਪਰਡੈਂਟ ਈ-1 ਬਰਾਂਚ ਬਹਾਦਰ ਸਿੰਘ (52), ਹੈੱਡ ਕਾਂਸਟੇਬਲ ਮਨੀ ਕਟੌਚ (33), ਪੰਜਾਬ ਪੁਲਸ ਤੋਂ ਬਰਖ਼ਾਸਤ ਐਸ ਆਈ ਸਰਬਜੀਤ ਸਿੰਘ (47) ਅਤੇ ਇੰਸਪੈਕਟਰ ਸਾਈਬਰ ਸੈਲ ਸਤਵੰਤ ਸਿੰਘ (48) ਦਾ ਨਾਂਅ ਸਾਹਮਣੇ ਆਇਆ ਸੀ। ਪੁਲਸ ਨੇ ਇਨ੍ਹਾਂਕੋਲੋਂ ਜਾਅਲੀ ਆਰਡਰ, ਸੰਦੀਪ ਕੁਮਾਰ ਦਾ ਲੈਪਟਾਪ, ਸੀ ਪੀ ਯੂ, ਮੋਬਾਈਲ ਫ਼ੋਨ, ਡਿਸਪੈਚ ਰਜਿਸਟਰ ਤੇ ਕਾਰ ਬਰਾਮਦ ਕੀਤੀ ਹੈ। ਜਾਂਚ ਵਿੱਚਪਤਾ ਲੱਗਾ ਕਿ ਸਤਵੰਤ ਸਿੰਘ ਤੇ ਸਰਬਜੀਤ ਸਿੰਘ ਨੇ ਖ਼ੁਦ ਨੂੰ ਡੀ ਜੀ ਪੀ ਦਾ ਕਰੀਬੀ ਦੱਸ ਕੇ ਅਫਸਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਨੂੰ ਤਰੱਕੀ ਵਾਸਤੇ ਡੀ ਜੀ ਪੀ ਦਫ਼ਤਰ ਤੋਂ ਆਰਡਰ ਕਰਵਾ ਸਕਦੇ ਹਨ। ਸੁਪਰਡੈਂਟ ਸੰਦੀਪ ਕੁਮਾਰ ਨੇ ਆਪਣੇ ਲੈਪਟਾਪ ਉੱਤੇ ਜਾਅਲੀ ਆਰਡਰ ਬਣਾਇਆ, ਜਿਸ ਨੂੰ ਹੈਡ ਕਾਂਸਟੇਬਲ ਮਨੀ ਕਟੋਚ ਨੇ ਟਾਈਪ ਕੀਤਾ। ਸੰਦੀਪ ਕੁਮਾਰ ਨੇ ਇਸ ਦੀ ਕਾਪੀ ਇੰਸਪੈਕਟਰ ਸਤਵੰਤ ਸਿੰਘ ਨੂੰ ਦਿੱਤੀ, ਜਿਸ ਨੇ ਡੀ ਜੀ ਪੀ ਦੇ ਜਾਅਲੀ ਦਸਤਖ਼ਤ ਕਰਵਾਏ ਅਤੇ ਸੰਦੀਪ ਕੁਮਾਰ ਅਤੇ ਈ-1 ਬਰਾਂਚ ਦੇ ਸੁਪਰੀਡੈਂਟ ਬਹਾਦਰ ਸਿੰਘ ਦੀ ਮਦਦ ਨਾਲ ਪੰਜਾਬ ਪੁਲਸ ਡਿਸਪੈਚ ਰਜਿਸਟਰ ਵਿੱਚ ਤਰੱਕੀਆਂ ਦੀ ਐਂਟਰੀ ਕਰ ਕੇ ਅੱਗੇ ਵੰਡ ਦਿੱਤਾ। ਇਸ ਕੇਸ ਦੀ ਜਾਂਚ ਅਜੇ ਜਾਰੀ ਹੈ ਤੇ ਕੇਸ ਨਾਲ ਜੁੜੇ ਹੋਰ ਤੱਥ ਸਾਹਮਣੇ ਆ ਸਕਦੇ ਹਨ।

## ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸਨਾਂ ਲਈ ਜੱਥੇ ਨੂੰ ਸਤਲੁਜ ਕਲੱਬ ਤੋਂ ਕੀਤਾ ਗਿਆ ਰਵਾਨਾ

### ਸ੍ਰੀ ਕਰਤਾਰਪੁਰ ਸਾਹਿਬ ਦੀ ਯਾਤਰਾ 'ਤੇ ਜਾਣ ਵਾਲੀਆਂ ਸੰਗਤਾਂ ਲਈ ਸਰਤਾਂ 'ਚ ਢਿੱਲ ਦਿੱਤੀ ਜਾਵੇ-ਬਾਵਾ, ਕੈਰੋਂ



ਲੁਧਿਆਣਾ, 20 ਜਨਵਰੀ (ਗਿਆਨ ਸਿੰਘ) ਲੁਧਿਆਣਾ ਫਸਟ ਕਲੱਬ ਦੇ ਮੈਂਬਰਾਂ ਦਾ ਇੱਕ ਜਥਾ ਅੱਜ ਸਥਾਨਕ ਸਤਲੁਜ ਕਲੱਬ ਤੋਂ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸਨਾਂ ਲਈ ਰਵਾਨਾ ਹੋਇਆ। ਜਿਸ ਨੂੰ ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸਨਲ ਫਾਊਂਡੇਸਨ ਦੇ ਮੁਖੀ ਕ੍ਰਿਸਨ ਕੁਮਾਰ ਬਾਵਾ ਅਤੇ ਸਮਾਜ ਸੇਵੀ ਤੇ ਸਤਲੁਜ ਕਲੱਬ ਦੇ ਸਾਬਕਾ ਜਨਰਲ ਸਕੱਤਰ ਗੁਰਿੰਦਰ ਸਿੰਘ ਕੈਰੋਂ ਨੇ ਰਵਾਨਾ ਕੀਤਾ।

ਬਾਵਾ ਅਤੇ ਕੈਰੋਂ ਨੇ ਕੇਂਦਰ ਸਰਕਾਰ ਤੋਂ ਪੁਰਜੋਰ ਮੰਗ ਕੀਤੀ ਕਿ ਸ੍ਰੀ ਕਰਤਾਰਪੁਰ ਸਾਹਿਬ ਜੀ ਦੀ ਯਾਤਰਾ 'ਤੇ ਜਾਣ ਵਾਲੀਆਂ ਸੰਗਤਾਂ ਲਈ ਸਰਤਾਂ 'ਚ ਢਿੱਲ ਦਿੱਤੀ ਜਾਵੇ ਤਾਂ ਜੋ ਵੱਡੀ ਗਿਣਤੀ 'ਚ ਨਾਨਕ ਨਾਮ ਲੇਵਾ ਸੰਗਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਅਸਥਾਨ ਦੇ ਦਰਸਨ ਕਰ ਸਕਣ। . ਇਹ ਵੀ ਮੰਗ ਕੀਤੀ ਗਈ ਕਿ ਯਾਤਰਾ ਪਾਸ-ਪੋਰਟ ਦੀ ਬਜਾਏ ਆਧਾਰ ਕਾਰਡ 'ਤੇ ਕੀਤੀ ਜਾਵੇ। ਇਸ ਮੌਕੇ ਅਸਵਨੀ ਅਰੋੜਾ, ਸੁਰਿੰਦਰ ਸਿੰਘ, ਮੁਕੇਸ ਸੂਦ, ਦਲਜੀਤ ਸਿੰਘ ਮਲਹੋਤਰਾ, ਜੋਗਾ ਸਿੰਘ ਮਾਨ, ਸੋਨੂੰ ਮਾਨ, ਐਸ.ਕੇ.ਗੁਪਤਾ, ਆਰ.ਐਸ.ਬਹਿਲ, ਤੇਜਿੰਦਰ ਕੌਰ, ਸੰਦੀਪ ਸਿੰਘ, ਪ੍ਰਦੀਪ ਸਿੰਘ, ਨੀਤੂ ਮਾਨ ਅਤੇ ਇਸਰਤ ਮਾਨ ਹਾਜਰ ਸਨ।

### ਪੰਜਾਬ ਵਿਧਾਨ ਸਭਾ ਚੋਣਾਂ:

## 228 ਗਸ਼ਤ ਟੀਮਾਂ,740 ਸਟੈਟਿਕ ਨਿਗਰਾਨ ਟੀਮਾਂ,792 ਉਡਣ ਦਸਤਿਆਂ, 351 ਵੀਡੀਓ ਨਿਗਰਾਨ ਟੀਮਾਂ ਵਲੋਂ ਨਸ਼ਾ-ਰਹਿਤ ਅਤੇ ਲਾਲਚ-ਮੁਕਤ ਚੋਣਾਂ ਨੂੰ ਯਕੀਨੀ ਬਣਾਉਣ ਲਈ ਰੱਖੀ ਜਾਰੀ ਹੈ ਤਿੱਖੀ ਨਜ਼ਰ

*** ਚੋਣ ਜਾਬਤਾ ਲੱਗਣ ਪਿੱਛੋਂ 6.6 ਲੱਖ ਲੀਟਰ ਤੋਂ ਵੱਧ ਸ਼ਰਾਬ, 44.49 ਕਰੋੜ ਰੁਪਏ ਦੇ ਨਸ਼ੇ ਅਤੇ 1.74 ਕਰੋੜ ਦੀ ਨਕਦੀ ਬਰਾਮਦ**

ਚੰਡੀਗੜ,20 ਜਨਵਰੀ (ਗਿਆਨ ਸਿੰਘ)- ਸੂਬੇ ਵਿੱਚ ਨਸ਼ਾ- ਮੁਕਤ, ਲਾਲਚ-ਰਹਿਤ ਅਤੇ ਸ਼ਾਂਤੀਮਈ ਢੰਗ ਨਾਲ ਵਿਧਾਨ ਸਭਾ ਚੋਣਾਂ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਡਾ. ਐਸ. ਕਰੁਣਾ ਰਾਜੂ ਨੇ ਦੱਸਿਆ ਕਿ ਆਦਰਸ਼ ਚੋਣ ਜਾਬਤਾ ਲਾਗੂ ਹੋਣ ਉਪਰੰਤ ਵੱਖ-ਵੱਖ ਇਨਫੋਰਸਮੈਂਟ ਏਜੰਸੀਆਂ ਵਲੋਂ 1.74 ਕਰੋੜ ਰੁਪਏ ਦੀ ਨਕਦੀ, 27960.292 ਲੀਟਰ ਸ਼ਰਾਬ, 6476.61 ਲੀਟਰ ਨਾਜਾਇਜ਼ ਸ਼ਰਾਬ , 235069 ਲੀਟਰ ਲਾਹਣ ,1088.01 ਕਿਲੋ ਭੁੱਕੀ, 11.03 ਕਿਲੋ ਅਫੀਮ, 3370.82 ਗ੍ਰਾਮ ਹੈਰੋਇਨ, 123.507 ਗ੍ਰਾਮ ਸਮੈਕ, 2940 ਕੈਪਸੂਲ, 90 ਸ਼ੀਸ਼ੀਆਂ ,92079 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ।





ਉਨਾਂ ਕਿਹਾ ਕਿ ਸੁਰੱਖਿਆ ਦੇ ਪੱਖ ਤੋਂ ਸੂਬੇ ਵਿੱਚ ਨਸ਼ਿਆਂ ਸਮੇਤ ਸ਼ਰਾਰਤੀ ਅਨਸਰਾਂ 'ਤੇ ਨਜ਼ਰ ਰੱਖਣ ਲਈ 2268 ਰੂਟ/ਜੋਨ ਪੈਟਰੋਲਿੰਗ ਟੀਮਾਂ, 740 ਸਟੈਟਿਕ ਸਰਵੀਲੈਂਸ ਟੀਮਾਂ, 792 ਉਡਣ ਦਸਤੇ ਅਤੇ 351 ਵੀਡੀਓ ਸਰਵੀਲੈਂਸ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।

ਉਨਾਂ ਦੱਸਿਆ ਕਿ ਕੇਂਦਰੀ ਢੁਕਵੀਂ ਗਿਣਤੀ ਵਿਚ ਪੈਰਾ ਮਿਲਟਰੀ ਫੋਰਸਿਸ: ਜਿਨਾਂ ਵਿੱਚ ਸੀ.ਆਰ.ਪੀ.ਐਫ., ਬੀ.ਐਸ.ਐਫ., ਸੀ.ਆਈ.ਐਸ.ਐਫ., ਆਈ.ਟੀ.ਬੀ.ਪੀ ਅਤੇ ਐਸ.ਐਸ.ਬੀ. ਸ਼ਾਮਲ ਹਨ, ਦੇ ਜਵਾਨਾਂ ਵਲੋਂ ਪਹਿਲਾਂ ਹੀ ਭਾਰਤ-ਪਾਕਿ ਸਰਹੱਦ ਨਾਲ ਲੱਗਦੇ ਖੇਤਰਾਂ ਅਤੇ ਵੱਡੇ ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਵਰਗੇ ਵੱਡੇ ਸ਼ਹਿਰਾਂ ਵਿੱਚ ਸੁਰੱਖਿਆ ਅਭਿਆਸ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਨਸ਼ਿਆਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ 'ਤੇ ਤਿੱਖੀ ਨਜ਼ਰ ਰੱਖਣ ਲਈ ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ.) ਦੇ 28 ਅਧਿਕਾਰੀ, ਹਰੇਕ ਜ਼ਿਲੇ ਸਮੇਤ ਪੁਲਿਸ ਜ਼ਿਲੇ ਵਿੱਚ ਇੱਕ-ਇੱਕ ਅਧਿਕਾਰੀ ਵੀ ਤਾਇਨਾਤ ਕੀਤਾ ਗਿਆ ਹੈ।

ਡਾ: ਰਾਜੂ ਨੇ ਕਿਹਾ ਕਿ ਪੰਜਾਬ ਪੁਲਿਸ ਇਨਾਂ ਕਰਮਚਾਰੀਆਂ ਦੇ ਨਾਲ ਮਿਲਕੇ ਨਿਰਪੱਖ, ਸੁਰੱਖਿਅਤ ਅਤੇ ਲਾਲਚ-ਮੁਕਤ ਚੋਣਾਂ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ।

## ਬਹਿਬਲ ਕਲਾਂ ਗੋਲੀ ਕਾਂਡ ਦੀ ਸੁਣਵਾਈ 28 ਤਕ ਮੁਲਤਵੀ

ਫਰੀਦਕੋਟ, 20 ਜਨਵਰੀ (ਪੋਸਟ ਬਿਊਰੋ)- ਬਹਿਬਲ ਕਲਾਂ ਗੋਲੀ ਕਾਂਡ ਦੀ ਕੱਲ੍ਹ ਇੱਥੇ ਐਡੀਸ਼ਨਲ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਦੀ ਅਦਾਲਤ ਵਿੱਚ ਸੁਣਵਾਈ ਹੋਣੀ ਸੀ, ਪਰ ਇਸ ਕੇਸ ਦੇ ਦੋਸ਼ੀ ਵਜੋਂ ਨਾਮਜ਼ਦ ਪੁਲਸ ਅਧਿਕਾਰੀ ਬਿਮਾਰ ਹੋਣ ਕਾਰਨ ਅਦਾਲਤ ਪੇਸ਼ ਨਹੀਂ ਹੋਏ, ਜਿਸ ਕਰ ਕੇ ਸੁਣਵਾਈ 28 ਜਨਵਰੀ ਨੂੰ ਤੈਅ ਕੀਤੀ ਹੈ।

ਇਸ ਮੌਕੇ ਐਸ ਪੀ ਬਿਕਰਮ ਸਿੰਘ ਨੇ ਅਦਾਲਤ ਵਿੱਚ ਹਾਜ਼ਰ ਨਾ ਹੋ ਸਕਣ ਦੀ ਅਰਜ਼ੀ ਦੇ ਕੇ ਕਿਹਾ ਕਿ ਕੋਰੋਨਾਪਾਜ਼ਿਟਿਵ ਹੋਣ ਕਾਰਨ ਉਹ ਅਦਾਲਤ ਪੇਸ਼ ਨਹੀਂ ਹੋ ਸਕਦਾ ਅਤੇਸਸਪੈਂਡਿਡ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਨੇ ਸਿਹਤ ਠੀਕ ਨਾ ਹੋਣ ਕਾਰਨ ਪੇਸ਼ੀ ਨਹੀਂ ਭੁਗਤੀ। ਅਦਾਲਤ ਨੇ ਕੱਲ੍ਹ ਮੁਲਜ਼ਮਾਂ ਖਿਲਾਫ ਦੋਸ਼ ਆਇਦ ਕਰਨ ਬਾਰੇ ਬਹਿਸ ਸੁਣਨੀ ਸੀ। ਇਸ ਕੇਸ ਦੇ ਇਨਸਾਫ ਦੀ ਲੜਾਈ ਲੜ ਰਹੇ ਸੁਖਰਾਜ ਸਿੰਘ ਨੇ ਕਿਹਾ ਕਿ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਪੰਜਾਬ ਸਰਕਾਰ ਸਜ਼ਾ ਦਿਵਾਉਣ ਤੋਂ ਬੁਰੀ ਤਰ੍ਹਾਂ ਅਸਫਲ ਰਹੀ ਹੈ। ਪੀੜਤ ਪਰਵਾਰ ਪਿਛਲੇ ਇੱਕ ਮਹੀਨੇ ਤੋਂ ਗੋਲੀ ਕਾਂਡ ਵਾਲੀ ਥਾਂਧਰਨੇ ਉਪਰ ਬੈਠਾ ਹੈ। ਇਸ ਤੋਂ ਪਹਿਲਾਂ ਵੀ ਉਨ੍ਹਾਂ ਨੇ ਸੰਘਰਸ਼ ਕੀਤਾ ਸੀ, ਪਰ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਿਆ।



# ਦਵਿੰਦਰਪਾਲ ਭੁੱਲਰ ਦੇ ਰਿਹਾਈ ਮਤੇ ਨੂੰ ਦਿੱਲੀ ਸਰਕਾਰ ਨੇ ਚਾਰ ਵਾਰ ਰੱਦ ਕੀਤਾ



ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਸਿਆਸੀ ਸਿੱਖ ਕੈਦੀ ਰਿਹਾਈ ਮੋਰਚਾ (ਦਿੱਲੀ) ਦੇ ਆਗੂਆਂ ਨੇ ਖੁਲਾਸਾ ਕੀਤਾ ਹੈ ਕਿ ਖਾੜਕੂ ਗਤੀਵਿਧੀਆਂ ਜਾਂ ਘਿਨਾਉਣੇ ਜੁਰਮ ਵਿੱਚ ਸ਼ਾਮਲ ਰਹੇ ਸ਼ਖ਼ਸ ਨੂੰ ਵੀ ਭਾਰਤੀ ਸੰਵਿਧਾਨ ਦੇ ਘੇਰੇ ਵਿੱਚ ਆਉਂਦਾ 'ਕ੍ਰਿਮੀਨਲ ਪ੍ਰੋਸੀਜਰ ਕੋਡ' ਸਜ਼ਾ ਸਮੀਖਿਆ ਲਈ ਅਪੀਲ ਕਰਨ ਦਾ ਅਧਿਕਾਰ ਦਿੰਦਾ ਹੈ, ਜਦਕਿ ਆਮ ਤੌਰ ਉੱਤੇ ਇਹ ਪ੍ਰਚਾਰਿਆ ਜਾਂਦਾ ਹੈ ਕਿ ਅਜਿਹੇ ਕੈਦੀਆਂ ਕੋਲ ਸਜ਼ਾ ਸਮੀਖਿਆ ਦਾ ਬਦਲ ਨਹੀਂ ਹੁੰਦਾ।

ਰਿਹਾਈ ਮੋਰਚੇ ਦੇ ਅੰਤ੍ਰਿੰਗ ਬੋਰਡ ਦੇ ਮੈਂਬਰ ਡਾਕਟਰ ਪਰਮਿੰਦਰ ਪਾਲ ਸਿੰਘ, ਚਮਨ ਸਿੰਘ ਸ਼ਾਹਪੁਰਾ, ਦਲਜੀਤ ਸਿੰਘ ਅਤੇ ਅਵਤਾਰ ਸਿੰਘ ਕਾਲਕਾ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ 2003 ਦੇ ਆਦੇਸ਼ ਨੂੰ ਬਾਕਾਇਦਾ ਜਨਤਕ ਕਰਦਿਆਂ ਕਿਹਾ ਕਿ ਦਿੱਲੀ ਸਰਕਾਰ ਦਾ ਸਜ਼ਾ ਸਮੀਖਿਆ ਬੋਰਡ ਕਾਨੂੰਨੀ ਮਾਪਦੰਡਾਂ ਨੂੰ ਅਣਗੌਲੇ ਕਰਦੇ ਹੋਏ ਕੈਦੀਆਂ ਦੇ ਮਨੁੱਖੀ ਤੇ ਜਮਹੂਰੀ ਅਧਿਕਾਰਾਂ ਦਾ ਘਾਣ ਕਰ ਰਿਹਾ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਲਗਾਤਾਰ ਆਮ ਆਦਮੀ ਪਾਰਟੀ ਦੇ ਸਮਰੱਥਕ ਇਹ ਦਾਅਵਾ ਕਰਦੇ ਹਨ ਕਿ ਦਿੱਲੀ ਸਰਕਾਰ ਕੋਲ ਕੈਦੀਆਂ ਦੀ ਰਿਹਾਈ ਦੇ ਅਧਿਕਾਰ ਨਹੀਂ ਹਨ, ਜਦਕਿ ਇਸ ਦੇ ਬਣਤਰ ਢਾਂਚੇ ਵਿੱਚ ਸਾਫ਼ ਲਿਖਿਆ ਹੈ ਕਿ ਦਿੱਲੀ ਦਾ ਜੇਲ੍ਹ ਮੰਤਰੀ ਇਸ ਦਾ ਚੇਅਰਮੈਨ ਹੋਵੇਗਾ। ਦਵਿੰਦਰਪਾਲ ਸਿੰਘ ਭੁੱਲਰ ਦੇ ਕੇਸ ਵਿੱਚ ਇਹੀ ਅਰਵਿੰਦ ਕੇਜਰੀਵਾਲ 2014 ਵਿੱਚ ਸੁਪਰੀਮ ਕੋਰਟ ਵਿੱਚਐਫੀਡੇਵਿਟ ਪੇਸ਼ ਕਰਕੇ ਉਨ੍ਹਾਂ ਦੀ ਰਿਹਾਈ ਦਾ ਸਮਰਥਨ ਕਰਦੇ ਸਨ ਪਰ ਅੱਜਕੱਲ੍ਹ ਇਨ੍ਹਾਂ ਦਾ ਸਜ਼ਾ ਸਮੀਖਿਆ ਬੋਰਡ ਚਾਰ ਵਾਰ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਤਜਵੀਜ਼ ਨੂੰ ਰੱਦ ਕਰ ਚੁੱਕਿਆ ਹੈ।

# ਕੋਵਿਡ ਮੌਤਾਂ ਦੇ ਮੁਆਵਜ਼ੇ ਬਾਰੇ ਸੁਪਰੀਮ ਕੋਰਟ ਵੱਲੋਂ ਸੂਬਾ ਸਰਕਾਰਾਂ ਦੀ ਖਿਚਾਈ

ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕੋਵਿਡ-19 ਦੇ ਕਾਰਨ ਮਾਰੇ ਗਏ ਪੀੜਤਾਂ ਦੇ ਵਾਰਸਾਂ ਨੂੰ ਮੁਆਵਜ਼ਾ ਦੇਣ ਵਿੱਚ ਫਾਡੀ ਅਤੇ ਸਭ ਤੋਂ ਵੱਧ ਮੁਆਵਜ਼ਾ ਅਰਜ਼ੀਆਂ ਰੱਦ ਕਰਨ ਵਾਲੇ ਕੇਰਲਾ ਤੇ ਬਿਹਾਰ ਸਮੇਤ ਕੁਝ ਰਾਜਾਂ ਦੀਆਂ ਸਰਕਾਰਾਂ ਦੀ ਜ਼ੋਰਦਾਰ ਖਿਚਾਈ ਕੀਤੀ ਹੈ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਕਿਹਾ ਕਿ ਕੋਵਿਡ ਨਾਲ ਹੋਈ ਕਿਸੇ ਮੌਤ ਦੇ ਮੁਆਵਜ਼ੇ ਦੀ ਕਿਸੇ ਅਰਜ਼ੀ ਨੂੰ ਤਕਨੀਕੀ ਕਾਰਨ ਕਰ ਕੇ ਰੱਦ ਨਾ ਕੀਤਾ ਜਾਵੇ। ਕੋਰਟ ਨੇ ਆਖਿਆ ਕਿ ਉਹ ਬਿਹਾਰ ਸਰਕਾਰ ਵੱਲੋਂ ਜਾਰੀ ਕੋਵਿਡ-19 ਮੌਤਾਂ ਦੇ ਅੰਕੜੇ ਨੂੰ ਰੱਦ ਕਰਦੀ ਹੈ, ਕਿਉਂਕਿ ਇਹ ਅਸਲ ਗਿਣਤੀ ਨਹੀਂ, ਸਿਰਫ ਸਰਕਾਰੀ ਅਕੜੇ ਹਨ। ਅਦਾਲਤ ਨੇ ਆਂਧਰਾ ਪ੍ਰਦੇਸ਼ ਦੇ ਚੀਫ ਸੈਕਟਰੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਕੇ ਪੁੱਛਿਆ ਹੈ ਕਿ ਉਸ ਦੇ ਖਿਲਾਫ ਅਦਾਲਤ ਦੀ ਮਾਣਹਾਨੀ ਦੀ ਕਾਰਵਾਈ ਕਿਉਂ ਨਾ ਕੀਤੀ ਜਾਵੇ।ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਆਂਧਰਾ ਪ੍ਰਦੇਸ਼ ਅਤੇ ਬਿਹਾਰ ਦੇ ਚੀਫ ਸੈਕਟਰੀਆਂ ਨੂੰ ਕੱਲ੍ਹ ਵਰਚੁਅਲ ਸੁਣਵਾਈ ਮੌਕੇ ਹਾਜ਼ਰ ਰਹਿਣ ਨੂੰ ਕਹਿ ਕੇ ਜਵਾਬ ਮੰਗਿਆ ਸੀ ਕਿ ਉਨ੍ਹਾਂ ਦੇ ਰਾਜਾਂ ਵਿੱਚ ਕੋਵਿਡ-19 ਮੌਤਾਂ ਲਈ ਮਿਲਣ ਵਾਲੇ ਮੁਆਵਜ਼ੇ ਲਈ ਆਈਆਂ ਅਰਜ਼ੀਆਂ ਇੰਨੀਆਂ ਘੱਟ ਕਿਉਂ ਹਨ।



ਜਸਟਿਸ ਐਮ ਆਰ ਸ਼ਾਹ ਅਤੇ ਜਸਟਿਸ ਸੰਜੀਵ ਖੰਨਾ ਦੇ ਬੈਂਚ ਨੇ ਬਿਹਾਰ ਸਰਕਾਰ ਵੱਲੋਂ ਦਿਖਾਏ ਕੋਵਿਡ-19 ਮੌਤਾਂ ਦੇ ਅੰਕੜੇ ਰੱਦ ਕਰਦਿਆਂ ਕਿਹਾ, "ਅਸੀਂ ਇਹ ਮੰਨਣ ਨੂੰ ਤਿਆਰ ਨਹੀਂ ਕਿ ਬਿਹਾਰ ਵਿੱਚ ਕੋਵਿਡ ਕਰ ਕੇ ਸਿਰਫ 12 ਹਜ਼ਾਰ ਲੋਕਾਂ ਦੀ ਜਾਨ ਗਈ ਹੈ। ਅਸੀਂ ਚਾਹੁੰਦੇ ਹਾਂ ਕਿ ਤੁਹਾਡਾ ਚੀਫ ਸੈਕਟਰੀ ਵਰਚੁਅਲੀ ਪੇਸ਼ ਹੋਵੇ।" ਅਦਾਲਤ ਨੇ ਸੁਣਵਾਈ ਦੌਰਾਨ ਇਸ ਗੱਲ ਦਾ ਨੋਟਿਸ ਲਿਆ ਕਿ ਤੇਲੰਗਾਨਾ ਵਿੱਚ ਕੋਰੋਨਾ ਦੇ ਕਾਰਨ 3993 ਮੌਤਾਂ ਦਾ ਅੰਕੜਾ ਦਰਜ ਹੈ, ਪਰ ਮੁਆਵਜ਼ੇ ਦੇ ਦਾਅਵੇ ਲਈ 28,969 ਅਰਜ਼ੀਆਂ ਆਈਆਂ ਹਨ। ਇਸੇ ਤਰ੍ਹਾਂ ਕੇਰਲਾ ਵਿੱਚ 49,300 ਮੌਤਾਂ ਦੇ ਮੁਆਵਜ਼ੇ ਲਈ ਆਈਆਂ ਅਰਜ਼ੀਆਂ ਦੀ ਗਿਣਤੀ 27,274 ਹੈ। ਅਦਾਲਤ ਨੇ ਕੇਰਲਾ ਸਰਕਾਰ ਦੇ ਵਕੀਲ ਨੂੰ ਪੁੱਛਿਆ, "ਕੇਰਲਾ ਵਿਚ ਕੀ ਹੋ ਰਿਹੈ? ਹੋਰ ਰਾਜਾਂ ਦੇ ਮੁਕਾਬਲੇ ਇੱਥੇ ਮੁਆਵਜ਼ੇ ਲੈਣ ਲਈ ਅਰਜ਼ੀਆਂ ਘੱਟ ਕਿਉਂ ਹਨ?" ਬੈਂਚ ਨੇ ਕੇਰਲਾ ਸਰਕਾਰ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਅਧਿਕਾਰੀਆਂ ਨੂੰ ਸਬੰਧਤ ਲੋਕਾਂ ਤਕ ਪਹੁੰਚ ਕਰਨ ਦੇ ਲਈ ਸੇਧਾਂ ਜਾਰੀ ਕਰੇ। ਬੈਂਚ ਨੇ ਕਿਹਾ ਕਿ ਤਕਨੀਕੀ ਆਧਾਰ ਉੱਤੇ ਕਿਸੇ ਦਾਅਵੇ ਨੂੰ ਰੱਦ ਨਾ ਕੀਤਾ ਜਾਵੇ ਅਤੇ ਸੂਬਾ ਸਰਕਾਰ ਦੇ ਅਧਿਕਾਰੀ ਖੁਦ ਦਾਅਵੇਦਾਰਾਂ ਤਕ ਪਹੁੰਚ ਕਰ ਕੇ ਗਲਤੀ ਸੁਧਾਰਨ।ਬੈਂਚ ਨੇ ਕਿਹਾ, "ਸਾਡਾ ਇੱਕੋ ਫਿਕਰ ਹੈ ਕਿ ਸਾਰੇ ਯੋਗ ਵਿਅਕਤੀਆਂ ਨੂੰ ਮੁਆਵਜ਼ਾ ਮਿਲੇ।" ਬੈਂਚ ਨੇ ਕਿਹਾ ਕਿ ਜੇ ਸੂਬੇ ਦਾਅਵੇਦਾਰਾਂ ਦੀ ਪਛਾਣ ਨਹੀਂ ਕਰ ਸਕਦੇ ਤਾਂ ਉਹ ਇਸ ਕੰਮ ਵਿੱਚ ਰਾਜ ਕਾਨੂੰਨੀ ਸੇਵਾ ਅਥਾਰਟੀ ਦੀ ਮਦਦ ਲੈਣ, ਜਿਵੇਂ ਗੁਜਰਾਤ ਹਾਈ ਕੋਰਟ ਨੇ 2001 ਦੇ ਭੂਚਾਲ ਵਾਲੇ ਪੀੜਤਾਂ ਦੇ ਵਾਰਸਾਂ ਦੀ ਪਛਾਣ ਕਰਨ ਲਈ ਕੀਤਾ ਸੀ।

## ਅਮਿਤ ਪਾਲੇਕਰ ਗੋਆ ਵਿੱਚ ਆਪ ਪਾਰਟੀ ਵੱਲੋਂ ਮੁੱਖ ਮੰਤਰੀ ਚਿਹਰਾ ਹੋਣਗੇ

ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕੱਲ੍ਹ ਗੋਆ ਵਿੱਚ ਮੁੱਖ ਮੰਤਰੀ ਚਿਹਰੇ ਬਾਰੇ ਐਲਾਨ ਕੀਤਾ ਕਿ ਇਸ ਵਾਰ ਏਥੇ ਪਾਰਟੀ ਵੱਲੋਂ ਮੁੱਖ ਮੰਤਰੀ ਦੇ ਉਮੀਦਵਾਰ ਅਮਿਤ ਪਾਲੇਕਰ ਹੋਣਗੇ। ਪਾਲੇਕਰ ਪੇਸ਼ੇ ਤੋਂ ਵਕੀਲ ਅਤੇ ਭੰਡਾਰੀ ਭਾਈਚਾਰੇ ਤੋਂ ਹਨ।

ਇਸ ਮੌਕੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅਮਿਤ ਗੋਆ ਦੇ ਹਰ ਭਾਈਚਾਰੇ ਦੇ ਲੋਕਾਂ ਦੀ ਮਦਦ ਕਰਦੇ ਆਏ ਹਨ। ਉਨ੍ਹਾਂ ਸਭ ਤੋਂ ਵੱਧ ਮਦਦ



ਕੋਰੋਨਾ ਦੀ ਮਹਾਮਾਰੀ ਦੌਰਾਨ ਕੀਤੀ ਹੈ। ਕੋਰੋਨਾ ਦੀ ਦੂਸਰੀ ਲਹਿਰ ਵਿੱਚ ਜਦੋਂ ਗੋਆ ਵਿੱਚ ਆਕਸੀਜਨ ਦੀ ਘਾਟ ਕਾਰਨ ਕਈ ਲੋਕਾਂ ਦੀ ਮੌਤ ਹੋਈ ਤਾਂਪਾਲੇਕਰ ਨੇ ਬਾਂਬੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਕੋਰਟ ਨੂੰ ਦਖ਼ਲ ਦੇਣ ਦੇ ਲਈ ਅਪੀਲ ਕੀਤੀ ਸੀ। ਕੇਜਰੀਵਾਲ ਨੇ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਗੋਆ ਵਿੱਚ ਭੰਡਾਰੀ ਭਾਈਚਾਰੇ ਦੇ ਲੋਕਾਂ ਨੂੰ ਤਰੱਕੀ ਤੋਂ ਵਾਂਝਾ ਰੱਖਿਆ ਗਿਆ ਹੈ। ਇਸ ਸਮਾਜ ਦੇ ਲੋਕਾਂ ਨੇ ਖ਼ੂਨ-ਪਸੀਨੇ ਨਾਲ ਗੋਆ ਦੀ ਤਰੱਕੀ ਵਿੱਚ ਯੋਗਦਾਨ ਦਿੱਤਾ। ਅੱਜ ਤਕ ਗੋਆ ਵਿੱਚ ਇੱਕ ਬਹੁਤ ਵੱਡਾ ਸਮਾਜ ਦਾ ਹਿੱਸਾ ਹੈ ਭੰਡਾਰੀ ਸਮਾਜ, ਉਨ੍ਹਾਂ ਦੇ ਮਨ ਵਿੱਚ ਇੰਜਸਟਿਸ ਦੀ ਫੀਲਿੰਗ ਹੈ। ਉਨ੍ਹਾਂ ਕਿਹਾ, "ਮੈਨੂੰ ਪੂਰਾ ਵਿਸ਼ਵਾਸ ਹੈ ਕਿ ਜਨਤਾ ਅਮਿਤ ਪਾਲੇਕਰ ਨੂੰ ਪਸੰਦ ਕਰੇਗੀ ਅਤੇ ਆਮ ਆਦਮੀ ਪਾਰਟੀ ਨੂੰ ਇੱਕ ਮੌਕਾ ਜ਼ਰੂਰ ਦੇਵੇਗੀ।"

# ਹਿਮਾਚਲ ਵਿੱਚ ਸ਼ਰਾਬ ਪੀਣ ਪਿੱਛੋਂ ਪੰਜ ਜਣਿਆਂ ਦੀ ਮੌਤ, ਦੋ ਗੰਭੀਰ

ਮੰਡੀ, 20 ਜਨਵਰੀ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਦੇ ਸੁੰਦਰਨਗਰ ਵਿੱਚ ਸ਼ਰਾਬ ਪੀਣ ਦੇ ਬਾਅਦ ਪੰਜ ਜਣਿਆਂ ਦੀ ਸ਼ੱਕੀ ਹਾਲਤ ਵਿੱਚ ਮੌਤ ਹੋ ਗਈ ਅਤੇ ਦੋ ਦੀ ਹਾਲਤ ਗੰਭੀਰ ਹੈ।

ਜ਼ਿਲ੍ਹਾ ਪੁਲਸ ਸੁਪਰਡੈਂਟ ਨੇ ਦੱਸਿਆ ਕਿ ਇਹ ਘਟਨਾ ਸਲਾਪੜ ਇਲਾਕੇ ਵਿੱਚ ਹੋਈ ਹੈ। ਉਨ੍ਹਾਂ ਨੇ ਦੱਸਿਆ ਕਿ ਮੰਗਲਵਾਰ ਰਾਤ ਕੁਝ ਲੋਕਾਂ ਨੇ ਇੱਕ ਵਿਅਕਤੀ ਤੋਂ ਸ਼ਰਾਬਲੈ ਕੇ ਆਪਣੇ-ਆਪਣੇ ਘਰਾਂ ਵਿੱਚ ਪੀਤੀ ਸੀ, ਪਰੰਤੂ ਇਸ ਦੇ ਤੁਰੰਤ ਬਾਅਦ ਉਨ੍ਹਾਂ ਦੀ ਤਬੀਅਤ ਵਿਗੜਨ ਲੱਗੀ। ਸੱਤ ਲੋਕਾਂ ਨੂੰ ਘਰਦਿਆਂ ਨੇ ਸੁੰਦਰਨ-ਗਰ ਦੇ ਸਿਵਲ ਹਸਪਤਾਲ ਵਿੱਚ ਭਰਤੀ ਕਰਵਾਇਆ, ਜਿੱਥੇ ਚਾਰ ਨੇ ਦਮ ਤੋੜ ਦਿੱਤਾ। ਇਸ ਦੌਰਾਨ ਤਿੰਨ ਜਣਿਆਂ ਨੂੰ ਨੈਰ ਚੌਕ ਵਿਚਲੇ ਸਰਕਾਰੀ ਮੈਡੀਕਲ ਕਾਲਜ ਤੇ ਹਸਪਤਾਲ ਰੈਫਰ ਕੀਤਾ ਗਿਆ। ਇਨ੍ਹਾਂ ਵਿੱਚੋਂ ਇੱਕ ਨੇ ਦੁਪਹਿਰ ਸਮੇਂ ਦਮ ਤੋੜ ਦਿੱਤਾ। ਪਰਵਾਰਕ ਮੈਂਬਰਾਂ ਦਾ ਦੋਸ਼ ਹੈ ਕਿ ਇਲਾਕੇ ਵਿੱਚ ਕੁਝ ਸਮੇਂ ਤੋਂ ਨਾਜਾਇਜ਼ ਸ਼ਰਾਬ ਵੇਚੀ ਜਾ ਰਹੀ ਹੈ। ਇੱਕ ਮ੍ਰਿਤਕ ਕੋਰੋਨਾ ਪਾਜ਼ੀਟਿਵ ਪਾਇਆ ਗਿਆ ਹੈ। ਦੋ ਵਿਅਕਤੀਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਸ ਨੇ ਮ੍ਰਿਤਕਾਂ ਦੇ ਘਰਾਂ ਵਿੱਚੋਂ ਬਰਾਮਦ ਜ਼ਹਿਰੀਲੀ ਸ਼ਰਾਬ ਦੀਆਂ ਬੋਤਲਾਂ ਤੋਂ ਨਮੂਨੇ ਲੈ ਕੇ ਜਾਂਚ ਲਈ ਭੇਜੇ ਹਨ।

# ਫੌਜੀ ਅਕੈਡਮੀ ਵਿੱਚ ਮਹਿਲਾ ਉਮੀਦਵਾਰਾਂ ਦੀ ਗਿਣਤੀ ਬਾਰੇ ਕੇਂਦਰ ਤੋਂ ਜਵਾਬ ਤਲਬ

### *400 ਸੀਟਾਂ ਵਿੱਚੋਂ ਔਰਤਾਂ ਲਈ ਸਿਰਫ 19 ਕਿਉਂ

ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕੇਂਦਰਸਰਕਾਰ ਨੂੰ ਕਿਹਾ ਹੈ ਕਿ ਸਪੱਸ਼ਟ ਕਰੋ ਕਿ ਅਦਾਲਤ ਦੇ ਹੁਕਮ ਹੋਣ ਦੇ ਬਾਵਜੂਦ ਸਾਲ 2022 ਲਈ ਵੀ ਨੈਸ਼ਨਲ ਡਿਫੈਂਸ ਅਕਾਦਮੀ (ਐਨ ਡੀ ਏ) ਵਿੱਚ ਔਰਤ ਉਮੀਦਵਾਰਾਂ ਲਈ ਸੀਟਾਂ ਪਿਛਲੇ ਸਾਲ ਜਿੰਨੀਆਂ ਸਿਰਫ 19 ਸੀਟਾਂ ਹੀ ਕਿਉਂ ਸੀਮਤ ਕੀਤੀਆਂ ਹਨ।



ਅਦਾਲਤ ਨੇ ਇਸ ਬਾਰੇ ਕੇਂਦਰ ਸਰਕਾਰ ਨੂੰਰਾਸ਼ਟਰੀਆ ਇੰਡੀਅਨ ਮਿਲਟਰੀ ਕਾਲਜ (ਆਰ ਆਈ ਐਮ ਸੀ) ਅਤੇ ਰਾਸ਼ਟਰੀਆ ਮਿਲਟਰੀ ਸਕੂਲ (ਆਰ ਐਮ ਐਸ) ਵਿੱਚ ਦਾਖਲੇ ਲਈ ਐਨ ਡੀ ਏ ਪ੍ਰੀਖਿਆ ਸਾਲ 2021 ਵਿੱਚ ਔਰਤਾਂ ਸਮੇਤ ਕੁੱਲ ਉਮੀਦਵਾਰਾਂ ਦੀ ਗਿਣਤੀ ਨਾਲ ਜੁੜੇ ਅੰਕੜੇ ਅਦਾਲਤ ਵਿੱਚ ਪੇਸ਼ ਕਰਨ ਨੂੰ ਕਿਹਾ ਹੈ।ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਐਮ ਐਲ ਸੁੰਦਰੇਸ਼ ਦੇ ਬੈਂਚ ਨੇ ਭਾਰਤ ਸਰਕਾਰ ਵੱਲੋਂ ਪੇਸ਼ ਐਡੀਸ਼ਨਲ ਸਾਲਿਸਟਰ ਜਨਰਲ ਐਸ਼ਵਰਿਆ ਭਾਟੀ ਨੂੰ ਕਿਹਾ ਕਿ ਸਰਕਾਰ ਨੂੰ ਦੱਸਣਾ ਪਵੇਗਾ ਕਿ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ ਪੀ ਐਸ ਸੀ) ਦੇ ਨੋਟੀਫਿਕੇਸ਼ਨ ਅਨੁਸਾਰ ਸਾਲ 2022 ਲਈ ਔਰਤਾਂ ਦੀ ਗਿਣਤੀ 19 ਕਿਉਂ ਤੈਅ ਕੀਤੀ ਗਈ ਹੈ? ਅਦਾਲਤ ਨੇ ਕਿਹਾ, 'ਇਹ ਸਾਲ 2021 ਜਿੰਨੀਗਿਣਤੀ ਹੈ। ਪਿਛਲੇ ਸਾਲ ਤੁਸੀਂ ਕਿਹਾ ਸੀ ਕਿ ਬੇਸਿਕ ਸਮੱਸਿਆਵਾਂ ਕਾਰਨ ਔਰਤਾਂ ਦੇ ਦਾਖਲੇ ਘੱਟ ਕੀਤੇ ਗਏ ਹਨ। ਫਿਰ ਤੁਸੀਂ ਸਾਲ 2022 ਲਈ ਔਰਤ ਉਮੀਦਵਾਰਾਂ ਦੀ ਉਹੀ ਗਿਣਤੀ ਤਜਵੀਜ਼ ਕੀਤੀ ਹੈ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਐਫੀਡੇਵਿਟ ਪੇਸ਼ ਕਰਨ ਲਈ ਤਿੰਨ ਹਫਤਿਆਂ ਦਾ ਸਮਾਂ ਦਿੱਤਾ ਹੈ।

## ਮੁਕੇਸ਼ ਅੰਬਾਨੀ ਰੋਬੋਟ ਬਣਾਉਣ ਦੇ ਕਾਰੋਬਾਰ ਵਿੱਚ ਵੀ ਆਏ

ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਉਦਯੋਗਪਤੀ ਮੁਕੇਸ਼ ਅੰਬਾਨੀ ਅੱਗੋਂ ਰੋਬੋਟ ਬਣਾਉਣ ਲਈ ਵੀ ਤਿਆਰ ਹਨ, ਕਿਉਂਕਿ ਉਨ੍ਹਾਂ ਨੇ ਇੱਕ ਰੋਬੋਟਿਕਸ ਕੰਪਨੀ ਉੱਤੇ ਵੱਡਾ ਦਾਅ ਖੇਡਦੇ ਹੋਏ ਉਸ ਵਿੱਚ ਹਿੱਸੇ ਖਰੀਦੇ ਹਨ। ਮੁਕੇਸ਼ ਅੰਬਾਨੀ ਦੀ ਅਗਵਾਈ ਵਾਲੀ ਰਿਲਾਇੰਸ ਰਿਟੇਲ ਨੇ ਘਰੇਲੂ ਰੋਬੋਟਿਕਸ ਕੰਪਨੀ ਐਡਵਰਬ ਵਿੱਚ 13.2 ਕਰੋੜ ਅਮਰੀਕੀ ਡਾਲਰ ਦੇ ਨਾਲ 54 ਫੀਸਦੀ ਹਿੱਸੇਦਾਰੀ ਖਰੀਦੀ ਹੈ।

ਐਡਵਰਬ ਟੈਕਨੋਲਾਜੀਜ਼ ਦੇ ਕੋ-ਫਾਊਡਰ ਅਤੇ ਸੀ ਈ ਓ ਸੰਗੀਤ ਕੁਮਾਰ ਨੇ ਦੱਸਿਆ ਕਿ ਕੰਪਨੀ ਆਜ਼ਾਦ ਰੂਪ ਵਿੱਚ ਕੰਮ ਕਰਨਾ ਜਾਰੀ ਰੱਖੇਗੀ। ਰਿਲਾਇੰਸ ਤੋਂ ਮਿਲੇ ਪੈਸੇ ਦੀ ਵਰਤੋਂ ਵਿਦੇਸ਼ ਵਿੱਚ ਕਾਰੋਬਾਰ ਦੇ ਵਾਧੇ ਅਤੇ ਨੋਇਡਾ ਵਿੱਚ ਇੱਕ ਵੱਡੇ ਰੋਬੋਟ ਪਲਾਂਟ ਨੂੰ ਲਾਉਣ ਲਈ ਕੀਤੀ ਜਾਵੇਗੀ।ਕੰਪਨੀ ਦੇ ਕੋਲ ਪਹਿਲਾਂ ਨੋਇਡਾ ਵਿੱਚ ਇੱਕ ਪਲਾਂਟ ਹੈ, ਜਿੱਥੇ ਹਰ ਸਾਲ ਲੱਗਭਗ 10,000 ਰੋਬੋਟ ਬਣਾਏ ਜਾਂਦੇ ਹਨ। ਕੁਮਾਰ ਨੇ ਕਿਹਾ, 'ਇਸ ਨਿਵੇਸ਼ ਨਾਲ ਰਿਲਾਇੰਸ ਦੇ ਕੋਲ ਐਡਵਰਬ ਵਿੱਚ ਲੱਗਭਗ 54 ਫ਼ੀਸਦੀ ਹਿੱਸਾ ਹੋਵੇਗਾ। ਉਹ ਕੰਪਨੀ ਵਿੱਚ ਸਭ ਤੋਂ ਵੱਡੇ ਸ਼ੇਅਰ ਹੋਲਡਰ ਬਣ ਗਏ ਹਨ। ਰਿਲਾਇੰਸ ਪਹਿਲਾਂ ਹੀ ਸਾਡੇ ਸਨਮਾਨਤ ਗਾਹਕਾਂ ਵਿੱਚੋਂ ਸੀ, ਜਿਸ ਦੇ ਨਾਲ ਮਿਲ ਕੇ ਅਸੀਂ ਉਨ੍ਹਾਂ ਦੇ ਕਰਿਆਨਾ ਕਾਰੋਬਾਰ ਜਿਓ ਮਾਰਟ ਲਈ ਉਚ ਸਮਰੱਥਾ ਵਾਲੇ ਆਟੋਮੈਟਿਕ ਗੁਦਾਮ ਬਣਾਏ ਸਨ।' ਉਨ੍ਹਾਂ ਕਿਹਾ ਕਿ ਰਿਲਾਇੰਸ ਰਿਟੇਲ ਦੇ ਨਾਲ ਰਣਨੀਤਿਕ ਸਾਂਝ ਨਾਲ ਸਾਨੂੰ ਨਵੀਂ ਊਰਜਾ ਪਹਿਲ ਦੇ ਨਾਲ 5-ਜੀ, ਬੈਟਰੀ ਟੈਕਨਾਲੋਜੀ ਦਾ ਲਾਭ ਲੈਣ ਦੇ ਲਈ ਮਦਦ ਮਿਲੇਗੀ। ਕੁਮਾਰ ਨੇ ਕਿਹਾ, 'ਇਸ ਸਮੇਂ ਸਾਡੀ ਕਮਾਈ ਦਾ 80 ਫ਼ੀਸਦੀ ਹਿੱਸਾ ਭਾਰਤ ਤੋਂ ਆਉਂਦਾ ਹੈ, ਪਰ ਅਗਲੇ 4-5 ਸਾਲਾਂ ਵਿੱਚ ਭਾਰਤ ਤੇ ਵਿਦੇਸ਼ ਵਪਾਰ ਵਿਚਾਲੇ 50-50 ਫ਼ੀਸਦੀ ਦੀ ਹਿੱਸੇਦਾਰੀ ਦੀ ਆਸ ਹੈ। ਸਾਡੀ ਆਮਦਨ ਵਿੱਚ ਸਾਫਟਵੇਅਰ ਦਾ ਕੁੱਲ ਹਿੱਸਾ 15 ਫ਼ੀਸਦੀ ਹੈ, ਜਿਸ ਦੇ ਰਿਕਾਰਡ ਵਾਧੇ ਹੋਣ ਦਾ ਅੰਦਾਜ਼ਾ ਹੈ।"ਐਡਵਰਬ ਦੀ ਸਥਾਪਨਾ 2016 ਵਿੱਚ ਹੋਈ ਸੀ ਅਤੇ ਉਸ ਨੂੰ ਚਾਲੂ ਵਿੱਤੀ ਸਾਲ ਦੌਰਾਨ 400 ਕਰੋੜ ਰੁਪਏ ਦੀ ਕਮਾਈ ਦੀ ਆਸ ਹੈ, ਜੋ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 100 ਫ਼ੀਸਦੀ ਦੀ ਵਾਧਾ ਦਰ ਦਰਸਾਉਂਦਾ ਹੈ।

# ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦੀ ਚੋਣ ਲਈ ਰਾਹ ਪੱਧਰਾ

### *22 ਜਨਵਾਰੀ ਨੂੰ ਕਾਰਜਕਾਰਨੀ ਦੀ ਮੀਟਿੰਗ

ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ ਐਸ ਜੀ ਐਮ ਸੀ) ਦੇ ਅਹੁਦੇਦਾਰਾਂਅਤੇ ਕਾਰਜਕਾਰਨੀ ਦੀ ਚੋਣ 22 ਜਨਵਰੀ ਨੂੰ ਹੋਵੇਗੀ। ਇਸ ਬਾਰੇ ਦਿੱਲੀ ਗੁਰਦੁਆਰਾ ਚੋਣ ਡਾਇਰੈਕਟਰ ਨੇ ਬਾਕਾਇਦਾ ਪੱਤਰ ਜਾਰੀ ਕਰ ਦਿੱਤਾ ਹੈ। ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨਾਂ ਵਿੱਚੋਂ ਲਾਟਰੀ ਨਾਲ ਚੁਣੇ ਗਏ ਨਾਮਜ਼ਦ ਮੈਂਬਰ ਬਾਰੇ ਦੁਚਿੱਤੀ ਸੀ, ਜਿਹੜੀ ਦੂਰ ਹੋ ਗਈ ਤੇ ਸੁਰਿੰਦਰ ਸਿੰਘ ਦਾਰਾ ਦਾ ਨਾਂਅ ਐਲਾਨ ਕੀਤਾ ਗਿਆ ਹੈ। ਨਾਮਜ਼ਦ ਮੈਂਬਰਾਂ ਦੀ ਚੋਣ ਨਾ ਹੋਣ ਕਾਰਨ ਹੀ ਕਾਰਜਕਾਰਨੀ ਦੀ ਚੋਣ ਵਿੱਚ ਦੇਰੀ ਹੋ ਰਹੀ ਸੀ।



ਵਰਨਣ ਯੋਗ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲਈ ਸਿੰਘ ਸਭਾਵਾਂ ਵੱਲੋਂ ਲਾਟਰੀ ਨਾਲ ਚੁਣੇ ਜਾਣ ਵਾਲੇ ਦੋ ਮੈਂਬਰਾਂ ਦੇ ਨਾਂਅ ਉੱਤੇ ਵਿਵਾਦ ਸੀ। ਇਨ੍ਹਾਂ ਦੋ ਮੈਂਬਰਾਂ ਲਈ ਲਾਟਰੀ ਨਾਲ ਪੰਜ ਨਾਂਅ ਕੱਢੇ ਗਏ ਸਨ, ਪਰ ਇਨ੍ਹਾਂ ਸਾਰਿਆਂ ਉੱਤੇ ਇਤਰਾਜ਼ ਸੀ। ਤਸਦੀਕ ਦੇ ਬਾਅਦ ਗੁਰਦੁਆਰਾ ਚੋਣ ਡਾਇਰੈਕਟੋਰੇਟ ਨੇ ਗੁਰਦੁ-ਆਰਾ ਸਿੰਘ ਸਭਾ ਸਫਦਰਜੰਗ ਇਨਕਲੇਵ ਦੇ ਪ੍ਰਧਾਨ ਮਹਿੰਦਰ ਸਿੰਘ ਨੂੰ ਨਾਮਜ਼ਦ ਕਰਨ ਦਾ ਐਲਾਨ ਕਰ ਦਿੱਤਾ ਹੈ। ਬਾਕੀ ਚਾਰ ਨਾਵਾਂ ਦੀ ਤਸਦੀਕ ਨਹੀਂ ਹੋ ਸਕੀ। ਦੂਸਰੇ ਮੈਂਬਰ ਦੀ ਚੋਣ ਲਈ ਪੰਜ ਜਨਵਰੀ ਨੂੰ ਚੁਣੇ ਹੋਏ ਮੈਂਬਰਾਂ ਦੀ ਦੋਬਾਰਾ ਬੈਠਕ ਦੌਰਾਨ ਲਾਟਰੀ ਨਾਲ ਗੁਰਦ-ਆਰਾ ਸਿੰਘ ਸਭਾ, ਸ਼ੰਕਰ ਵਿਹਾਰ ਦੇ ਪ੍ਰਧਾਨ ਸੁਰਿੰਦਰ ਸਿੰਘ ਦਾਰਾ ਦਾ ਨਾਂਅ ਨਿਕਲਿਆ ਸੀ ਅਤੇ ਇਸ ਦੇ ਬਾਵਜੂਦ ਇਨ੍ਹਾਂ ਦੇ ਨਾਂਅ ਦਾ ਐਲਾਨ ਨਾ ਹੋਣ ਉੱਤੇ ਦੁਚਿੱਤੀ ਬਣੀ ਹੋਈ ਸੀ। ਕੱਲ੍ਹ ਦਿੱਲੀ ਗੁਰਦੁਆਰਾ ਕਮੇਟੀ ਦੇ ਤਿੰਨ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ, ਹਰਵਿੰਦਰ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀ ਕੇ ਨਾਲ ਚੁਣੇ ਗਏ ਮੈਂਬਰਾਂ ਦਾ ਇੱਕ ਡੈਲੀਗੇਸ਼ਨ ਗੁਰਦੁਆਰਾ ਚੋਣਾਂ ਦੇ ਡਾਇਰੈਕਟਰ ਨੂੰ ਮਿਲਿਆ। ਇਸ ਪਿੱਛੋਂ ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ ਕੇ ਨੇ ਦੱਸਿਆ ਕਿ ਡਾਇਰੈਕਟਰ ਨੇ ਦਾਰਾ ਦੇ ਨਾਂਅ ਦਾ ਐਲਾਨ ਕਰ ਦਿੱਤਾ ਹੈ ਅਤੇ 22 ਜਨਵਰੀ ਨੂੰ ਡੀ ਐਸ ਜੀ ਐਮ ਸੀ ਦੀ ਕਾਰਜਕਾਰਨੀ ਦੀ ਬੈਠਕ ਰੱਖੀ ਗਈ ਹੈ। ਸਭ ਤੋਂ ਪਹਿਲਾਂ ਸਾਰੇ ਚੁਣੇ ਗਏ ਮੈਂਬਰਾਂ ਨੂੰ ਸਹੁੰ ਚੁਕਾਈ ਜਾਵੇਗੀ ਅਤੇ ਫਿਰ ਪ੍ਰਧਾਨ ਸਮੇਤ ਪੰਜ ਅਹੁਦੇਦਾਰਾਂ ਅਤੇ ਕਾਰਜਕਾਰਨੀ ਦੀ ਚੋਣ ਹੋਵੇਗੀ।

## ਚੋਣਾਂ ਵਿੱਚ ਦਾਗੀ ਉਮੀਦਵਾਰਾਂ ਬਾਰੇ ਸੁਪਰੀਮ ਕੋਰਟ ਜਲਦੀ ਸੁਣਵਾਈ 'ਤੇ ਸਹਿਮਤ

ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਚੋਣਾਂ ਵਿੱਚ ਖੜੇ ਉਮੀਦਵਾਰਾਂ ਦਾ ਅਪਰਾਧਕ ਪਿਛੋਕੜ ਜਾਰੀ ਨਾ ਕਰਨ ਵਾਲੀਆਂ ਪਾਰਟੀਆਂ ਦੀ ਮਾਨਤਾ ਰੱਦ ਕਰਨ ਦੀ ਮੰਗ ਕਰਦੀ ਪਟੀਸ਼ਨ ਛੇਤੀ ਸੁਣਵਾਈ ਲਈ ਲਾਉਣ ਉੱਤੇ ਵਿਚਾਰ ਕਰਨ ਲਈ ਸਹਿਮਤ ਹੋ ਗਈ ਹੈ।

ਇਸ ਸਬੰਧੀ ਵਕੀਲ ਅਸ਼ਵਨੀ ਕੁਮਾਰ ਉਪਾਧਿਆਏ ਨੇ ਸੁਪਰੀਮ ਕੋਰਟ ਵਿੱਚ ਅਰਜ਼ੀ ਪੇਸ਼ ਕਰ ਕੇ ਉਮੀਦਵਾਰਾਂ ਦੇ ਅਪਰਾਧੀ ਪਿਛੋਕੜ ਦਾ ਵੇਰਵਾ ਹਰ ਸਿਆਸੀ ਪਾਰਟੀ ਦੀ ਵੈਬਸਾਈਟ, ਪ੍ਰਿੰਟ, ਇਲੈਕਟ੍ਰਾਨਿਕ ਤੇ ਇੰਟਰਨੈਟ ਮੀਡੀਆ ਉੱਤੇਪੇਸ਼ ਕਰਨ ਦੇ ਕੋਰਟ ਦੇ ਦੋ ਪੁਰਾਣੇ ਹੁਕਮਾਂ ਦੀ ਪਾਲਣਾ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ। ਪਟੀਸ਼ਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅਦਾਲਤ ਇਨ੍ਹਾਂ ਹੁਕਮਾਂ ਦੀ ਪਾਲਣਾ ਨਾ ਕਰਨ ਵਾਲੀਆਂ ਸਿਆਸੀ ਪਾਰਟੀਆਂਖਿਲਾਫ ਕਾਰਵਾਈ ਕਰਨ ਲਈ ਚੋਣ ਕਮਿਸ਼ਨ ਨੂੰ ਨਿਰਦੇਸ਼ ਜਾਰੀ ਕਰ ਦੇਵੇ। ਕੱਲ੍ਹ ਅਸ਼ਵਨੀ ਕੁਮਾਰ ਉਪਾਧਿਆਏ ਨੇ ਪਟੀਸ਼ਨ ਪੇਸ਼ ਕਰਦੇ ਹੋਏ ਇਸ ਉੱਤੇ ਛੇਤੀ ਸੁਣਵਾਈ ਕਰਨ ਦੀ ਮੰਗ ਕੀਤੀ। ਚੀਫ ਜਸਟਿਸ ਰਾਮੰਨਾ ਨੇ ਉਪਾਧਿਆਏ ਨੂੰ ਸਵਾਲ ਕੀਤਾ ਕਿ ਕੀ ਕੋਰਟ ਅਪਰਾਧਕ ਪਿਛੋਕੜ ਵਾਲੇ (ਦਾਗੀ) ਆਗੂ ਨੂੰ ਨਾਮਜ਼ਦਗੀ ਦਾਖਲ ਕਰਨ ਤੋਂ ਰੋਕ ਸਕਦੀ ਹੈ? ਉਪਾਧਿਆਏ ਨੇ ਕਿਹਾ ਕਿ ਇਹ ਸੁਪਰੀਮ ਕੋਰਟ ਦੇ ਦੋ ਪੁਰਾਣੇ ਹੁਕਮਾਂ ਦੇ ਖਿਲਾਫ ਹੈ। ਇਸ ਉੱਤੇ ਚੀਫ ਜਸਟਿਸ ਰਾਮੰਨਾ ਨੇ ਕਿਹਾ ਕਿ ਠੀਕ ਹੈ, ਉਹ ਇਸ ਕੇਸ ਦੀ ਵਿਚਾਰ ਕਰਨਗੇ। ਇਸ ਅਰਜ਼ੀ ਵਿੱਚ ਸਮਾਜਵਾਦੀ ਪਾਰਟੀ ਵੱਲੋਂ ਉਤਰ ਪ੍ਰਦੇਸ਼ ਦੇ ਕੈਰਾਨਾ ਤੋਂ ਗੈਂਗਸਟਰ ਐਕਟ ਸਣੇ ਕਈ ਕੇਸਾਂ ਦੇ ਦੋਸ਼ੀ ਨਾਹਿਦ ਹਸਨ ਨੂੰ ਟਿਕਟ ਦੇਣ ਨੂੰ ਆਧਾਰ ਬਣਾ ਕੇ ਕਿਹਾ ਗਿਆ ਹੈ ਕਿ ਸਮਾਜਵਾਦੀ ਪਾਰਟੀ ਨੇ ਸੁਪਰੀਮ ਕੋਰਟ ਦੇ ਹੁਕਮਾਂ ਮਤਾਬਕ 48 ਘੰਟਿਆਂ ਦੇ ਅੰਦਰ ਉਸ ਦੇ ਅਪਰਾਧਕ ਪਿਛੋਕੜ ਦਾ ਵੇਰਵਾ ਪ੍ਰਕਾਸ਼ਿਤ ਨਹੀਂ ਕੀਤਾ ਅਤੇ ਇਹ ਹੁਕਮਾਂ ਦੀ ਉਲੰਘਣਾ ਹੈ।

# ਭੁੱਖ ਤੇ ਮਾੜੇ ਪਾਲਣ-ਪੋਸ਼ਣ ਨਾਲ ਨਜਿੱਠਣ ਲਈ ਕਮਿਊਨਿਟੀ ਰਸੋਈ ਦਾ ਮਾਡਲ ਬਣਾਓ: ਸੁਪਰੀਮ ਕੋਰਟ

ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਭੁੱਖ ਅਤੇ ਮਾੜੇ ਪਾਲਣ-ਪੋਸ਼ਣ ਨਾਲ ਨਜਿੱਠਣ ਲਈ ਕਮਿਊਨਿਟੀ ਰਸੋਈ ਦੀ ਮਾਡਲ ਯੋਜਨਾ ਬਣਾਉਣੀ ਚਾਹੀਦੀ ਹੈ ਅਤੇ ਸੂਬਾਈ ਸਰਕਾਰਾਂ ਉੱਤੇ ਇਸ ਨੂੰ ਆਪਣੇ ਸਥਾਨਕ ਹਾਲਾਤ ਮੁਤਾਬਕ ਲਾਗੂ ਕਰਨ ਦੇਣਾ ਚਾਹੀਦਾ ਹੈ।

ਸੁਪਰੀਮ ਕੋਰਟ ਦੇ ਚੀਫ ਜਸਟਿਸ ਐਨ ਵੀ ਰਮੰਨਾ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਭੁੱਖ ਤੇ ਮਾੜੇ ਪਾਲਣ-ਪੋਸ਼ਣ ਨੂੰ ਧਿਆਨ ਵਿੱਚ ਰੱਖ ਕੇ ਪੌਸ਼ਟਿਕ ਭੋਜਨ ਹਾਸਲ ਕਰਵਾਉਣ ਲਈ ਸਮੁੱਚੇ ਦੇਸ਼ ਵਿੱਚ ਰਿਆਇਤੀ ਦਰਾਂ ਵਾਲੀਆਂ ਕੰਟੀਨਾਂ ਬਣਾਉਣ ਦੀ ਮੰਗ ਵਾਲੀ ਜਨਹਿੱਤ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਸਰਕਾਰ ਨੂੰ ਮਾਡਲ ਯੋਜਨਾ ਬਣਾਉਣ ਲਈ ਕਿਹਾ ਹੈ। ਅਦਾਲਤ ਨੇ ਕਰਨ-



ਾਟਕ ਸਰਕਾਰ ਵੱਲੋਂ ਸ਼ੁਰੂ ਕੀਤੀ ਹੋਈ ਇੰਦਰਾ ਕੰਟੀਨ ਯੋਜਨਾ ਦਾ ਜ਼ਿਕਰ ਕਰ ਕੇ ਕਿਹਾ ਕਿ ਰਾਜਾਂ ਦੀਆਂ ਸਥਾਨਕ ਭੋਜਨ ਦੀਆਂ ਆਦਤਾਂ ਮੁਤਾਬਕ ਮਾਡਲ ਵਿੱਚ ਤਬਦੀਲੀ ਕਰਨੀ ਪੈ ਸਕਦੀ ਹੈ। ਅਦਾਲਤ ਨੇ ਕਿਹਾ ਕਿ ਕੇਂਦਰ ਸਰਕਾਰ ਇੱਕ ਮਾਡਲ ਯੋਜਨਾ ਬਣਾ ਕੇ ਸੂਬਾਈ ਸਰਕਾਰਾਂ ਨੂੰ ਵਾਧੂ ਅਨਾਜ ਦੇਣ ਦੀ ਸੰਭਾਵਨਾ ਲੱਭ ਸਕਦੀ ਹੈ।

ਇਸ ਮੌਕੇ ਬੈਂਚ ਵਿੱਚ ਭਾਰਤ ਸਰਕਾਰ ਦੇ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਕਿਹਾ ਕਿ ਰਾਜਾਂਨੇ ਭੁੱਖ ਨਾਲ ਕਿਸੇ ਵੀ ਮੌਤ ਦੀ ਸੂਚਨਾ ਨਹੀਂ ਦਿੱਤੀ। ਬੈਂਚ ਨੇ ਉਨ੍ਹਾਂ ਤੋਂ ਪੁੱਛਿਆ ਸੀ ਕਿ ਕੀ ਰਾਜਾਂ ਨੇ ਭੁੱਖਮਰੀ ਕਾਰਨ ਕੋਈ ਮੌਤ ਨਾ ਹੋਣ ਦੀ ਸੂਚਨਾ ਦਿੱਤੀ ਹੈ? ਕੀ ਇਹ ਭਰੋਸੇਯੋਗ ਹੈ? ਬੈਂਚ ਨੇ ਕਿਹਾ ਕਿ ਰਾਜਾਂ ਨੂੰ ਮਾੜੇ ਪਾਲਣ-ਪੋਸ਼ਣ ਅਤੇ ਭੁੱਖਮਰੀ ਕਾਰਨ ਹੋਣ ਵਾਲੀਆਂ ਮੌਤਾਂ ਉੱਤੇ ਦੋ ਹਫ਼ਤਿਆਂ ਅੰਦਰ ਜਵਾਬ ਦੇਣ ਲਈ ਕਿਹਾ ਗਿਆ ਹੈ।

### ਮੱਧ ਪ੍ਰਦੇਸ਼ ਦਾ ਭਾਜਪਾ ਮੰਤਰੀ ਕਹਿੰਦੈ:

# ਰਾਮ ਅਤੇ ਕ੍ਰਿਸ਼ਨ ਵਾਂਗ ਪ੍ਰਧਾਨ ਮੰਤਰੀ ਮੋਦੀ ਵੀ ਭਗਵਾਨ ਦਾ ਅਵਤਾਰ

ਭੋਪਾਲ, 20 ਜਨਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਖੇਤੀਬਾੜੀ ਮੰਤਰੀ ਤੇ ਭਾਜਪਾ ਆਗੂ ਕਮਲ ਪਟੇਲ ਨੇ ਕਿਹਾ ਹੈ ਕਿ ਕਾਂਗਰਸ ਵੱਲੋਂ ਕੀਤੇ ਅਤਿਆਚਾਰ, ਭ੍ਰਿਸ਼ਟਾਚਾਰ ਅਤੇ ਦੇਸ਼ ਦੇ ਸੱਭਿਆਚਾਰ ਦੀ ਤਬਾਹੀ ਕਾਰਨ ਬਣੇ ਨਿਰਾਸ਼ਾ ਦੇ ਮਾਹੌਲ ਨੂੰ ਖਤਮ ਕਰਨ ਲਈ ਭਗਵਾਨ ਰਾਮ ਅਤੇ ਕ੍ਰਿਸ਼ਨ ਵਾਂਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਭਗਵਾਨ ਦੇ ਅਵਤਾਰ ਵਜੋਂ ਜਨਮ ਹੋਇਆ ਹੈ। ਇਹ ਗੱਲ ਕਹਿਣ ਲਈ ਮੰਤਰੀ ਦੀ ਨੁਕਤਾਚੀਨੀ ਵੀ ਹੋਈ ਹੈ।

ਹਰਦਾ ਕਸਬੇ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪਟੇਲ ਨੇ ਕਿਹਾ ਕਿ ਮੋਦੀ ਵੱਲੋਂ ਪੂਰੇ ਕੀਤੇ ਗਏ ਕੰਮ, ਜਿਵੇਂ ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਕੇ ਰਾਹ ਵੱਲ ਲਿਜਾਣਾ, ਦੇਸ਼ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਨਾ ਤੇ ਲੋਕ ਭਲਾਈ ਯਕੀਨੀ ਬਣਾਉਣੇ ਇੱਕ ਆਮ ਵਿਅਕਤੀ ਵੱਲੋਂ ਪੂਰੇ ਨਹੀਂ ਕੀਤੇ ਜਾ ਸਕਦੇ।ਉਨ੍ਹਾਂ ਕਿਹਾ ਕਿ ਸਾਡੇ ਧਰਮ ਤੇ ਸਭਿਆਚਾਰ ਵਿੱਚ ਕਿਹਾ ਗਿਆ ਹੈ ਕਿ



ਜਦੋਂ ਵੀ ਭਾਰਤ ਉੱਤੇ ਕੋਈ ਸੰਕਟ ਆਇਆ, ਅਤਿਆਚਾਰ ਵਧੇ ਤਾਂ ਭਗਵਾਨ ਮਨੁੱਖ ਦੇ ਰੂਪ ਵਿੱਚ ਅਵਤਾਰ ਲੈਂਦੇ ਹਨ। ਭਗਵਾਨ ਰਾਮ ਨੇ ਮਨੁੱਖ ਦੇ ਰੂਪ ਵਿੱਚ ਅਵਤਾਰ ਲਿਆ ਸੀ ਅਤੇ ਰਾਖਸ਼ ਰਾਵਣ ਨੂੰ ਮਾਰ ਕੇ ਅਤੇ ਹੋਰ ਮਾੜੀਆਂ ਤਾਕਤਾਂ ਨੂੰ ਹਰਾ ਕੇ ਲੋਕਾਂ ਦੀ ਰੱਖਿਆ ਕਰ ਕੇ ਰਾਮਰਾਜ ਚਲਾਇਆ ਸੀ ਅਤੇ ਕੰਸ ਦੇ ਅਤਿਆਚਾਰ ਵਧੇ ਤਾਂ ਭਗਵਾਨ ਕ੍ਰਿਸ਼ਨ ਨੇ ਜਨਮ ਲਿਆ ਸੀ। ਜਦੋਂ ਕਾਂਗਰਸ ਦੇ ਅਤਿਆਚਾਰ ਵਧੇ ਤਾਂ ਉਸ ਨੂੰ ਖਤਮ ਕਰਨ ਲਈ ਨਰਿੰਦਰ ਮੋਦੀ ਦਾ ਜਨਮ ਹੋਇਆ ਹੈ ਅਤੇ ਮੋਦੀ ਦੀ ਅਗਵਾਈ ਵਿੱਚ ਭਾਰਤ ਵਿਸ਼ਵ ਗੁਰੂ ਬਣ ਰਿਹਾ ਹੈ।

# ਇਜ਼ਰਾਈਲੀ ਪੁਲਸ ਨੇ ਫਲਸਤੀਨੀ ਲੋਕਾਂ ਨੂੰ ਵਿਵਾਦਤ ਘਰਾਂ ਤੋਂ ਕੱਢ ਦਿੱਤਾ



ਯੋਰੋਸ਼ਲਮ, 20 ਜਨਵਰੀ (ਪੋਸਟ ਬਿਊਰੋ)- ਇਜ਼ਰਾਈਲੀ ਪੁਲਸ ਨੇ ਕੱਲ੍ਹ ਮੂੰਹ ਹਨੇਰੇ ਪੂਰਬੀ ਯੇਰੋਸ਼ਲਮ ਵਿੱਚ ਸ਼ੇਖ ਜਾਰਾਹ ਵਿੱਚ ਵਿਵਾਦਤ ਜਗ੍ਹਾ ਉੱਤੇ ਬਣੇ ਘਰਾਂ ਵਿੱਚੋਂ ਫਿਲਸਤੀਨੀ ਨਾਗਰਿਕਾਂ ਨੂੰ ਬਾਹਰ ਕੱਢ ਕੇ ਸਬੰਧਤ ਇਮਾਰਤ ਨੂੰ ਢਹਿ ਢੇਰੀ ਕਰ ਦਿੱਤਾ ਹੈ। ਯਹੂਦੀ ਲੋਕ ਲੰਮੇ ਸਮੇਂ ਤੋਂ ਇੱਥੇ ਰਹਿੰਦੇ ਫਲਸਤੀਨੀ ਨਾਗਰਿਕਾਂ ਨੂੰ ਕੱਢਣ ਦੇ ਯਤਨ ਕਰ ਰਹੇ ਸਨ। ਦੋਵਾਂ ਧਿਰਾਂ ਵਿੱਚ ਜਾਰੀ ਟਕਰਾਅ ਕਾਰਨ ਪਿਛਲੇ ਸਾਲ ਇਜ਼ਰਾਈਲ ਅਤੇ ਗਾਜ਼ਾ ਦਹਿਸ਼ਤਗਰਦਾਂ ਵਿਚਾਲੇ 11 ਦਿਨ ਜੰਗ ਚੱਲੀ ਸੀ। ਇਸ ਹਫਤੇ ਦੀ ਸ਼ੁਰੂਆਤ ਵਿੱਚ ਵਿਵਾਦਤ ਇਮਾਰਤ ਵਿੱਚ ਰਹਿੰਦੇ ਲੋਕਾਂ ਨੇ ਆਪਣੇ ਘਰਾਂ ਦੀਆਂ ਛੱਤਾਂ ਉੱਤੇ ਚੜ੍ਹ ਕੇ ਗੈਸ ਟੈਂਕਰਾਂ ਨੂੰ ਅੱਗ ਲਾਉਣ ਦੀ ਧਮਕੀ ਦਿੱਤੀ ਸੀ।

ਫਲਸਤੀਨੀ ਰਾਸ਼ਟਰਪਤੀ ਮਹਿਮੂਦ ਅਬਾਸ ਨੇ ਇਜ਼ਰਾਈਲ ਵੱਲੋਂ ਇਹ ਇਮਾਰਤਾਂ ਖਾਲੀ ਕਰਾਏ ਜਾਣ ਨੂੰ 'ਜੰਗੀ ਅਪਰਾਧ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਦੇ ਗੰਭੀਰ ਸਿੱਟਿਆਂ ਦੀ ਜ਼ਿੰਮੇਵਾਰੀ ਇਜ਼ਰਾਈਲੀ ਆਗੂਆਂ ਦੀ ਹੋਵੇਗੀ। ਰਾਸ਼ਟਰਪਤੀ ਦਫਤਰ ਤੋਂ ਜਾਰੀ ਬਿਆਨ ਵਿੱਚ ਅੱਬਾਸ ਨੇ ਅਮਰੀਕਾ ਨੂੰ ਸੱਦਾ ਦਿੱਤਾ ਕਿ ਉਹ ਫੌਰੀ ਦਖਲ ਦੇ ਕੇ ਯੇਰੋਸ਼ਲਮ ਵਿੱਚ ਸਾਡੇ ਲੋਕਾਂ ਉੱਤੇ ਕੀਤੇ ਜਾਂਦੇ ਇਜ਼ਰਾਈਲੀ ਅਪਰਾਧ ਰੋਕੇ।ਓਧਰ ਸਾਲਹੀਆ ਪਰਵਾਰ ਨੇ ਕਿਹਾ ਕਿ ਉਨ੍ਹਾਂ ਇਹ ਜਾਇਦਾਦ (ਵਿਵਾਦਤ ਇਮਾਰਤ) 1967 ਵਿੱਚ ਇਜ਼ਰਾਈਲ ਵੱਲੋਂ ਪੂਰਬੀ ਯੇਰੋਸ਼ਲਮ ਨੂੰ ਆਪਣੇ ਕਬਜ਼ੇ ਵਿੱਚ ਲੈਣ ਤੋਂ ਪਹਿਲਾਂ ਖਰੀਦੀ ਸੀ। ਇਜ਼ਰਾਈਲੀ ਸਰਕਾਰ ਨੇ ਕੋਰਟ ਵਿੱਚ ਪਰਵਾਰ ਦੇ ਇਨ੍ਹਾਂ ਦਾਅਵਿਆਂ ਨੂੰ ਰੱਦ ਕੀਤਾ ਹੈ। ਨਗਰ ਪਾਲਿਕਾ ਦੇ ਰਿਕਾਰਡ ਮੁਤਾਬਕ ਜ਼ਮੀਨ ਦੀ ਸ਼ੁਰੂ ਤੋਂ ਹੀ ਜਨਤਕ ਵਰਤੋਂ ਲਈ ਨਿਸ਼ਾਨਦੇਹੀ ਕੀਤੀ ਹੋਈ ਹੈ ਤੇ ਜਾਇਦਾਦ ਨੂੰ 2017 ਵਿੱਚ ਕਬਜ਼ੇ ਵਿੱਚ ਲਿਆ ਗਿਆ ਸੀ। ਨਗਰ ਪਾਲਿਕਾ ਮੁਤਾਬਕ ਸਾਲਹੀਆ ਪਰਵਾਰ ਇੱਥੇ ਕਾਬਜ਼ ਹੋ ਕੇ ਬੈਠਾ ਹੈ ਤੇ 1990 ਵਿੱਚ ਗੈਰ ਕਾਨੂੰਨੀ ਤਰੀਕੇ ਨਾਲ ਇਮਾਰਤ ਉਸਾਰੀ ਗਈ। ਮਿਊਂਸਿਪੈਲਿਟੀ ਨੇ ਦਾਅਵਾ ਕੀਤਾ ਕਿ ਉਹ ਇਸ ਜ਼ਮੀਨ ਦੇ ਅਸਲ ਮਾਲਕਾਂ ਨੂੰ ਬਣਦਾ ਮੁਆਵਜ਼ਾ ਦੇਵੇਗਾ ਅਤੇ ਫਲਸਤੀਨੀ ਬਾਸ਼ਿੰਦਿਆਂ ਲਈ ਇੱਥੇ ਸਕੂਲ ਉਸਾਰਿਆ ਜਾਵੇਗਾ, ਪਰ ਫਲਸਤੀਨੀ ਇਸ ਨਾਲ ਸਹਿਮਤ ਨਹੀਂ ਹਨ।

## ਸਪੇਨ ਦੇ ਨਰਸਿੰਗ ਹੋਮ ਵਿੱਚ ਅੱਗ ਲੱਗਣ ਨਾਲ 6 ਦੀ ਮੌਤ





ਮੈਡਰਿਡ, 20 ਜਨਵਰੀ (ਪੋਸਟ ਬਿਊਰੋ)- ਸਪੇਨ ਦੇ ਇੱਕ ਨਰਸਿੰਗ ਹੋਮ ਵਿੱਚ ਅੱਗ ਲੱਗਣ ਨਾਲ ਛੇ ਲੋਕਾਂ ਦੀ ਮੌਤ ਹੋ ਗਈ। ਵੈਲੇਂਸੀਆ ਦੇ ਖੇਤਰੀ ਪ੍ਰਮੁੱਖ ਸ਼ਿਮੋ ਪੁਇਗ ਨੇ ਕਿਹਾ ਕਿ 17 ਹੋਰ ਲੋਕ ਹਸਪਤਾਲ ਵਿੱਚ ਭਰਤੀ ਹਨ, ਜਿਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਹੈ। ਫਾਇਰ ਬ੍ਰਿਗੇਡ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਵੈਲੇਂਸੀਆ ਦੇ ਉੱਤਰ ਵਿੱਚ ਮੋਂਕਾਡਾ ਨਗਰ ਪਾਲਿਕਾ ਦੇ ਨਰਸਿੰਗ ਹੋਮ ਤੋਂ ਕੱਢੇ ਗਏ ਕੁੱਲ 70 ਮਰੀਜ਼ਾਂ ਵਿੱਚੋਂ 25 ਲੋਕਾਂ ਨੂੰ ਬਚਾਇਆ ਹੈ। ਅਧਿਕਾਰੀਆਂ ਨੇ ਅੱਗ ਲੱਗਣ ਦਾ ਕਾਰਨ ਨਹੀਂ ਦੱਸਿਆ।

ਪ੍ਰਧਾਨ ਮੰਤਰੀ ਪੇਡਰੋ ਸਾਂਚੇਜ ਨੇ ਘਟਨਾ ਦੇ ਸ਼ਿਕਾਰ ਲੋਕਾਂ ਦੇ ਪਰਵਾਰਕ ਮੈਂਬਰਾਂ ਨਾਲਹਮਦਰਦੀ ਪ੍ਰਗਟ ਕੀਤੀ ਹੈ। ਸਾਂਚੇਜ ਨੇ ਟਵੀਟ ਕੀਤਾ, 'ਮੋਂਕਾਡਾ ਦੀ ਮਾੜੀ ਖ਼ਬਰ ਮਿਲੀ। ਪੀੜਤਾਂ ਦੇ ਪਰਵਾਰਕ ਮੈਂਬਰਾਂ ਨਾਲ ਮੇਰੀ ਹਮਦਰਦੀ ਹੈ। ਅਸੀਂ ਜ਼ਖਮੀਆਂ ਦੇ ਜਲਦ ਠੀਕ ਹੋਣ ਦੀ ਅਰਦਾਸ ਕਰਦੇ ਹਾਂ। ਪਰਵਾਰਕ ਮੈਂਬਰਾਂ ਅਤੇ ਸ਼ਹਿਰ ਨੂੰ ਹਰਸੰਭਵ ਮਦਦ ਦਿੱਤੀ ਜਾਵੇਗੀ।' ਮੋਂਕਾਡਾ ਵਿੱਚ ਨਗਰ ਨਿਗਮ ਅਧਿਕਾਰੀਆਂ ਨੇ ਤਿੰਨ ਦਿਨਾਂ ਦੇ ਅਫਸੋਸ ਦਾ ਐਲਾਨ ਕੀਤਾ ਅਤੇ ਟਾਊਨ ਹਾਲ ਦੀ ਇਮਾਰਤ ਉੱਤੇ ਝੰਡਾ ਅੱਧਾ ਝੁਕਾ ਦਿੱਤਾ ਅਤੇ ਦੁਪਹਿਰ ਸਮੇਂ ਪੀੜਤਾਂ ਲਈ ਇੱਕ ਮਿੰਟ ਦਾ ਮੌਨ ਰੱਖਿਆ।

## ਵੀਰ ਬਾਲ ਦਿਵਸ ਦੇ ਐਲਾਨ ਉੱਤੇ ਖਾਲਿਸਤਾਨ ਦਾ 'ਰਾਸ਼ਟਰਪਤੀ' ਵੀ ਖੁਸ਼

ਲੰਡਨ, 20 ਜਨਵਰੀ (ਪੋਸਟ ਬਿਊਰੋ)- ਖਾਲਿਸਤਾਨ ਦੇ ਆਪੇ ਬਣੇ ਰਾਸ਼ਟਰਪਤੀ ਸੇਵਾ ਸਿੰਘ ਲੱਲੀ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਐਲਾਨ ਕਰਨ ਤੋਂ ਖੁਸ਼ ਹਨ ਤੇ ਉਨ੍ਹਾਂ ਨੇ ਨਰਿੰਦਰ ਮੋਦੀ ਦੀ ਤਾਰੀਫ ਦੇ ਪੁਲ ਬੰਨ੍ਹੇ ਹਨ। ਸੋਸ਼ਲ ਮੀਡੀਆ ਉੱਤੇ ਪਾਈ ਆਪਣੀ ਪੋਸਟ ਵਿੱਚ ਸੇਵਾ ਸਿੰਘ ਲੱਲੀ ਨੇ ਕਿਹਾ ਕਿ ਇਸ ਸਰਕਾਰ ਨੇ ਸਿੱਖ ਧਰਮ ਲਈ ਕੁਝ ਕਾਰਜ ਸ਼ੁਰੂ ਕੀਤੇ ਹਨ। ਇਸ ਨੂੰ ਹੋਰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਸਮਝਦਾਰਾਂ ਨੂੰ ਇਸ਼ਾਰਾ ਬਹੁਤ ਹੈ। ਸੇਵਾ ਸਿੰਘ ਲੱਲੀ ਨੇ ਅੱਗੇ ਲਿਖਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਜਪਾ ਸਰਕਾਰ ਭਾਰਤ ਵਿੱਚ ਵੀਰ ਬਾਲ ਦਿਵਸ ਦੇ ਰੂਪ ਵਿੱਚ ਸਾਹਿਬਜਾਦਾ ਜੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਦੀ ਸ਼ਹਾਦਤ ਨੂੰ ਪ੍ਰਣਾਮ ਕਰਦੀ ਹੈ।ਉਨ੍ਹਾਂ ਨੇ ਲਿਖਿਆ ਕਿ ਸਾਹਿਬਜਾਦਿਆਂ ਦੇ ਬਲੀਦਾਨ ਦੇ ਇਤਿਹਾਸ ਨੂੰ ਦੇਸ਼ ਦੇ ਲੋਕ ਸਭ ਸਰਕਾਰੀ ਸੰਸਥਾਵਾਂ, ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹ ਸਕਣਗੇ।

### ਪਾਕਿਸਤਾਨੀ ਚੋਣ ਕਮਿਸ਼ਨ ਦਾ ਹੁਕਮ:

## ਇਮਰਾਨ ਖਾਨ ਦੀ ਪਾਰਟੀ ਵਿਦੇਸ਼ੀ ਚੰਦੇ ਦੇ ਦਸਤਾਵੇਜ਼ ਜਾਰੀ ਕਰੇ

ਇਸਲਾਮਾਬਾਦ, 20 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਚੋਣ ਕਮਿਸ਼ਨ (ਈ ਸੀ ਪੀ) ਨੇ ਇਸ ਦੇਸ਼ ਵਿੱਚ ਰਾਜ ਕਰਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਵਿਰੁੱਧ ਵਿਦੇਸ਼ੀ ਵਿੱਤੀ ਸਹਾਇਤਾ ਦੇ ਕੇਸ ਨਾਲ ਸਬੰਧਤ ਮਹੱਤਵਪੂਰਨ ਦਸਤਾਵੇਜ਼ ਜਨਤਕ ਕਰਨ ਦਾ ਹੁਕਮ ਦਿੱਤਾ ਹੈ ਤੇ ਸਮਝਿਆ ਜਾਂਦਾ ਹੈ ਕਿ ਇਹ ਕਦਮ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਲਈ ਕਈ ਹੋਰ ਮੁਸ਼ਕਲਾਂ ਪੈਦਾ ਕਰ ਸਕਦਾ ਹੈ।

ਇਸ ਮਹੀਨੇ ਦੇ ਸ਼ੁਰੂ ਵਿੱਚ ਈ ਸੀ ਪੀ ਦੀ ਜਾਂਚ ਕਮੇਟੀ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਮੁਤਾਬਕ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ ਟੀ ਆਈ) ਨੇ ਵਿਦੇਸ਼ੀ ਨਾਗਰਿਕਾਂ, ਕੰਪਨੀਆਂ ਤੇ ਬੈਂਕ ਖਾਤਿਆਂ ਤੋਂ ਪ੍ਰਾਪਤ ਕੀਤੇ ਪੈਸੇ ਦੀ ਘੱਟ ਰਿਪੋਰਟ ਕੀਤੀ ਅਤੇ ਬੈਂਕ ਖਾਤਿਆਂ ਨੂੰ ਲੁਕਾਇਆ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਹਾਕਮ ਪਾਰਟੀ ਨੇ ਵਿੱਤੀ ਸਾਲ 2009-10 ਤੋਂ 2012-13 ਦੀ ਚਾਰ ਸਾਲਾਂ ਦੀ ਮਿਆਦ ਵਿੱਚ 31.2 ਕਰੋੜ ਰੁਪਏ ਘੱਟ ਦੱਸੇ ਹਨ। ਸਾਲ-ਵਾਰ ਵੇਰਵਿਆਂ ਤੋਂ ਪਤਾ ਲੱਗਾ ਹੈ ਕਿ ਇਕੱਲੇ 2012-13 ਵਿੱਚ 14.5 ਕਰੋੜ ਰੁਪਏ ਤੋਂ ਵੱਧ ਦੀ ਰਕਮ ਘੱਟ ਦੱਸੀ ਗਈ। ਡਾਨ ਅਖ਼ਬਾਰ ਮੁਤਾਬਕ ਇਹ ਦਸਤਾਵੇਜ਼ ਇਸ ਜਾਂਚ ਕਮੇਟੀ ਦੀ ਰਿਪੋਰਟ ਦਾ ਹਿੱਸਾ ਸਨ, ਪਰ ਰਿਪੋਰਟ ਦੇ ਨਾਲ ਜਾਰੀ ਨਹੀਂ ਕੀਤੇ ਗਏ ਸਨ। ਖ਼ਬਰ ਮੁਤਾਬਕ ਸੀ ਈ ਸੀ ਨੇ ਹਦਾਇਤ ਕੀਤੀ ਕਿ ਰਿਪੋਰਟ ਦਾਕੋਈ ਹਿੱਸਾ ਗੁਪਤ ਨਾ ਰੱਖਿਆ ਜਾਵੇ ਅਤੇ ਪਟੀਸ਼ਨਰ ਨੂੰ ਪੂਰੀ ਰਿਪੋਰਟ ਦਿਖਾਈ ਜਾਵੇ। ਇਸ ਵਿੱਚ ਕਿਹਾ ਗਿਆ ਹੈ ਕਿ ਈ ਸੀ ਪੀ ਨੇ ਦਸਤਾਵੇਜ਼ਾਂ ਨੂੰ ਜਨਤਕ ਨਹੀਂ ਕੀਤਾ, ਕਿਉਂਕਿ ਪੀ ਟੀ ਆਈ ਨੇ ਸੱਤਾਧਾਰੀ ਪਾਰਟੀ ਦੇ ਮੋਢੀ ਮੈਂਬਰ ਅਤੇ ਇਸ ਮਾਮਲੇ ਵਿੱਚ ਪਟੀਸ਼ਨਰ ਅਕਬਰ ਐਸ ਬਾਬਰ ਨਾਲ ਦਸਤਾਵੇਜ਼ ਸਾਂਝੇ ਕਰਨ ਉੱਤੇ ਇਤਰਾਜ਼ ਕੀਤਾ ਸੀ।

## ਸਾਨੀਆ ਮਿਰਜ਼ਾ 2022 ਸੈਸ਼ਨ ਤੋਂ ਬਾਅਦ ਖੇਡਾਂ ਤੋਂ ਸੰਨਿਆਸ ਲਵੇਗੀ



ਮੈਲਬੌਰਨ, 20 ਜਨਵਰੀ (ਪੋਸਟ ਬਿਊਰੋ)- ਭਾਰਤੀ ਟੈਨਿਸ ਸਟਾਰ ਸਾਨੀਆ ਮਿਰਜ਼ਾ ਨੇ ਕੱਲ੍ਹ ਐਲਾਨ ਕਰ ਦਿੱਤਾ ਕਿ 2022 ਉਨ੍ਹਾਂ ਦਾ ਆਖਰੀ ਸੈਸ਼ਨ ਹੋਵੇਗਾ, ਕਿਉਂਕਿ ਉਨ੍ਹਾਂ ਦਾ ਸਰੀਰ ਥੱਕ ਰਿਹਾ ਹੈ ਤੇ ਉਨ੍ਹਾਂ ਅੰਦਰ ਹਰ ਰੋਜ਼ ਦੇ ਦਬਾਅ ਨਾਲ ਊਰਜਾ ਅਤੇ ਪ੍ਰੇਰਨਾ ਪਹਿਲਾਂ ਵਰਗੀ ਨਹੀਂ ਰਹਿ ਗਈ।

ਸਾਨੀਆ ਨੇ ਮਾਰਚ 2019 ਵਿੱਚ ਬੇਟੇ ਨੂੰ ਜਨਮ ਦੇਣ ਤੋਂ ਬਾਅਦ ਟੈਨਿਸ ਵਿੱਚ ਵਾਪਸੀ ਕੀਤੀ ਸੀ, ਪਰ ਕੋਰੋਨਾ ਵਾਇਰਸ ਮਹਾਮਾਰੀ ਉਨ੍ਹਾਂ ਦੀ ਤਰੱਕੀ ਵਿੱਚ ਰੋਕ ਬਣ ਗਈ। 35 ਵਰ੍ਹਿਆਂ ਦੀ ਸਾਨੀਆ ਨੇ ਆਪਣੀ ਜੋੜੀਦਾਰ ਨਾਦੀਆ ਕਿਚਨੋਕ ਨਾਲ ਆਸਟਰੇਲੀਅਨ ਓਪਨ ਦੇ ਮਹਿਲਾ ਡਬਲਜ਼ ਦੇ ਪਹਿਲੇ ਦੌਰ ਵਿੱਚ ਹਾਰਨ ਤੋਂ ਬਾਅਦ ਸੰਨਿਆਸ ਦਾ ਇਹ ਐਲਾਨ ਕੀਤਾ ਹੈ। ਉਸ ਨੇ ਕਿਹਾ, ''ਇਸ ਲਈ ਕਾਫੀ ਸਾਰੇ ਕਾਰਨ ਹਨ। ਇਹ ਕਹਿਣਾ ਏਨਾ ਸੌਖਾ ਨਹੀਂ ਕਿ ਮੈਂ ਖੇਡਾਂਗੀ ਨਹੀਂ। ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਮੈਨੂੰ ਉਭਰਨ ਵਿੱਚ ਲੰਬਾ ਸਮਾਂ ਲੱਗ ਰਿਹਾ ਹੈ। ਮੈਨੂੰ ਮਹਿਸੂਸ ਹੁੰਦਾ ਹੈ ਕਿ ਮੇਰਾ ਬੇਟਾ ਹਾਲੇ ਤਿੰਨ ਸਾਲ ਦਾ ਹੈ ਅਤੇ ਮੈਂ ਉਸ ਨਾਲ ਏਨੀ ਯਾਤਰਾ ਕਰ ਕੇ ਉਸ ਨੂੰ ਜੋਖਮ ਵਿੱਚ ਪਾ ਰਹੀ ਹਾਂ ਅਤੇ ਇਹ ਅਜਿਹੀ ਚੀਜ਼ ਹੈ ਜਿਸ ਦਾ ਧਿਆਨ ਰੱਖਣਾ ਹੋਵੇਗਾ।'' ਉਸ ਨੇ ਕਿਹਾ, ''ਮੇਰਾ ਸਰੀਰ ਵੀ ਕਮਜ਼ੋਰ ਹੋ ਰਿਹਾ ਹੈ। ਅੱਜ ਮੇਰੇ ਗੋਡੇ ਵਿੱਚ ਸੱਚਮੁੱਚ ਕਾਫੀ ਦਰਦ ਹੋ ਰਿਹਾ ਹੈ। ਮੈਂ ਇਹ ਨਹੀਂ ਕਹਿ ਰਹੀ ਕਿ ਇਸ ਕਾਰਨ ਅਸੀਂ ਹਾਰੇ, ਪਰ ਮੈਨੂੰ ਅਜਿਹਾ ਲੱਗਦਾ ਹੈ ਕਿ ਮੈਨੂੰ ਉਭਰਨ ਵਿੱਚ ਥੋੜ੍ਹਾ ਸਮਾਂ ਲੱਗ ਰਿਹਾ ਹੈ ਕਿਉਂਕਿ ਮੇਰੀ ਉਮਰ ਵਧ ਰਹੀ ਹੈ।''

ਵਰਨਣ ਯੋਗ ਹੈ ਕਿ ਸਾਨੀਆ ਦੇ ਨਾਂਅ 6 ਮਿਕਸਡ ਡਬਲਜ਼ ਟਰਾਫੀ ਸਮੇਤ ਛੇ ਗ੍ਰੈਂਡਸਲੈਮ ਖਿਤਾਬ ਹਨ। ਉਹ ਭਾਰਤ ਦੀ ਸਭ ਤੋਂ ਸਫਲ ਮਹਿਲਾ ਟੈਨਿਸ ਖਿਡਾਰਨ ਵਜੋਂ ਇਸ ਖੇਡ ਨੂੰ ਅਲਵਿਦਾ ਕਹਿ ਰਹੀ ਹੈ।ਸਾਨੀਆ ਨੇ 2 ਗੋਲਡ ਮੈਡਲ ਏਸ਼ਿਆਈ ਖੇਡਾਂ ਦੇ ਮਿਕਸਡ ਡਬਲਜ਼ ਵਿੱਚ ਜਿੱਤੇ ਅਤੇ ਏਸ਼ਿਆਈ ਖੇਡਾਂ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਤਿੰਨ ਸਿਲਵਰ ਅਤੇ ਤਿੰਨ ਕਾਂਸੇਮੈਡਲ ਜਿੱਤੇ ਹਨ।2 ਮੈਡਲ ਉਨ੍ਹਾਂ ਰਾਸ਼ਟਰ ਮੰਡਲ ਖੇਡਾਂ ਵਿੱਚ ਜਿੱਤੇ ਹਨ। ਦੋਵੇਂ ਮੈਡਲ ਉਨ੍ਹਾਂ ਨੂੰ 2010 ਦਿੱਲੀ ਖੇਡਾਂ ਵਿੱਚ ਸਿੰਗਲਜ਼ (ਸਿਲਵਰ) ਅਤੇ ਡਬਲਜ਼ (ਕਾਂਸੇ) ਵਿੱਚ ਮਿਲੇ।

## ਹਿੰਦੂ ਤੇ ਕ੍ਰਿਸ਼ਚਨ ਵਿਦਿਆਰਥੀ ਵੀ ਪਾਕਿ 'ਚ ਮੁਸਲਿਮ ਟੋਪੀ ਪਾਉਣਗੇ

ਲਾਹੌਰ, 20 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਰਾਜ ਦੇ ਸਿੱਖਿਆ ਮੰਤਰੀ ਸੁਰਾਦ ਰਾਸ ਨੇ ਇਸ ਰਾਜ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਲੜਕੀਆਂ ਲਈ ਦੁਪਟਾ ਅਤੇ ਲੜਕਿਆਂ ਦੇ ਲਈ ਟੋਪੀ ਪਾਉਣੀ ਜ਼ਰੂਰੀ ਕਰ ਦਿੱਤੀ ਹੈ ਅਤੇ ਇਹ ਟੋਪੀ ਇਸਲਾਮੀ ਕਿਸਮ ਦੀ ਰੱਖੀ ਦੱਸੀ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਪਾਕਿਸਤਾਨ ਦੇ ਇੱਕ ਟੀ ਵੀ ਚੈਨਲ ਨੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਲਈ ਵਰਦੀ ਬਾਰੇ ਵਿਤਕਰੇ ਦਾ ਮੁੱਦਾ ਉਠਾਉਂਦੇ ਹੋਏ ਸੋਧ ਕਰਨ ਦੀ ਮੰਗ ਕੀਤੀ ਸੀ।ਇਸ ਉੱਤੇ ਮੰਤਰੀ ਨੇ ਸਾਰੇ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਵਿੱਚ ਇਹ ਨਵਾਂ ਆਦੇਸ਼ ਤੁਰੰਤ ਲਾਗੂ ਕਰਨ ਲਈ ਜਾਰੀ ਕਰ ਦਿੱਤਾ। ਇਸ ਅਧੀਨ ਹਿੰਦੂ ਅਤੇ ਕ੍ਰਿਸ਼ਚਨ ਵਿਦਿਆਰਥੀਆਂ ਨੂੰ ਵੀ ਮੁਸਲਿਮ ਟੋਪੀ ਪਾਉਣੀ ਜ਼ਰੂਰੀ ਕਰ ਦਿੱਤੀ ਗਈ ਹੈ।

## ਪਾਕਿਸਤਾਨ ਦੇ ਗਵਾਦਰ ਪੋਰਟ ਨੂੰ ਚੀਨ ਆਪਣਾ ਫੌਜੀ ਬੇਸ ਬਣਾਏਗਾ



ਐਮਸਟਰਡਮ, 20 ਜਨਵਰੀ (ਪੋਸਟ ਬਿਊਰੋ)- ਜੰਗੀ ਮਾਹਰਾਂ ਦਾ ਮੰਨਣਾ ਹੈ ਕਿ ਚੀਨ ਪਾਕਿਸਤਾਨ ਦੇ ਗਵਾਦਰ ਪੋਰਟ ਦੀ ਵਰਤੋਂ ਆਪਣੇ ਫੌਜੀ ਬੇਸ ਲਈ ਕਰਨ ਦੀਆਂ ਤਿਆਰੀਆਂ ਵਿੱਚ ਜਾਪਦਾ ਹੈ।

ਅਸਲ ਵਿੱਚ ਗਵਾਦਰ ਪੋਰਟ ਚੀਨ ਦੇ ਹਜ਼ਾਰਾਂ ਕਰੋੜਾਂ ਡਾਲਰਾਂ ਦੇ ਪ੍ਰੋਜੈਕਟ ਚੀਨ-ਪਾਕਿ ਇਕੋਨਾਮਿਕ ਕਾਰੀਡੋਰ ਦਾ ਹਿੱਸਾ ਹੈ। ਚੀਨ ਦੇ ਇਸ ਇਰਾਦੇ ਬਾਰੇ ਜਾਣਕਾਰ ਪਹਿਲਾਂ ਹੀ ਸ਼ੱਕ ਪ੍ਰਗਟ ਕਰ ਰਹੇ ਹਨ। ਮਾਹਰਾਂ ਦਾ ਮੰਨਣਾ ਹੈ ਕਿ ਚੀਨ ਇਸ ਬੰਦਰਗਾਹ ਰਾਹੀਂ ਵਪਾਰ ਦੇ ਨਾਲ ਇਸ ਨੂੰ ਫੌਜੀ ਬੇਸ ਬਣਾ ਕੇ ਇਸ ਖਿੱਤੇ ਵਿੱਚ ਆਪਣੀ ਰਣਨੀਤਕ ਚੜ੍ਹਤ ਬਣਾਉਣਾ ਚਾਹੁੰਦਾ ਹੈ।ਯੂਰਪੀ ਫਾਊਂਡੇਸ਼ਨ ਫਾਰ ਸਾਊਥ ਏਸ਼ੀਅਨ ਸਟੱਡੀਜ਼ ਦੇ ਡਾਇਰੈਕਟਰ ਜੁਨੈਦ ਕੁਰੈਸ਼ੀ ਤੇ ਸਕੂਲ ਆਫ ਅਫਰੀਕਨ ਮੈਥਿਊ ਮੈਕਾਰਟਨੇ ਨੇ ਇੱਕ ਇੰਟਰਵਿਊ ਵਿੱਚ ਚੀਨ ਦੀ ਵਨ ਬੈਲਟ ਐਂਡ ਰੋਡ ਇਨਸ਼ੀਏਟਿਵ ਨਾਲ ਜੁੜੇ ਕਈ ਮੁੱਦਿਆਂ ਉੱਤੇ ਗੱਲ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਇਹੋ ਲੱਗਦਾ ਹੈ ਕਿ ਚੀਨ ਕੁਝ ਗੱਲਾਂ ਕਾਰਨ ਗਵਾਦਰ ਵਿੱਚ ਬੰਦਰਗਾਹ ਦੀ ਵਰਤੋਂ ਫੌਜੀ ਅੱਡੇ ਵਜੋਂ ਕਰਨਾ ਚਾਹੁੰਦਾ ਹੈ ਤਾਂ ਕਿ ਵਿਦੇਸ਼ੀ ਸਾਧਨ ਲਗਾਤਾਰ ਬਿਨਾਂ ਰੋਕ-ਟੋਕ ਦੇ ਮਿਲ ਸਕਣ, ਪਰ ਚੀਨ ਇਹ ਗੱਲ ਚੰਗੀ ਤਰ੍ਹਾਂ ਜਾਣਦਾ ਹੈ ਕਿ ਉਸ ਦੇ ਇੱਥੇ ਮਿਲਟਰੀ ਬੇਸ ਬਣਾਉਣ ਦਾ ਵੱਡੇ ਪੈਮਾਨੇ ਉੱਤੇ ਵਿਰੋਧ ਹੋ ਸਕਦਾ ਹੈ। ਇਸ ਲਈ ਉਹ ਇਸ ਤੋਂ ਬੇਹੱਦ ਸਾਵਧਾਨ ਰਹੇਗਾ। ਸਾਲ2015 ਵਿਚ ਚੀਨ ਨੇ 46 ਅਰਬ ਡਾਲਰ ਦੀ ਲਾਗਤ ਨਾਲ ਇਕੋਨਾਮਿਕ ਪ੍ਰੋਜੈਕਟ ਦਾ ਐਲਾਨ ਕੀਤਾ ਸੀ। ਸੀਪੈਕ ਦਾ ਮਕਸਦ ਪਾਕਿਸਤਾਨ ਵਿੱਚ ਆਪਣੀ ਭੂਮਿਕਾ ਨੂੰ ਵਧਾਉਣਾ ਤੇ ਮੱਧ ਏਸ਼ੀਆ ਵਿੱਚ ਅਮਰੀਕਾ ਤੇ ਭਾਰਤ ਦਾ ਅਸਰ ਘੱਟ ਕਰਨਾ ਸੀ। ਸੀਪੈਕ ਅਧੀਨ ਗਵਾਦਰ ਪੋਰਟ ਦੇ ਆਉਣ ਤੋਂ ਬਾਅਦ ਚੀਨ ਦਾ ਸਿੱਧੇ ਤੌਰ ਉੱਤੇ ਕਰਾਚੀ ਨਾਲ ਲਿੰਕ ਹੋ ਗਿਆ।

## 'ਪਾਰਟੀਗੇਟ'ਲਈ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦੀ ਪਤਨੀ ਨੇ ਮੁਆਫ਼ੀ ਮੰਗੀ

ਲੰਡਨ, 20 ਜਨਵਰੀ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਤਾਲਾਬੰਦੀ ਦੌਰਾਨ ਪਾਰਟੀ ਕਰਨ ਦੀ ਆਲੋਚਨਾ ਦਾ ਸਾਹਮਣਾ ਕਰ ਰਹੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਦੀ ਪਤਨੀ ਕੈਰੀ ਨੇ ਸਾਲ 2020 ਵਿੱਚ ਇੱਕ ਨਿੱਜੀ ਸਮਾਗਮ (ਪਾਰਟੀਗੇਟ) ਵਿੱਚ ਕੋਵਿਡ-19 ਤਾਲਾਬੰਦੀ ਨਿਯਮਾਂ ਦੀ ਉਲੰਘਣਾ ਦੇ ਲਈ ਮੁਆਫੀ ਮੰਗੀ ਹੈ। ਨਿਯਮਾਂ ਨੂੰ ਉਲੰਘ ਕੇ ਪਾਰਟੀ ਕਰਨ ਨੂੰ 'ਪਾਰਟੀਗੇਟ' ਕਿਹਾ ਜਾ ਰਿਹਾ ਹੈ। ਕੈਰੀ ਨੂੰ ਸਤੰਬਰ 2020 ਵਿੱਚ ਲੰਡਨ ਵਿੱਚ ਇੱਕ ਪ੍ਰਾਈਵੇਟ ਮੈਂਬਰ ਦੇ ਕਲੱਬ ਵਿੱਚ ਇੱਕ ਵਿਆਹ ਵਿੱਚ ਇੱਕ ਦੋਸਤ ਨੂੰ ਜੱਫੀ ਪਾਉਂਦੇ ਦੇਖਿਆ ਗਿਆ ਸੀ। ਮੀਡੀਆ ਵਿੱਚ ਅਜਿਹੀ ਫੋਟੋ ਸਾਹਮਣੇ ਆਉਣ ਪਿੱਛੋਂ ਪ੍ਰਧਾਨ ਮੰਤਰੀ ਦੀ ਪਤਨੀ ਉੱਤੇ ਤਾਲਾਬੰਦੀ ਦੌਰਾਨ ਸਮਾਜਿਕ ਦੂਰੀ ਦੇ ਨਿਯਮਾਂ ਦੀ ਉਲੰਘਣਾ ਕਰਨ ਦਾ ਦੋਸ਼ ਲੱਗ ਰਿਹਾ ਹੈ।

## ਪਾਕਿ ਫ਼ੌਜ ਦਾ ਮਜ਼ਾਕ ਉਡਾਉਣ ਵਾਲੇ ਦੀ ਮੌਤ ਲਈ ਪੈਸੇ ਪਾਕਿਸਤਾਨੀ ਬੈਂਕ ਤੋਂ ਦਿੱਤੇ ਗਏ



ਇਸਲਾਮਾਬਾਦ, 20 ਜਨਵਰੀ (ਪੋਸਟ ਬਿਊਰੋ)- ਨੀਦਰਲੈਂਡ ਵਿੱਚ ਰਹਿੰਦੇ ਪਾਕਿਸਤਾਨੀ ਵਰਕਰ ਅਹਿਮਦ ਵਕਾਸ ਗੋਰਾਇਆ ਦੇ ਕਤਲ ਦੀ ਸਾਜ਼ਿਸ਼ ਦੇ ਦੋਸ਼ੀ ਨੂੰ ਪਾਕਿਸਤਾਨ ਦੇ ਇੱਕ ਬੈਂਕ ਨੇ ਭੁਗਤਾਨ ਕੀਤਾ ਸੀ।

ਕੱਲ੍ਹ ਮੀਡੀਆ ਨੇ ਇਸ ਬਾਰੇ ਰਿਪੋਰਟ ਦਿੱਤੀ ਹੈ। ਪਾਕਿਸਤਾਨੀ ਵਰਕਰ ਅਤੇ ਬਲਾਗਰ ਗੋਰਾਇਆ ਨੇ ਫੇਸਬੁੱਕ ਉੱਤੇ ਪਾਕਿਸਤਾਨ ਦੀ ਫ਼ੌਜ ਦਾ ਮਜ਼ਾਕ ਉਡਾਇਆ ਸੀ ਅਤੇ ਉਸ ਦੇ ਵੱਲੋਂ ਕੀਤੇ ਜਾ ਰਹੇ ਮਨੁੱਖੀ ਅਧਿਕਾਰ ਉਲੰਘਣਾ ਦਾ ਵੇਰਵਾ ਵੀ ਦਿੱਤਾ ਸੀ। ਕ੍ਰਾਊਨ ਪ੍ਰਾਸਿਕਿਊਸ਼ਨ ਸਰਵਿਸ (ਸੀ ਪੀ ਐਸ) ਨੇ ਕਿੰਗਸਟਨ ਕ੍ਰਾਊਨ ਕੋਰਟ ਨੂੰ ਦੱਸਿਆ ਕਿ ਉਹ ਪਾਕਿ-ਸਤਾਨ ਦੀ ਸਰਕਾਰ ਦੀਆਂ ਸਰਗਰਮੀਆਂ ਦੇ ਖਿਲਾਫ਼ ਬੋਲਣ ਲਈ ਜਾਣੇ ਜਾਂਦੇ ਸਨ, ਇਸੇ ਕਾਰਨ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਤੇ ਕਤਲ ਕੀਤਾ ਗਿਆ ਹੈ।ਬੀ ਬੀ ਸੀ ਮੁਤਾਬਕ ਇਸ ਕਤਲ ਲਈ ਬ੍ਰਿਟਿਸ਼-ਪਾਕਿਸਤਾਨੀ ਹਿਟਮੈਨ ਮੁਹੰਮਦ ਗੋਹਿਰਾ ਖਾਨ ਨੂੰ ਇੱਕ ਲੱਖ ਪੌਂਡ ਦੀ ਪੇਸ਼ਕਸ਼ ਕੀਤੀ ਗਈ ਸੀ। ਮੁਜਾਮਿਲ ਉਰਫ ਮੁਦੱਜ ਨੇ ਹੁੰਡੀ ਰਾਹੀਂ ਉਸ ਨੂੰ 5000 ਪੌਂਡ ਦਿੱਤੇ ਸਨ। ਦਿ ਨਿਊਜ਼ ਇੰਟਰਨੈਸ਼ਨਲ ਨੇ ਕੋਰਟ ਨੂੰ ਦੱਸਿਆ ਕਿ ਮੁਦੱਜ ਨੇ ਪਾਕਿਸਤਾਨ ਦੇ ਇੱਕ ਲੋਕਲ ਨਿੱਜੀ ਬੈਂਕ ਵਿੱਚ ਮੁਹੰਮਦ ਅਮੀਨ ਆਸਿਫ ਨਾਂ ਦੇ ਵਿਅਕਤੀ ਦੇ ਖਾਤੇ ਵਿੱਚ ਪੰਜ ਹਜ਼ਾਰ ਪੌਂਡ ਜਮ੍ਹਾ ਕੀਤੇ ਸਨ। ਅਜੇ ਤਕ ਇਹ ਪਤਾ ਨਹੀਂ ਲੱਗਾ ਹੈ ਕਿ ਬੈਂਕ ਜਾਂ ਆਸਿਫ ਨੂੰ ਇਸ ਬਾਰੇ ਪਹਿਲਾਂ ਜਾਣਕਾਰੀ ਸੀ ਜਾਂ ਨਹੀਂ।

# 5 ਜੀ ਟੈਕਨਾਲੋਜੀ ਕਾਰਨ ਫਲਾਈਟਾਂ ਪ੍ਰਭਾਵਤ ਹੋਣ ਦਾ ਡਰ



ਸ਼ਿਕਾਗੋ, 20 ਜਨਵਰੀ (ਪੋਸਟ ਬਿਊਰੋ)- ਅਮਰੀਕੀ ਏਅਰਲਾਈਨਸ ਨੇ ਕਿਹਾ ਹੈ ਕਿ ਏਅਰਪੋਰਟ ਦੇ ਕਰੀਬ 5 ਜੀ ਟੈਕਨਾਲੋਜੀ ਦੀ ਵਰਤੋਂ ਕਰਨਾ ਖਤਰਨਾਕ ਅਸਰ ਪੈਦਾ ਕਰ ਸਕਦਾ ਹੈ।

ਇਸ ਸੰਬੰਧ ਵਿੱਚ ਕੰਪਨੀ ਨੇ ਕਿਹਾ ਹੈ ਕਿ ਇਸ ਕਾਰਨ ਜਹਾਜ ਦੇ ਆਲਟੀਟਿਊਡ (ਉਚਾਈ) ਨੂੰ ਨਾਪਣ ਦੀ ਸਮਰੱਥਾ ਪ੍ਰਭਾਵਤ ਹੋ ਸਕਦੀ ਹੈ। ਯੂਨਾਈਟਿਡ ਏਅਰਲਾਈਨਸ ਦੇ ਸੀ ਈ ਓ ਸਕਾਟ ਕਿਰਬੀ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਟੈਲੀਕਮਿਨੀਊਕੇਸ਼ਨ ਕੰਪਨੀਆਂ ਹਵਾਈ ਅੱਡਿਆਂ ਦੇ ਨੇੜੇ 5ਜੀ ਤਕਨੀਕ ਦੀ ਵਰਤੋਂ ਕਰਦੀਆਂ ਹਨ, ਤਾਂ ਉਨ੍ਹਾਂ ਦੇ ਆਪੇਰਸ਼ਨ ਉੱਤੇ ਖਤਰਨਾਕ ਅਸਰ ਹੋ ਸਕਦੇ ਹਨ। ਕੰਪਨੀ ਚਾਹੁੰਦੀ ਹੈ ਕਿ ਮਹੱਤਵਪੂਰਨ ਹਵਾਈ ਅੱਡਿਆਂ ਨੇੜੇ 5ਜੀ ਤਕਨੀਕ ਦੀ ਵਰਤੋਂ ਹਾਲੇ ਟਾਲ ਦਿੱਤੀ ਜਾਏ। ਏਅਰਲਾਈਨਸ ਅਤੇ ਜਹਾਜ਼ ਕੰਪਨੀਆਂ ਦੀ ਚਿਤਾਵਨੀ ਕਾਰਨ ਮੋਬਾਈਲ ਟੈਲੀਫੋਨ ਸਰਵਿਸ ਕੰਪਨੀ ਏ ਟੀ ਐਂਡ ਟੀ ਅਤੇ ਵੈਰੀਜ਼ੋਨ ਦੋ ਵਾਰ ਸੀ-ਬੈਂਡ 5ਜੀ ਸਰਵਿਸ ਦੀ ਲਾਂਚਿੰਗ ਟਾਲ ਚੁੱਕੀਆਂ ਹਨ। ਏਅਰਲਾਈਨਸ ਸੀ ਈ ਓ ਨੇ ਟਰਾਂਸਪੋਰਟ ਸੈਕਟਰੀ ਨੂੰ ਚੱਠੀ ਲਿਖ ਕੇ ਕਿਹਾ, 5ਜੀ ਨੂੰ ਏਅਰਪੋਰਟ ਰਨਵੇ ਤੋਂ ਦੋ ਮੀਲ ਦੂਰ ਸਥਾਪਤ ਕੀਤਾ ਜਾਏ। ਏਵੀਏਸ਼ਨ ਮਸ਼ੀਨਰੀ ਵਿੱਚ ਜ਼ਰੂਰੀ ਅਪਗ੍ਰੇਡ ਜਾਂ ਬਦਲਾਅ ਦੇ ਬਿਨਾਂ ਜੇ 5ਜੀ ਅਮਲ ਵਿੱਚ ਲਿਆਂਦਾ ਜਾਏ ਤਾਂ ਭਿਆਨਕ ਸਥਿਤੀ ਪੈਦਾ ਹੋ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਸਿੱਧੇ ਤੌਰ ਉੱਤੇ ਕਹੀਏ ਤਾਂ ਦੇਸ਼ ਦਾ ਕਾਰੋਬਾਰ ਰੁਕ ਜਾਏਗਾ।ਏਵੀਏਸ਼ਨ ਰੈਗੂਲੇਟਰੀ ਐਫ ਏ ਏ ਨੇ ਕਿਹਾ ਕਿ ਉਸ ਨੇ ਕੁਝ 5ਜੀ ਵਾਲੇ ਖੇਤਰਾਂ ਦੇ ਅੰਦਰ ਟ੍ਰਾਂਸਪੋਂਡਰ ਨੂੰ ਕੰਮ ਕਰਨ ਦੀ ਖੁੱਲ੍ਹ ਦਿੱਤੀ ਹੈ। 5ਜੀ ਸੀ ਬੈਂਡ ਤੋਂ ਪ੍ਰਭਾਵਤ ਹੋਣ ਵਾਲੇ 88 ਏਅਰਪੋਰਟਾਂ ਵਿੱਚੋਂ 48 ਨੂੰ ਹਰੀ ਝੰਡੀ ਦੇ ਦਿੱਤੀ ਹੈ। ਏਅਰਲਾਈਨਸ ਨੂੰ ਚਿੰਤਾ ਹੈ ਕਿ ਇਨ੍ਹਾਂ ਏਅਰਪੋਰਟ ਵਿੱਚ ਅਪ੍ਰਮਾਣਿਤ ਜੰਤਰਾਂ ਕਾਰਨ ਹਜ਼ਾਰਾਂ ਉਡਾਨਾਂ ਠੱਪ ਹੋ ਸਕਦੀਆਂ ਹਨ। ਯੂਨਾਈਟਿਡ ਏਅਰਲਾਈਨਸ ਨੇ ਬੀਤੇ ਦਿਨੀਂ ਕਿਹਾ, ਮੌਜੂਦਾ 5ਜੀ ਵਾਇਰਲੈਸ ਦੇ ਕਾਰਨ ਸਾਲ ਵਿੱਚ 15000 ਉਡਾਨਾਂ ਅਤੇ ਕਰੀਬ 13 ਲੱਖ ਯਾਤਰੀ ਪ੍ਰਭਾਵਤ ਹੋਣਗੇ।

# ਸੰਯੁਕਤ ਸਮਾਜ ਮੋਰਚੇ ਦੇ ਸੁਪੋਰਟ ਗਰੁੱਪ ਦੀ ਹੋਈ ਜ਼ੂਮ-ਮੀਟਿੰਗ

## ਪ੍ਰਸਿੱਧ ਸ਼ਖ਼ਸੀਅਤਾਂ ਨੇ ਕੀਤੀ ਸ਼ਮੂਲੀਅਤ ਅਤੇ ਏਜੰਡੇ 'ਤੇ ਹੋਈਆਂ ਭਰਪੂਰ ਵਿਚਾਰਾਂ

ਬਰੈਂਪਟਨ, (ਡਾ. ਝੰਡ) -ਪੰਜਾਬ ਵਿਚ ਫ਼ਰਵਰੀ ਮਹੀਨੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਨਾ ਕੇਵਲ ਕੈਨੇਡਾ ਦੇ ਘਣੀ ਪੰਜਾਬੀ ਵਸੋਂ ਵਾਲੇ ਸ਼ਹਿਰਾਂ ਬਰੈਂਪਟਨ ਅਤੇ ਸਰੀ ਵਿਚ ਹੀ ਕਾਫ਼ੀ ਚਰਚਾ ਹੈ, ਸਗੋਂ ਇਹ ਇਸ ਸਮੇਂ ਸਾਰੇ ਉੱਤਰੀ ਅਮਰੀਕਾ, ਇੰਗਲੈਂਡ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਦਿੱਲੀ ਦੀਆਂ ਬਰੂਹਾਂ 'ਤੇ ਸਾਲ ਤੋਂ ਵਧੇਰੇ ਚੱਲੇ ਕਿਸਾਨ ਮੋਰਚੇ ਦੀ ਇਨ੍ਹਾਂ ਦੇਸ਼ਾਂ ਵਿਚਲੇ ਪਰਵਾਸੀਆਂ ਵੱਲੋਂ ਭਰਪੂਰ ਹਮਾਇਤ ਕੀਤੀ ਗਈ ਸੀ ਅਤੇ ਹੁਣ ਕਿਸਾਨਾਂ ਦੀਆਂ 22 ਜੱਥੇਬੰਦੀਆਂ ਜਿਨ੍ਹਾਂ ਦੀ ਗਿਣਤੀ ਹੁਣ ਵੱਧ ਕੇ 25 ਹੋ ਗਈ ਹੈ, ਵੱਲੋਂ ਬਣਾਏ ਗਏ ਬਣਾਏ ਗਏ 'ਸੰਯੁਕਤ ਸਮਾਜ ਮੋਰਚੇ' ਨੂੰ ਪਰਵਾਸੀਆਂ ਵੱਲੋਂ ਚੰਗਾ ਹੁੰਗਾਰਾ ਮਿਲ਼ ਰਿਹਾ ਹੈ।

ਇੱਥੇ ਇਹ ਵਰਨਣਯੋਗ ਹੈ ਕਿ ਕਿਸਾਨਾਂ ਵਿਚ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ, ਕਿਉਂਕਿ ਕੇਂਦਰ ਸਰਕਾਰ ਵੱਲੋਂ ਐਲਾਨ ਕਰਨ ਦੇ ਬਾਵਜੂਦ ਵੀ ਅਜੇ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਗਈਆਂ ਜਿਨ੍ਹਾਂ ਵਿਚ ਐੱਮ.ਐੱਸ.ਪੀ. ਲਈ ਕਮੇਟੀ ਬਨਾਉਣਾ, ਅੰਦੋਲਨ ਦੌਰਾਨ ਕਿਸਾਨਾਂ ਉੱਪਰ ਦਰਜ ਕੀਤੇ ਗਏ ਝੂਠੇ ਕੇਸ ਵਾਪਸ ਲੈਣਾ, ਉੱਤਰ ਪ੍ਰਦੇਸ਼ ਵਿਚ ਲਖੀਮਪੁਰ ਖੀਰੀ ਘਟਨਾ ਦੇ ਦੋਸ਼ੀਆਂ ਨੂੰ ਉਚਿਤ ਸਜ਼ਾਵਾਂ ਦੇਣਾ ਅਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਨੂੰ ਮੰਤਰੀ-ਮੰਡਲ ਵਿੱਚੋਂ ਬਾਹਰ ਕੱਢਣਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹਨ।

ਸੰਯੁਕਤ ਸਮਾਜ ਮੋਰਚੇ ਦੀਂ ਹਮਾਇਤ ਕਰਨ ਲਈ ਗਠਿਤ ਕੀਤੇ ਗਏ ਸੁਪੋਰਟ ਗਰੁੱਪ ਦੀ ਲੰਘੇ ਸ਼ਨੀਵਾਰ ਜ਼ੂਮ ਮੀਟਿੰਗ ਹੋਈ ਜਿਸ ਵਿਚ 40 ਦੇ ਕਰੀਬ ਉੱਘੀਆਂ ਸ਼ਖਸੀਅਤਾਂ ਨੇ ਭਾਗ ਲਿਆ। ਗਰੁੱਪ ਦੇ ਟੋਰਾਂਟੋ ਖਿੱਤੇ ਦੇ ਕਨਵੀਨਰ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਜ਼ੂਮ-ਮੀਟਿੰਗ ਵਿਚ ਸ਼ਾਮਲ ਵਿਅੱਕਤੀਆਂ ਦੀ ਜਾਣ-ਪਛਾਣ ਕਰਵਾਉਣ ਤੋਂ ਬਾਅਦ ਬ੍ਰਿਟਿਸ਼ ਕੋਲੰਬੀਆ ਦੇ ਕਨਵੀਨਰ ਡਾ. ਇੰਦਰਜੀਨ ਸਿੰਘ ਮਾਨ ਨੂੰ ਮੀਟਿੰਗ ਦਾ ਏਜੰਡਾ ਪੇਸ਼ ਕਰਨ ਲਈ ਕਿਹਾ।

ਏਜੰਡੇ ਵਿਚ ਮੁੱਖ ਤੌਰ 'ਤੇ ਇਹ ਮੱਦਾਂ ਸ਼ਾਮਲ ਸਨ:

- ਪੰਜਾਬੀ ਪਰਵਾਸੀਆਂ ਨੂੰ ਨਿੱਜੀ ਪੱਧਰ 'ਤੇ ਸੰਪਰਕ ਕੀਤਾ ਜਾਏ ਜਿਸ ਵਿਚ ਉੱਤਰੀ ਅਮਰੀਕਾ ਤੋਂ ਖ਼ਾਸ ਕਰਕੇ ਔਰਤਾਂ, ਯੂਥ ਅਤੇ ਦਲਿਤ ਸ਼ਾਮਲ ਹੋਣ।
- ਗਰੁੱਪ ਨੂੰ ਉੱਤਰੀ ਅਮਰੀਕਾ ਤੋਂ ਅੱਗੇ ਯੌਰਪ, ਆਸਟ੍ਰੇਲੀਆ ਅਤੇ ਸੰਸਾਰ ਦੇ ਹੋਰ ਹਿੱਸਿਆਂ ਤੱਕ ਫੈਲਾਇਆ ਜਾਏ।
- ਮੋਰਚੇ ਦੀ ਹਮਾਇਤ ਲਈ ਠੋਸ ਸੁਝਾਅ ਦੇਣ ਬਾਰੇ, ਜਿਨ੍ਹਾਂ ਵਿਚ ਪੰਜਾਬ ਨੂੰ ਫ਼ੋਨ ਕਾਲਾਂ ਕਰਨਾ ਪ੍ਰਮੁੱਖ ਸਨ।

ਐੱਕਸ ਸਰਵਿਸ ਮੈੱਨ ਸੰਸਥਾ ਦੇ ਆਗੂ ਸੇਵਾ-ਮੁਕਤ ਬ੍ਰਿਗੇਡੀਅਰ ਨਵਾਬ ਸਿੰਘ ਹੀਰ ਨੇ ਇਹ ਗਰੁੱਪ ਸਥਾਪਿਤ ਕੀਤੇ ਜਾਣ 'ਤੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਹਾਜ਼ਰੀਨ ਨਾਲ ਇਹ ਜਾਣਕਾਰੀ ਸਾਂਝੀ ਕੀਤੀ ਕਿ 500 ਦੇ ਕਰੀਬ ਤਾਂ ਐੱਕਸ ਸਰਵਿਸ ਮੈਨ ਓਨਟਾਰੀਓ ਵਿਚ ਹੀ ਹਨ ਅਤੇ ਪੰਜਾਬ ਵਿਚ ਉਨ੍ਹਾਂ ਦੀ ਗਿਣਤੀ ਢਾਈ ਲੱਖ ਦੇ ਲੱਗਭੱਗ ਹੈ, ਜਦਕਿ 90,000 ਫ਼ੌਜੀ ਇਸ ਸਮੇਂ ਦੇਸ਼ ਦੀ ਰਾਖੀ ਦੀ ਡਿਊਟੀ ਨਿਭਾਅ ਰਹੇ ਹਨ। ਉਨ੍ਹਾਂ ਦੱਸਿਆ ਕਿ ਸੇਵਾ-ਮੁਕਤ ਫ਼ੌਜੀ ਬਿਨਾਂ ਸ਼ਰਤ ਮੋਰਚੇ ਦੀ ਹਮਾਇਤ 'ਤੇ ਆ ਗਏ ਹਨ ਅਤੇ ਇਨ੍ਹਾਂ ਵਿੱਚੋਂ ਕਈਆਂ ਨੂੰ ਟਿਕਟਾਂ ਦੇਣ ਦੀ ਸਲਾਹ ਵੀ ਸੰਯੁਕਤ ਸਮਾਜ ਮੋਰਚੇ ਨੂੰ ਦਿੱਤੀ ਗਈ ਹੈ। ਉਨ੍ਹਾਂ ਵੱਲੋਂ ਇਹ ਜਾਣਕਾਰੀ ਵੀ ਦਿੱਤੀ ਗਈ ਕਿ ਮੀਡੀਆਕਾਰ ਰਵਿੰਦਰ ਸਿੰਘ ਪੰਨੂ ਵੱਲੋਂ ਤਿਆਰ ਕੀਤੇ ਗਏ ਐਪ ਦੀ ਵਰਤੋਂ ਕਰਨ ਦੀ ਪੇਸ਼ਕਸ਼ ਦਿੱਤੀ ਗਈ ਹੈ। ਅਮਰੀਕਾ ਤੋਂ ਧਰਮ ਸਿੰਘ ਗੁਰਾਇਆ ਨੇ ਸਾਰੇ ਪਰਵਾਸੀਆਂ ਨੂੰ ਪਹੁੰਚ ਕਰਨ ਦੀ ਵਕਾਲਤ ਕੀਤੀ। ਕਿਰਤਮੀਤ ਕੋਹਾੜ ਨੇ ਵਜ਼ਾਹਤ ਕੀਤੀ ਕਿ ਇਹ ਮੋਰਚਾ ਹੈ, ਰਾਜਸੀ ਪਾਰਟੀ ਨਹੀਂ ਹੈ। ਸੁਖਜੀਤ ਹੀਰ ਦਾ ਵਿਚਾਰ ਸੀ ਕਿ ਸੰਯੁਕਤ ਕਿਸਾਨ ਮੋਰਚੇ ਦੀਆਂ ਪ੍ਰਾਪਤੀਆਂ ਨੂੰ ਵੋਟਾਂ ਵਿਚ ਬਦਲਣ ਦੀ ਲੋੜ ਹੈ। ਰਜਿੰਦਰ ਸਿੰਘ ਦੂਹੜੇ ਨੇ ਕਿਹਾ ਕਿ ਪਰਵਾਸੀਆਂ ਨਾਲ ਪਹਿਲਾਂ ਤੋਂ ਧੋਖਾ ਹੀ ਹੁੰਦਾ ਆਇਆ ਰਿਹਾ ਹੈ ਅਤੇ ਹੁਣ ਸੁਹਿਰਦ ਧਿਰ ਨੂੰ ਮੌਕਾ ਦੇਣ ਦਾ ਸੁਨਹਿਰੀ ਮੌਕਾ ਹੈ ਜੋ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕਰ ਸਕੇ। ਮਲਕੀਤ ਸਿੰਘ ਜਿੰਡੇਰ ਨੇ ਵਿਰੋਧੀ ਪ੍ਰਚਾਰ ਦਾ ਟਾਕਰਾ ਕਰਨ ਦੀ ਸਲਾਹ ਦਿੱਤੀ। ਅਵਤਾਰ ਸਿੰਘ ਬਰਾੜ ਨੇ ਪੰਜਾਬ ਦੇ ਪਿੰਡ-ਪਿੰਡ ਵਿਚ ਲੋਕਾਂ ਨਾਲ ਸੰਪਰਕ ਕਰਨ ਦਾ ਸੁਝਾਅ ਦਿੱਤਾ।

ਉੱਘੇ ਅਰਥ-ਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀਆਂ ਪ੍ਰਪਤੀਆਂ ਨੂੰ ਇਸ ਸੰਯੁਕਤ ਸਮਾਜ ਮੋਰਚੇ ਨਾਲ ਜੋੜਿਆ ਜਾਏ ਅਤੇ ਚੋਣਾਂ ਨਾ ਲੜਨ ਵਾਲੀਆਂ ਧਿਰਾਂ ਨਾਲ ਰਾਬਤਾ ਪੈਦਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸੰਯੁਕਤ ਸਮਾਜ ਮੋਰਚੇ ਦਾ ਏਜੰਡਾ ਕਾਫ਼ੀ ਹੱਦ ਤੀਕ ਸੰਯੁਕਤ ਕਿਸਾਨ ਮੋਰਚੇ ਦੇ ਵੇਲੇ ਤੋਂ ਹੀ ਬਣਿਆ ਹੋਇਆ ਹੈ। ਉਨ੍ਹਾ ਹੋਰ ਕਿਹਾ ਕਿ ਪ੍ਰਚਾਰ ਦੇ ਲਈ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਿਆ ਜਾਏ, ਅਖ਼ਬਾਰਾਂ ਵਿਚ ਇਸ ਦੇ ਬਾਰੇ ਲਿਖਿਆ ਜਾਏ ਅਤੇ ਆਧੁਨਿਕ ਤਕਨੀਕਾਂ ਵਰਤਦੇ ਹੋਏ ਵੀਡੀਓਜ਼ ਬਣਾ ਕੇ ਸੋਸ਼ਲ ਮੀਡੀਏ ਵਿਚ ਪਾਈਆਂ ਜਾਣ।

ਅਖ਼ੀਰ ਵਿਚ ਡਾ. ਇੰਦਰਜੀਤ ਸਿੰਘ ਮਾਨ ਨੇ ਵੱਖ-ਵੱਖ ਬੁਲਾਰਿਆਂ ਵੱਲੋਂ ਦਿੱਤੇ ਗਏ ਸੁਝਾਵਾਂ 'ਤੇ ਵਿਚਾਰ ਕਰਕੇ ਮੋਰਚੇ ਦੇ ਏਜੰਡੇ ਵਿਚ ਸ਼ਾਮਲ ਕਰਨ ਦਾ ਭਰੋਸਾ ਦਿਵ-ਾਇਆ। ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਸੱਭਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਦੱਸਿਆ ਗਿਆ ਕਿ ਇਸ ਗਰੁੱਪ ਦਾ ਘੇਰਾ ਦਿ-ਬਦਿਨ ਵੱਧਦਾ ਜਾ ਰਿਹਾ ਹੈ। ਗਰੁੱਪ ਨਾਲ ਸੰਪਰਕ ਕਰਨ ਅਤੇ ਹਰ ਕਿਸਮ ਦੀ ਜਾਣਕਾਰੀ ਲਈ ਡਾ. ਇੰਦਰਜੀਤ ਸਿੰਘ ਮਾਨ (604-725-5707), ਹਰਿੰਦਰਪਾਲ ਸਿੰਘ ਹੁੰਦਲ (647-818-6880), ਡਾ. ਕੰਵਲਜੀਤ ਕੌਰ ਢਿੱਲੋਂ (289-980-3255), ਨਿਰਮਲ ਸਿੰਘ ਢੀਂਡਸਾ (647-296-0106) ਅਤੇ ਪ੍ਰੋ. ਜਗੀਰ ਸਿੰਘ ਕਾਹਲੋਂ (647-533-8297) ਨਾਲ ਸੰਪਰਕ ਕੀਤਾ ਜਾ ਸਕਦਾ ਹੈ।




# ਵਾਅਨ ਵਿੱਚ ਹੋਏ ਹਾਦਸੇ ਵਿੱਚ ਤਿੰਨ ਜ਼ਖ਼ਮੀ

ਵਾਅਨ, 19 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਦੁਪਹਿਰ ਨੂੰ ਵਾਅਨ ਵਿੱਚ ਦੋ ਗੱਡੀਆਂ ਆਪਸ ਵਿੱਚ ਟਕਰਾ ਗਈਆਂ, ਜਿਸ ਕਾਰਨ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਯੌਰਕ ਰੀਜਨਲ ਪੁਲਿਸ ਨੇ ਦਿੱਤੀ।

ਹਾਦਸਾ ਸ਼ਾਮੀਂ 5:30 ਵਜੇ ਦੇ ਨੇੜੇ ਤੇੜੇ ਹਾਈਵੇਅ 7 ਦੇ ਦੱਖਣ ਵੱਲ ਹਾਈਵੇਅ 27 ਤੇ ਵੈਸਟ ਰੌਇਲ ਗੇਟ ਬੋਲੀਵੀਆਰਡ ਦੇ ਲਾਂਘੇ ਉੱਤੇ ਹੋਇਆ। ਪੁਲਿਸ ਨੇ ਦੱਸਿਆ ਕਿ ਤਿੰਨ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ, ਜਿਨ੍ਹਾਂ ਵਿੱਚੋਂ ਦੋ ਦੀ ਹਾਲਤ ਨਾਜ਼ੁਕ ਸੀ।



ਹਾਦਸੇ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਪੁਲਿਸ ਨੇ ਦੱਸਿਆ ਕਿ ਜਾਂਚ ਲਈ ਲਾਂਘੇ ਨੂੰ ਲੰਮੇਂ ਸਮੇਂ ਵਾਸਤੇ ਬੰਦ ਰੱਖਿਆ ਗਿਆ।

# 500 ਮੀਲ ਕਾਰ ਚਲਾ ਕੇ ਆਈ ਮਹਿਲਾ ਡਰਾਈਵਿੰਗ ਟੈਸਟ ਤੋਂ ਫੇਲ

ਲੰਡਨ, 20 ਜਨਵਰੀ (ਪੋਸਟ ਬਿਊਰੋ)- ਦੁਨੀਆ ਦੇ ਕਿਸੇ ਵੀ ਦੇਸ਼ ਵਿੱਚ ਗੱਡੀ ਚਲਾਉਣ ਲਈ ਕੁਝ ਨਿਯਮ ਹੁੰਦੇ ਹਨ। ਇਨ੍ਹਾਂ ਵਿੱਚ ਸਭ ਤੋਂ ਜ਼ਰੂਰੀ ਹੁੰਦਾ ਹੈ ਡਰਾਈਵਿੰਗ ਲਾਈਸੈਂਸ, ਜਿਸ ਨੂੰ ਬਣਵਾਉਣ ਲਈ ਕੁਝ ਟੈਸਟ ਪਾਸ ਕਰਨੇ ਹੁੰਦੇ ਹਨ, ਪਰ ਬ੍ਰਿਟੇਨ ਤੋਂ ਇੱਕ ਅਜੀਬੋ-ਗਰੀਬ ਕੇਸ ਪਤਾ ਲੱਗਾ ਹੈ, ਜਿੱਥੇ ਇੱਕ ਮਹਿਲਾ ਡਰਾਈਵਿੰਗ ਟੈਸਟ ਦੇ ਲਈ 500 ਮੀਲ ਕਾਰ ਚਲਾ ਕੇ ਆਈ, ਪਰ ਇਸ ਦੇ ਬਾਅਦ ਵੀ ਉਹ ਟੈਸਟ ਵਿੱਚ ਫੇਲ ਹੋ ਗਈ।

ਰਿਪੋਰਟ ਅਨੁਸਾਰ ਲੰਡਨ ਦੀ ਕਾਨਸਟੈਂਸ ਕਾਮਫਨਰ ਨੇ ਜਦੋਂ ਲੰਡਨ ਵਿੱਚ ਡਰਾਈਵਿੰਗ ਟੈਸਟ ਦਿੱਤਾ ਤਾਂ ਫੇਲ ਹੋ ਗਈ। ਇਸ ਦੇ ਬਾਅਦ ਉਸ ਨੇ ਬ੍ਰਿਟੇਨ ਦੇ ਸਭ ਤੋਂ ਆਸਾਨ ਡਰਾਈਵਿੰਗ ਲਾਈਸੈਂਸ ਦੀ ਭਾਲ ਕਰਨੀ ਸ਼ੁਰੂ ਕੀਤੀ। ਉਸ ਨੂੰ ਪਤਾ ਲੱਗਾ ਕਿ ਸਕਾਟਲੈਂਡ ਦੇ ਪੱਛਮੀ ਤੱਟ ਉੱਤੇ ਕੁਝ ਦੂਰ ਆਇਲ ਆਫ ਮੂਲ ਵਿੱਚ ਸੌਖਾ ਡਰਾਈਵਿੰਗ ਲਾਈਸੈਂਸ ਬਣਦਾ ਹੈ। ਇਸ ਮਹਿਲਾ ਨੇ ਉਥੇ ਜਾਣ ਦਾ ਫੈਸਲਾ ਲਿਆ ਤੇ ਖੁਦ ਡਰਾਈਵਿੰਗ ਕਰਕੇ ਕਰੀਬ 500 ਮੀਲ ਸਫਰ ਕੀਤਾ। ਲੰਡਨ ਵਿੱਚ ਛੇ ਵਾਰ ਡਰਾਈਵਿੰਗ ਲਾਈਸੈਂਸ ਟੈਸਟ ਵਿੱਚ ਫੇਲ ਹੋਣ ਪਿੱਛੋਂ ਉਹ 10 ਘੰਟੇ ਸਫਰ ਕਰਕੇ ਆਇਲ ਆਫ ਮੂਲ ਗਈ ਤਾਂ ਉਥੇ ਵੀ ਉਹ ਡਰਾਈਵਿੰਗ ਲਾਈਸੈਂਸ ਦੇ ਟੈਸਟ ਵਿੱਚ ਫੇਲ ਹੋ ਗਈ।

ਰਾਘਵ ਚੱਢਾ ਨੇ ਕਿਹਾ:

# ਕੇਜਰੀਵਾਲ ਦੇ ਘਰ ਈ ਡੀ ਦਾ ਛਾਪਾ ਪਿਆ ਤਾਂ 10 ਮਫਲਰ ਮਿਲੇ ਸੀ

ਚੰਡੀਗੜ੍ਹ, 20 ਜਨਵਰੀ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਕੋ-ਇੰਚਾਰਜ ਰਾਘਵ ਚੱਢਾ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਛਾਪੇ ਵਿੱਚ ਕਰੋੜਾਂ ਰੁਪਏ ਮਿਲਣ ਉੱਤੇ ਮੁੱਖਮੰਤਰੀ ਚਰਨਜੀਤ ਸਿੰਘ ਚੰਨੀ ਉੱਤੇ ਨਿਸ਼ਾਨਾ ਸੇਧਿਆ ਅਤੇ ਕਿਹਾ ਕਿ ਅਸੀਂ ਪਹਿਲਾਂ ਹੀ ਕਿਹਾ ਸੀ ਕਿ ਮੁੱਖ ਮੰਤਰੀ ਚੰਨੀ ਦੀ ਆਪਣੇ ਖੇਤਰ ਵਿੱਚ ਰੇਤ ਮਾਫੀਆ ਨੂੰ ਸਰਪ੍ਰਸਤੀ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਹੋਣ ਦਾ ਦਿਖਾਵਾ ਕਰਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਇਸਦਾ ਜਵਾਬ ਦੇਣ ਕਿ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਕੋਲ ਇਹ ਸਾਰੇ ਪੈਸੇ ਕਿਥੋਂ ਆਏ?



ਰਾਘਵ ਚੱਢਾ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਘਰ ਉੱਤੇਈ ਡੀ ਨੇ ਛਾਪਾ ਮਾਰਿਆ ਸੀ ਤਾਂ ਈ ਡੀ ਟੀਮ ਨੂੰ ਉਨ੍ਹਾਂ ਦੇ ਘਰ ਤੋਂ 10 ਮਫਲਰ ਮਿਲੇ ਸੀ। ਆਮ ਆਦਮੀ ਪਾਰਟੀ ਤੇ ਕਾਂਗਰਸ ਪਾਰਟੀ ਵਿੱਚਇਹ ਹੀ ਫਰਕ ਹੈ। ਰਾਘਵ ਚੱਢਾ ਨੇ ਸਵਾਲ ਕੀਤਾ ਕਿ ਇਸ ਕੇਸ ਉੱਤੇਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ਕਾਂਗਰਸ ਦੇ ਪੰਜਾਬ ਪ੍ਰਧਾਨ ਨਵਜੋਤ ਸਿੰਘ ਸਿੱਧੂ ਜਵਾਬ ਦੇਣ ਅਤੇ ਆਪਣਾ ਰੁਖ ਸਾਫ ਕਰਨ। ਉਨ੍ਹਾ ਕਿਹਾ ਕਿ ਅਜੇ ਈ ਡੀ ਦੀ ਰੇਡ ਖਤਮ ਨਹੀਂ ਹੋਈ, ਇਸ ਲਈ ਬਰਾਮਦ ਹੋਏ ਪੈਸੇ ਦੀ ਰਕਮ ਹੋਰ ਵਧੇਗੀ। ਉਨ੍ਹਾਂ ਨੇ ਕਿਹਾ ਕਿ ਕੁਝ ਦਿਨ ਪਹਿਲਾਂਉਨ੍ਹਾਂ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਚੋਣ ਹਲਕੇ ਚਮਕੌਰ ਸਾਹਿਬ ਵਿੱਚ ਨਾਜਾਇਜ਼ ਮਾਈਨਿੰਗ ਸਾਈਟ ਦਾ ਪਰਦਾਫਾਸ਼ ਕੀਤਾ ਅਤੇ ਕਿਹਾ ਸੀ ਕਿ ਇਸ ਇਲਾਕੇ ਵਿੱਚ ਰੇਤ ਮਾਫੀਆ ਖੁਦ ਚੰਨੀ ਦੀ ਸੁਰੱਖਿਆ ਵਿੱਚ ਚੱਲਦਾ ਹੈ। ਉਨ੍ਹਾਂ ਕਿਹਾ ਕਿ ਮੈਂ ਓਦੋਂ ਕਿਹਾ ਸੀ ਕਿ ਰੇਤ ਮਾਫੀਆ ਦਾ ਕਮਿਸ਼ਨ ਮੁੱਖ ਮੰਤਰੀ ਚੰਨੀ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਕੋਲ ਜਾਂਦਾ ਹੈ, ਪਰ ਓਦੋਂ ਚੰਨੀ ਨੇ ਸਾਨੂੰ ਬੁਰਾ-ਭਲਾ ਕਿਹਾ ਅਤੇ ਧਮਕੀ ਵੀ ਦਿੱਤੀ, ਪਰ ਸੱਚ ਲੋਕਾਂ ਦੇ ਸਾਹਮਣੇ ਆ ਗਿਆ ਹੈ।

# ਮਾਰ ਕੁੱਟ ਦਾ ਕੇਸ ਹਾਈ ਕੋਰਟ ਦੀ ਖਿਚਾਈ ਪਿੱਛੋਂ ਪੰਜ ਸਾਲ ਮਗਰੋਂ ਦਰਜ ਕੀਤਾ ਗਿਆ

ਲੁਧਿਆਣਾ, 20 ਜਨਵਰੀ (ਪੋਸਟ ਬਿਊਰੋ)- ਮਾਰਕੁੱਟ ਤੇ ਚੋਰੀ ਦੇ ਮਾਮਲੇ ਵਿੱਚ ਰਾਜਨੀਤਕ ਦਬਾਅ ਕਾਰਨ ਕੇਸ ਦਰਜ ਕਰਨ ਵਿੱਚ ਪੁਲਸ ਨੇ ਪੰਜ ਸਾਲ ਦਾ ਸਮਾਂ ਲਾ ਦਿੱਤਾ ਹੈ। ਪੁਲਸ ਵਿੱਚ ਕਾਰਵਾਈ ਨਾ ਹੁੰਦੇ ਦੇਖ ਕੇ ਸ਼ਿਕਾਇਤਕਰਤਾ ਨੇ ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ। ਜਦ ਅਦਾਲਤ ਨੇ ਖਿਚਾਈ ਕੀਤੀ ਤਾਂ ਪੁਲਸ ਨੇ ਦੋਸ਼ੀਆਂ ਖਿਲਾਫ ਕਾਰਵਾਈ ਕੀਤੀ ਅਤੇ ਕੇਸ ਦਰਜ ਕੀਤਾ ਹੈ।

ਪੁਲਸ ਨੇ ਇਸ ਬਾਰੇ ਢੋਕਾਂ ਮੁਹੱਲਾ ਦੇ ਰਹਿਣ ਵਾਲੇ ਜਗਜੀਤ ਸਿੰਘ, ਜਸਮੀਤ ਸਿੰਘ, ਸੁਨੀਲ ਓਬਰਾਏ, ਮਨੀ, ਧਰਮਪੁਰਾ ਵਾਸੀ ਰਾਜੂ ਓਬਰਾਏ, ਦੁਗਰੀ ਵਾਸੀ ਅਜੀਤ ਸਿੰਘ, ਰਾਮ ਨਗਰ, ਅਬੋਹਰ (ਫਾਜ਼ਿਲਕਾ) ਦੇ ਰਣਜੀਤ ਸਿੰਘ ਤੇ ਪਿੰਡ ਮਾਣੂਕੇ ਵਾਸੀ ਰੇਸ਼ਮ ਸਿੰਘ ਨੂੰ ਨਾਮਜ਼ਦ ਕੀਤਾ ਹੈ, ਪਰ ਅਜੇ ਕਿਸੇ ਦੋਸ਼ੀ ਦੀ ਗ੍ਰਿਫਤਾਰੀ ਨਹੀਂ ਹੋਈ। ਫਿਲਹਾਲ ਪੁਲਸ ਕੇਸ ਦੀ ਜਾਂਚ ਕਰ ਰਹੀ ਹੈ। ਸੈਕਟਰ-32, ਚੰਡੀਗੜ੍ਹ ਰੋਡ ਦੇ ਵਾਸੀ ਰੁਪਿੰਦਰ ਪਾਲ ਸਿੰਘ ਦਾ ਕਹਿਣਾ ਹੈ ਕਿ 23 ਦਸੰਬਰ 2017 ਨੂੰ ਦੋਸ਼ੀਆਂ ਨੇ ਉਸ ਨੂੰ ਢੋਕਾਂ ਮੁਹੱਲੇ ਵਿੱਚ ਬੁਲਾ ਕੇ ਉਸ ਨਾਲ ਬੁਰੀ ਤਰ੍ਹਾਂ ਮਾਰਕੁੱਟ ਕੀਤੀ ਤੇਉਸ ਦਾ ਬੈਗ ਖੋਹ ਲਿਆ ਸੀ, ਜਿਸ ਵਿੱਚ ਜ਼ਰੂਰੀ ਕਾਗਜ਼ਾਤ ਤੇ ਚੈਕ ਸਨ। ਉਨ੍ਹਾਂ ਲੋਕਾਂ ਨੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਅਤੇ ਫਰਾਰ ਹੋ ਗਏ। ਬਾਅਦ ਵਿੱਚ ਦੋਸ਼ੀਆਂ ਨੇ ਚੋਰੀ ਕੀਤੇ ਚੈਕਾਂ ਵਿੱਚੋਂ ਵੀਹ ਲੱਖ ਦੇ ਉਸ ਦੇ ਬੈਂਕ ਵਿੱਚ ਲਵਾ ਦਿੱਤੇ। ਇਸ ਬਾਰੇ ਉਸ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ। ਕਾਫੀ ਸਮਾਂ ਉਹ ਥਾਣੇ ਦੇ ਚੱਕਰ ਲਾਉਂਦਾ ਰਿਹਾ, ਪਰ ਕਿਸੇ ਨੇ ਸੁਣਵਾਈ ਨਾ ਕੀਤੀ ਤਾਂ ਉਸ ਨੇ ਇਸ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਸੀ।

# ਚੋਣਾਂ ਤੋਂ ਪਹਿਲਾਂ ਵਿਧਾਇਕਾਂ ਤੇ ਮੰਤਰੀਆਂ ਦੀਆਂ ਪੈਨਸ਼ਨਾਂ ਦਾ ਮਾਮਲਾ ਫਿਰ ਬਹਿਸ ਵਿੱਚ ਭਖਿਆ

ਜਲੰਧਰ, 20 ਜਨਵਰੀ (ਪੋਸਟ ਬਿਊਰੋ)- ਪੰਜਾਬ ਵਿੱਚ ਹਰ ਵਾਰ ਵਿਧਾਨ ਸਭਾ ਚੋਣਾਂ ਮੌਕੇ ਰਾਜਨੀਤਕ ਦਲਾਂ ਵਿੱਚ ਪੂਰਾ ਜੋਸ਼ ਹੁੰਦਾ ਹੈ ਤੇ ਸਾਰੇ ਦਲ ਵਿਰੋਧੀ ਨੂੰ ਹਰਾ ਕੇ ਸੱਤਾਹਾਸਲ ਕਰਨ ਲਈ ਹਰ ਯਤਨ ਕਰਦੇ ਹਨ। ਇਨ੍ਹਾਂ ਕੋਸ਼ਿਸ਼ਾਂ ਵਿੱਚ ਅਕਸਰ ਆਮ ਜਨਤਾ ਨਾਲ ਜੁੜੇ ਮੁੱਦਿਆਂ ਨੂੰ ਓਨੀ ਅਹਿਮੀਅਤ ਨਹੀਂ ਮਿਲਦੀ ਤੇ ਕੁਝ ਮੁੱਦਿਆਂ ਨਾਲ ਹੀ ਚੋਣਾਂ ਲੜੀਆਂ ਜਾਂਦੀਆਂ ਹਨ। ਪੰਜਾਬ ਵਿੱਚ ਪਿਛਲੀਆਂ ਕੁਝ ਚੋਣਾਂ ਵਿੱਚ ਡਰੱਗਸ ਤੇ ਬੇਦਅਬੀ ਦਾ ਮਾਮਲਾ ਖੂਬ ਉਛਾਲਿਆ ਜਾ ਰਿਹਾ ਹੈ ਅਤੇ ਅਜਿਹੇ ਕਈ ਹੋਰ ਮੁੱਦੇ ਵੀ ਚਰਚਾ ਦਾ ਵਿਸ਼ਾ ਬਣ ਰਹੇ ਹਨ।

ਇਸ ਦੌਰਾਨ ਪੰਜਾਬ ਵਿੱਚ ਇਸ ਸਮੇਂ ਇੱਕ ਮੁੱਦਾ ਆਮ ਲੋਕਾਂ ਦੀ ਜ਼ੁਬਾਨ ਉੱਤੇ ਹੈ, ਜੋ ਸ਼ਾਇਦ ਕਿਸੇ ਰਾਜਨੀਤਕ ਦਲ ਦੇ ਮੈਨੀਫੈਸਟੋ ਵਿੱਚ ਸ਼ਾਮਲ ਨਹੀਂ ਹੋਵੇਗਾ। ਪੰਜਾਬ ਦੇ ਪੈਨਸ਼ਨ ਸਿਸਟਮਬਾਰੇ ਸਭ ਰਾਜਨੀਤਕ ਪਾਰਟੀਆਂ ਚੁੱਪ ਹਨ। ਇਸ ਰਾਜ ਦੇ ਵਿਧਾਇਕਾਂ ਤੇ ਮੰਤਰੀਆਂ ਨੂੰ ਪੈਨਸ਼ਨ ਦੇਣ ਦੀ ਵੱਡੀ ਖੇਡ ਚੱਲਦੀ ਹੈ, ਜਿਸ ਬਾਰੇ ਸਾਰੀਆਂ ਸਰਕਾਰਾਂ ਖਾਮੋਸ਼ ਰਹੀਆਂ ਹਨ। ਪੈਨਸ਼ਨ ਦੀ ਇਸ ਖੇਡ ਵਿੱਚ ਕਈ ਵਿਧਾਇਕ ਦੋ ਤੋਂ ਤਿੰਨ ਪੈਨਸ਼ਨਾਂ ਸਰਕਾਰ ਤੋਂ ਲੈ ਰਹੇ ਹਨ ਤੇ ਇਹ ਸਿੱਧਾ ਸਰਕਾਰ ਦੇ ਖਜ਼ਾਨੇ ਉੱਤੇ ਬੋਝ ਹੈ।ਪੰਜਾਬ ਵਿੱਚ ਜਦੋਂ ਕੋਈ ਵਿਧਾਇਕ ਪੰਜ ਸਾਲ ਦਾ ਸਮਾਂ ਪੂਰਾ ਕਰਦਾ ਹੈ ਤਾਂ ਸਰਕਾਰ ਵੱਲੋਂ ਉਸ ਨੂੰ ਪੈਨਸ਼ਨ ਜਾਰੀ ਕਰਨ ਦਾ ਸਿਸਟਮ ਹੈ, ਜੇ ਉਹ ਵਿੱਚ ਦੁਬਾਰਾ ਜਿੱਤ ਕੇ ਆਉਂਦਾ ਹੈ ਤਾਂ ਉਸ ਨੂੰ ਪੈਨਸ਼ਨ ਨਹੀਂ ਮਿਲਦੀ, ਪਰ ਜਦੋਂ ਦੋ ਜਾਂ ਤਿੰਨ ਵਾਰ ਜਿੱਤ ਕੇ ਕਦੇ ਹਾਰ ਜਾਂਦਾ ਹੈ ਤਾਂ ਉਸ ਨੂੰ ਪੈਨਸ਼ਨ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਜਿੰਨਾ ਸਮਾਂ ਉਹ ਵਿਧਾਇਕ ਰਿਹਾ ਹੈ, ਉਸ ਨੂੰ ਉਨ੍ਹਾਂ ਸਾਰੀਆਂ ਵਾਰੀਆਂ ਦੀ ਪੈਨਸ਼ਨ ਦਿੱਤੀ ਜਾਂਦੀ ਹੈ। ਫਰਕ ਇੰਨਾ ਹੈ ਕਿ ਪਹਿਲੀ ਵਾਰ ਦੀ ਪੈਨਸ਼ਨ ਜੇ 25000 ਹੈ ਤਾਂ ਅਗਲੀ ਵਾਰੀ ਵਿੱਚ ਪੈਨਸ਼ਨ ਦੀ ਰਾਸ਼ੀ ਘੱਟ ਰਹਿੰਦੀ ਹੈ। ਕੋਈ ਆਮ ਨਾਗਰਿਕ ਜੇ ਸਰਕਾਰੀ ਨੌਕਰੀ ਕਰਦਾ ਹੈ ਤਾਂ ਰਿਟਾ-ਇਰ ਹੋਣ ਪਿੱਛੋਂ ਉਸ ਨੂੰ ਇੱਕੋ ਪੈਨਸ਼ਨ ਮਿਲਦੀ ਹੈ, ਪਰ ਮੰਤਰੀ ਜਾਂ ਵਿਧਾਇਕਾਂ ਨੂੰ ਜਿੰਨੀ ਵਾਰ ਉਹ ਵਿਧਾਇਕ ਰਹੇ ਹੋਣ, ਓਨੀ ਵਾਰ ਦੀ ਪੈਨਸ਼ਨ ਸਾਰੀ ਉਮਰ ਮਿਲਦੀ ਹੈ। ਵਿਧਾਇਕ ਇੱਕ ਪਾਸੇ ਕਹਿੰਦੇ ਹਨ ਕਿ ਉਹ ਸੇਵਾ ਕਰਨ ਲਈ ਰਾਜਨੀਤੀ ਵਿੱਚ ਆਏ ਹਨ, ਦੂਜੇ ਪਾਸੇ ਉਹ ਪੈਨਸ਼ਨ ਲੈ ਕੇ ਆਪਣੇ ਸੇਵਾ-ਭਾਵ ਨੂੰ ਖਤਮ ਕਰ ਰਹੇ ਹਨ। ਕਈ ਵਿਭਾਗਾਂਦੇ ਸਰਕਾਰੀ ਕਰਮਚਾਰੀਆਂ ਦੀ ਪੈਨਸ਼ਨ ਬੰਦ ਹੋ ਚੁੱਕੀ ਹੈ, ਇਸ ਦੇ ਬਾਵਜੂਦ ਕਈ ਵਿਧਾਇਕ ਤੇ ਮੰਤਰੀ ਅਜੇ ਵੀ ਪੈਨਸ਼ਨ ਲੈ ਰਹੇ ਹਨ।

# ਮੁਲਾਇਮ ਸਿੰਘ ਦੀ ਨੂੰਹ ਅਪਰਣਾ ਯਾਦਵ ਭਾਜਪਾ ’ਚ ਸ਼ਾਮਲ

ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਸਮਾਜਵਾਦੀ ਪਾਰਟੀ ਦੇ ਸਰਪ੍ਰਸਤ ਮੁਲਾਇਮ ਸਿੰਘ ਯਾਦਵ ਦੀ ਨੂੰਹ ਅਪਰਣਾ ਯਾਦਵ ਕੱਲ੍ਹ ਭਾਜਪਾ ਵਿੱਚ ਸ਼ਾਮਲ ਹੋ ਗਈ। ਉਸ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਹਮੇਸ਼ਾ ਪ੍ਰਭਾਵਤ ਰਹੀ ਹੈ। ਇਸ ਮੌਕੇ ਉਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਅਤੇ ਭਾਜਪਾ ਦੇ ਪ੍ਰਦੇਸ਼ ਪ੍ਰਧਾਨ ਸਵਤੰਤਰ ਦੇਵ ਸਿੰਘ ਵੀ ਹਾਜ਼ਰ ਸਨ। ਸੂਤਰਾਂ ਮੁਤਾਬਕ ਭਾਜਪਾ ਅਪਰਣਾ ਨੂੰ ਚੋਣ ਲੜਵਾ ਸਕਦੀ ਹੈ।

ਅਪਰਣਾ ਯਾਦਵ ਨੇ ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰਮੋਦੀ ਦੇ ਸੋਹਲੇ ਗਾਉਂਦਿਆਂ ਕਿਹਾ ਕਿ ਉਸ ਨੇ ਦੇਸ਼ ਹਿੱਤ ਨੂੰ ਹਮੇਸ਼ਾ ਪਹਿਲ ਦਿੱਤੀ ਹੈ। ਉਸ ਨੇ ਭਾਜਪਾ ਸਰਕਾਰ ਦੀਆਂ ਮਹਿਲਾ ਸ਼ਕਤੀਕਰਨ, ਸਵੱਛਤਾ ਤੇ ਰੁਜ਼ਗਾਰ ਸਮੇਤ ਕਈ ਯੋਜਨਾਵਾਂ ਦੀ ਵੀ ਸ਼ਲਾਘਾ ਕੀਤੀ। ਅਪਰਣਾ ਯਾਦਵ, ਮੁਲਾਇਮ ਸਿੰਘ ਯਾਦਵ ਦੀ ਦੂਜੀ ਪਤਨੀ ਦੇ ਪੁੱਤਰ ਪ੍ਰਤੀਕ ਯਾਦਵ ਨਾਲ ਵਿਆਹੀ ਹੋਈ ਹੈ ਤੇ ਸਮਾਜਵਾਦੀ ਪਾਰਟੀ ਦਾ ਪ੍ਰਧਾਨ ਅਖਿਲੇਸ਼ ਯਾਦਵ ਮੁਲਾਇਮ ਦੀ ਪਹਿਲੀ ਪਤਨੀ ਦਾ ਪੁੱਤਰ ਹੈ। ਯਾਦਵ ਪਰਵਾਰ ਵਿੱਚ ਤਰੇੜ ਓਦੋਂ ਆਈ, ਜਦੋਂ ਵਿਧਾਨ ਸਭਾ ਚੋਣਾਂ ਲਈ ਅਖਿਲੇਸ਼ ਯਾਦਵ ਆਪਣੀ ਪਾਰਟੀ ਦਾ ਆਧਾਰ ਵਧਾਉਣ ਲੱਗੇ ਹੋਏ ਹਨ ਅਤੇ ਚੋਣਾਂ ਸਿਰ ਉੱਤੇ ਹਨ।



ਡਿਪਟੀ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਨੇ ਅਖਿਲੇਸ਼ ਯਾਦਵ ਬਾਰੇ ਕਿਹਾ ਕਿ ਉਹ ਆਪਣੇ ਪਰਵਾਰ ਵਿੱਚ ਸਫਲ ਨਹੀਂ ਰਿਹਾ ਅਤੇ ਮੁੱਖ ਮੰਤਰੀ ਤੇ ਪਾਰਲੀਮੈਂਟ ਮੈਂਬਰ ਵਜੋਂ ਵੀ ਅਸਫਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਮਾਜਵਾਦੀ ਪਾਰਟੀ ਆਗੂ ਹਮੇਸ਼ਾ ਭਾਜਪਾ ਸਰਕਾਰ ਵੱਲੋਂ ਕਰਵਾਏ ਵਿਕਾਸ ਕਾਰਜਾਂ ਦਾ ਸਿਹਰਾ ਲੈਣ ਦਾ ਦਾਅਵਾ ਕਰਦੇ ਹਨ, ਪਰ ਉਸ ਵਿੱਚ ਇੰਨੀ ਹਿੰਮਤ ਨਹੀਂ ਕਿ ਉਹ ਕਿਸੇ ਵਿਕਸਤ ਕੀਤੀ ਗਈ ਥਾਂ ਤੋਂ ਚੋਣ ਲੜ ਸਕਣ। ਅਪਰਣਾ ਯਾਦਵ ਦੀ ਸ਼ਲਾਘਾ ਕਰਦਿਆਂ ਕੇਸ਼ਵ ਪ੍ਰਸਾਦ ਮੌਰੀਆ ਨੇ ਕਿਹਾ ਕਿ ਉਹ ਸਮੇਂ-ਸਮੇਂ ਉੱਤੇ ਵਿਚਾਰ ਪ੍ਰਗਟਾਉਂਦੀ ਰਹੀ ਹੈ, ਜਿਸ ਤੋਂ ਉਸ ਦੇ ਭਾਜਪਾ ਵੱਲ ਝੁਕਾਅ ਦਾ ਪਤਾ ਲੱਗਦਾ ਹੈ। ਪਾਰਟੀ ਵਿੱਚ ਆਉਣ ਪਿੱਛੋਂ ਅਪਰਣਾ ਨੇ ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ, ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅਤੇ ਹੋਰ ਅਹੁਦੇਦਾਰਾਂ ਨਾਲ ਬੈਠਕ ਕੀਤੀ। ਅਪਰਣਾ ਯਾਦਵ ਨੇ 2017 ਵਿੱਚ ਲਖਨਊ ਕੈਂਟ ਤੋਂ ਸਮਾਜਵਾਦੀ ਪਾਰਟੀ ਦੀ ਟਿਕਟ ਉੱਤੇ ਚੋਣ ਲੜੀ ਸੀ, ਪਰ ਭਾਜਪਾ ਦੀ ਰੀਟਾ ਬਹੁਗੁਣਾ (ਅੱਜ ਕੱਲ੍ਹ ਲੋਕ ਸਭਾ ਮੈਂਬਰ) ਤੋਂ ਹਾਰ ਗਈ ਸੀ।

ਓਧਰ ਸਮਾਜਵਾਦੀ ਪਾਰਟੀ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਹੈ ਕਿ ਪਾਰਟੀ ਸਰਪ੍ਰਸਤ ਮੁਲਾਇਮ ਸਿੰਘ ਯਾਦਵ ਨੇ ਆਪਣੀ ਨੂੰਹ ਅਪਰਣਾ ਯਾਦਵ ਨੂੰ ਮਨਾਉਣ ਦੀ ਪੂਰੀ ਕੋਸ਼ਿਸ਼ ਕੀਤੀ ਸੀ। ਅਖਿਲੇਸ਼ ਨੇ ਖੁਸ਼ੀ ਪ੍ਰਗਟਾਈ ਕਿ ਪਾਰਟੀ ਦੀ ਸਮਾਜਵਾਦੀ ਵਿਚਾਰਧਾਰਾ ਫੈਲ ਰਹੀ ਹੈ। ਉਨ੍ਹਾਂ ਕਿਹਾ ਕਿ ‘ਮੈਨੂੰ ਆਸ ਹੈ ਕਿ ਸਾਡੀ ਵਿਚਾਰਧਾਰਾ ਉਥੇ (ਭਾਜਪਾ) ਤੱਕ ਵੀ ਪਹੁੰਚੇਗੀ ਤੇ ਇਹ ਸੰਵਿਧਾਨ ਤੇ ਲੋਕਤੰਤਰ ਨੂੰ ਬਚਾਉਣ ਦਾ ਕੰਮ ਕਰੇਗੀ।' ਭਰਜਾਈ ਦੇ ਭਾਜਪਾ ਵਿੱਚ ਸ਼ਾਮਲ ਹੋਣ ਲਈ ਅਖਿਲੇਸ਼ ਨੇ ਅਪਰਣਾ ਨੂੰ ਸੁਭਕਾਮਨਾਵਾਂ ਦਿੱਤੀਆਂ। ਵਿਧਾਨ ਸਭਾ ਚੋਣ ਲੜਨ ਜਾਂ ਨਾ ਲੜਨ ਦੀਆਂ ਕਿਆਸਾਂ ਬਾਰੇ ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਆਪਣੇ ਹਲਕੇ ਆਜ਼ਮਗੜ੍ਹ ਦੇ ਲੋਕਾਂ ਨਾਲ ਵਿਚਾਰ ਵਟਾਂਦਰਾ ਕਰਨਗੇ।

# ਮਾਰੀਸ਼ਸ਼ ਸਰਕਾਰ ਵੱਲੋਂ ਹੈਲੀਕਾਪਟਰ ਬਾਰੇ ਭਾਰਤ ਦੀ ਐਚ ਏ ਐਲ ਨਾਲ ਸਮਝੌਤਾ

ਬੰਗਲੌਰ, 20 ਜਨਵਰੀ (ਪੋਸਟ ਬਿਊਰੋ)- ਹਿੰਦੁਸਤਾਨ ਐਰੋਨੋਟਿਕਸ ਲਿਮਟਿਡ ਨੇ ਮਾਰੀਸ਼ਸ਼ ਸਰਕਾਰ ਨਾਲ ਐਡਵਾਂਸਡ ਲਾਈਟ ਹੈਲੀਕਾਪਟਰ (ਏ ਐਲ ਐਚ ਐਮ ਕੇ-111) ਵੇਚਣ ਲਈ ਇੱਕ ਸਮਝੌਤੇ ਉੱਤੇਦਸਤਖਤ ਕੀਤੇ ਹਨ। ਮਾਰੀਸ਼ਸ਼ ਸਰਕਾਰ, ਜਿਹੜੀ ਐਚ ਏ ਐਲ ਵੱਲੋਂ ਬਣਾਏ ਜਹਾਜ਼ਾਂ ਦੀ ਵਰਤੋਂ ਪਹਿਲਾਂ ਹੀ ਕਰ ਰਹੀ ਹੈ, ਨੇ ਤਿੰਨ ਦਹਾਕਿਆਂ ਤੋਂ ਚੱਲ ਰਹੇ ਵਪਾਰਕ ਸਬੰਧਾਂ ਨੂੰ ਇਸ ਸਮਝੌਤੇ ਨਾਲ ਹੋਰ ਮਜ਼ਬੂਤ ਕੀਤਾ ਹੈ।



ਐੱਚ ਏ ਐੱਲ ਹੈਡਕੁਆਰਟਰ ਬੰਗਲੌਰ ਤੋਂ ਕੰਪਨੀ ਨੇ ਕੱਲ੍ਹ ਜਾਰੀ ਬਿਆਨ ਵਿੱਚ ਕਿਹਾ ਕਿ ਕਾਨਪੁਰ ਵਿੱਚ ਐਚ ਏ ਐਲ ਦੇ ਟਰਾਂਸਪੋਰਟ ਏਅਰਕਰਾਫਟ ਡਵੀਜ਼ਨ ਵਿੱਚ ਹੈਲੀਕਾਪਟਰ ਡਵੀਜ਼ਨ-ਐਚ ਏ ਐਲ ਦੇ ਜਨਰਲ ਮੈਨੇਜਰ ਬੀ ਕੇ ਤ੍ਰਿਪਾਠੀ ਅਤੇ ਮਾਰੀਸ਼ਸ਼ ਸਰਕਾਰ ਦੇ ਪ੍ਰਧਾਨ ਮੰਤਰੀ ਦਫਤਰ ਦੇ ਗ੍ਰਹਿ ਮਾਮਲਿਆਂ ਦੇ ਸੈਕਟਰੀ ਓ ਕੇ ਦਾਬਿਦੀਨ ਨੇ ਇਸ ਸਮਝੌਤੇ ਉਤੇ ਦਸਤਖਤ ਕੀਤੇ ਹਨ। ਐਚ ਏ ਐਲ ਅਨੁਸਾਰ ਐਚ ਏ ਐਲ ਐਮ ਕੇ-3 5.5 ਟਨ ਦੀ ਕਲਾਸ ਵਿੱਚ ਇੱਕ ਮਲਟੀ-ਰੋਲ, ਮਲਟੀ-ਮਿਸ਼ਨ ਮੁਖੀ ਹੈਲੀਕਾਪਟਰ ਹੈ। ਇਸ ਨੇ ਭਾਰਤ ਤੇ ਵਿਦੇਸ਼ਾਂ ਵਿੱਚ ਕੁਦਰਤੀ ਆਫਤਾਂ ਦੌਰਾਨ ਜੀਵਨ ਬਚਾਉਣ ਦੇ ਕਈ ਮਿਸ਼ਨਾਂ ਵਿੱਚ ਆਪਣੀ ਯੋਗਤਾ ਸਾਬਤ ਕੀਤੀ ਹੈ। ਅਜੇ 335 ਤੋਂ ਵੱਧ ਏ ਐਚ ਐਲ ਤਿਆਰ ਕੀਤੇ ਗਏ ਹਨ। ਇਹ ਵੀ ਕਿਹਾ ਗਿਆ ਹੈ ਕਿ ਐਚ ਏ ਐਲ ਹੈਲੀਕਾਪਟਰ ਦੀ ਚੰਗੀ ਸੇਵਾਯੋਗਤਾ ਨੂੰ ਯਕੀਨੀ ਬਣਾਉਣ ਲਈ ਗਾਹਕ ਨੂੰ ਤਕਨੀਕੀ ਸਹਾਇਤਾ ਅਤੇ ਉਤਪਾਦ ਸਹਾਇਤਾ ਵੀ ਯਕੀਨੀ ਬਣਾਉਂਦਾ ਹੈ।

# ਪ੍ਰੋਟੈਕਸ਼ਨ ਦੀ ਮੰਗ ਤੋਂ ਪਹਿਲਾਂ ਜਾਇਦਾਦ ਤੇ ਆਮਦਨ ਦੱਸਣੀ ਹੋਵੇਗੀ: ਹਾਈ ਕੋਰਟ

***ਲਿਵ ਇਨ ਵਿੱਚ ਰਹਿੰਦੇ ਸ਼ਾਦੀ ਸ਼ੁਦਾ ਜੋੜੇ ਬੱਚਿਆਂ ਦੇ ਪਾਲਣ ਬਾਰੇ ਦੱਸਣ**

ਚੰਡੀਗੜ੍ਹ, 20 ਜਨਵਰੀ (ਪੋਸਟ ਬਿਊਰੋ)- ਦੂਸਰਾ ਵਿਆਹ ਜਾਂ ਵਿਆਹ ਪਿੱਛੋਂ ਲਿਵ ਇਨ ਰਿਲੇਸ਼ਨਸ਼ਿਪ ਵਿੱਚ ਰਹਿੰਦੇਲੋਕਾਂ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਤੋਂ ਪ੍ਰੋਟੈਕਸ਼ਨ ਦੇ ਲਈ ਮੰਗ ਕਰਨ ਤੋਂ ਪਹਿਲਾਂ ਆਪਣੇ ਨਾਬਾਲਗ ਬੱਚਿਆਂ ਦੀ ਦੇਖਭਾਲ ਅਤੇ ਚੱਲ ਅਚੱਲ ਜਾਇਦਾਦ ਦੇ ਨਾਲ ਆਪਣੀ ਆਮਦਨ ਦੀ ਜਾਣਕਾਰੀ ਵੀ ਦੇਣੀ ਹੋਵੇਗੀ। ਜੇ ਇਹ ਜਾਣਕਾਰੀ ਹਾਈ ਕੋਰਟ ਨੂੰ ਨਾ ਦਿੱਤੀ ਤਾਂ ਪ੍ਰੋਟੈਕਸ਼ਨ ਦੀ ਮੰਗ ਦੀ ਅਰਜ਼ੀ ਉੱਤੇ ਸੁਣਵਾਈ ਲਈ ਹਾਈ ਕੋਰਟ ਦਾ ਪ੍ਰਸ਼ਾਸਨਿਕ ਸੈਲ ਇਤਰਾਜ਼ ਕਰੇਗਾ। ਇਸ ਲਈ ਪ੍ਰੋਟੈਕਸ਼ਨ ਦੀ ਮੰਗ ਵਾਲੀ ਅਰਜ਼ੀ ਉੱਤੇ ਸੁਣਵਾਈ ਨਹੀਂ ਹੋਵੇਗੀ।




ਹਾਈ ਕੋਰਟ ਦੇ ਆਨ ਸਪੈਸ਼ਲ ਡਿਊਟੀ ਓ ਐਸ ਡੀ ਜੁਡੀਸ਼ੀਅਲ ਨੇ ਨੋਟਿਸ ਜਾਰੀ ਕਰ ਕੇ ਦੱਸਿਆ ਹੈ ਕਿ ਹਾਈ ਕੋਰਟ ਵਿੱਚ ਪ੍ਰੋਟੈਕਸ਼ਨ ਲਈ ਅਰਜ਼ੀ ਪੇਸ਼ ਕਰਨ ਵਾਲਿਆਂ ਨੂੰ ਇਹ ਜਾਣਕਾਰੀ ਦੇਣੀ ਹੋਵੇਗੀ। ਲਿਵ ਇਨ ਰਿਲੇਸ਼ਨਸ਼ਿਪ ਵਿੱਚ ਰਹਿਣ ਵਾਲਿਆਂ ਜਾਂ ਪਹਿਲਾਂ ਵਿਆਹ ਕਰ ਚੁੱਕੇ ਜੋੜੇ ਜੋ ਪ੍ਰੋਟੈਕਸ਼ਨ ਦੀ ਮੰਗ ਕਰਦੇ ਹਨ, ਉਨ੍ਹਾਂ ਨੂੰ ਆਪਣੇ ਪਹਿਲੇ ਵਿਆਹ ਤੋਂ ਹੋਏ ਨਾਬਾਲਗ ਬੱਚਿਆਂ ਦੀ ਮੌਜੂਦਾ ਸਥਿਤੀ ਦੇ ਨਾਲ ਦੱਸਣਾ ਹੋਵੇਗਾ ਕਿ ਬੱਚਿਆਂ ਦੀ ਸਿੱਖਿਆ ਤੇ ਦੇਖਭਾਲ ਕਿੱਦਾਂ ਹੋਵੇਗੀ। ਜਸਟਿਸ ਅਰਵਿੰਦ ਸਿੰਘ ਸਾਂਗਵਾਨ ਨੇ ਇਸ ਬਾਰੇ ਇੱਕ ਫੈਸਲੇ ਵਿੱਚਕਿਹਾ ਸੀ ਕਿ ਅਦਾਲਤਾਂ ਡਾਕ ਵਿਭਾਗ ਨਹੀਂ ਹਨ, ਜੋ ਪ੍ਰੋਜੈਕਸ਼ਨ ਦੀਆਂ ਅਰਜ਼ੀਆਂ ਨੂੰ ਪੁਲਸ ਨੂੰ ਕਾਰਵਾਈ ਲਈ ਭੇਜ ਦੇਣ।ਹਾਈ ਕੋਰਟ ਵਿੱਚ ਇਸ ਸਮੇਂ ਪ੍ਰੋਟੈਕਸ਼ਨ ਦੀ ਮੰਗ ਬਾਰੇ ਬਹੁਤ ਅਰਜ਼ੀਆਂ ਆ ਰਹੀਆਂ ਹਨ। ਇਨ੍ਹਾਂ ਵਿੱਚ ਵਿਆਹ ਪਿੱਛੋਂ ਲਿਵ ਇਨ ਰਿਲੇਸ਼ਨਸ਼ਿਪ ਵਿੱਚ ਰਹਿੰਦੇ ਲੋਕਾਂ ਦੀਆਂ ਅਰਜ਼ੀਆਂ ਵੱਧ ਹਨ। ਹਾਈ ਕੋਰਟ ਨੇ ਪ੍ਰੋਟੈਕਸ਼ਨ ਦੀ ਮੰਗ ਤੋਂ ਪਹਿਲਾਂ ਇਨ੍ਹਾਂ ਜੋੜਿਆਂ ਤੋਂ ਉਨ੍ਹਾਂ ਦੇ ਬੱਚਿਆਂ ਦੀ ਦੇਖਭਾਲ ਕਰਨ ਅਤੇ ਇਨਕਮ ਤੇ ਜਾਇਦਾਦ ਦੀ ਜਾਣਕਾਰੀ ਦੇਣ ਦੀ ਸ਼ਰਤ ਲਗਾਈ ਹੈ।



# ਨਵੇਂ ਸਾਲ ਮੌਕੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਨੇ ਜ਼ੂਮ ਮਾਧਿਅਮ ਰਾਹੀਂ ਕਰਵਾਇਆ ਅੰਤਰ-ਰਾਸ਼ਟਰੀ ਕਵੀ-ਦਰਬਾਰ

## ਕੈਨੇਡਾ ਦੇ ਕਈ ਸ਼ਹਿਰਾਂ ਤੋਂ ਇਲਾਵਾ ਭਾਰਤ, ਪਾਕਿਸਤਾਨ, ਅਮਰੀਕਾ ਅਤੇ ਇੰਗਲੈਂਡ ਤੋਂ ਕਵੀਆਂ ਨੇ ਕੀਤੀ ਭਰਪੂਰ ਸ਼ਮੂਲੀਅਤ








ਬਰੈਂਪਟਨ, (ਡਾ. ਝੰਡ) -ਨਵੇਂ ਸਾਲ 2022 ਨੂੰ ਨਿੱਘੀ 'ਜੀ-ਆਇਆਂ' ਆਖਣ ਲਈ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਅੰਤਰ-ਰਾਸ਼ਟਰੀ ਕਵੀ-ਦਰਬਾਰ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਤੋਂ ਇਲਾਵਾ ਅਮਰੀਕਾ, ਇੰਗਲੈਂਡ, ਭਾਰਤ ਅਤੇ ਪਾਕਿਸਤਾਨ ਤੋਂ ਕਈ ਕਵੀਆਂ ਤੇ ਕਵਿੱਤਰੀਆਂ ਨੇ ਸ਼ਿਰਕਤ ਕੀਤੀ। ਲੱਗਭੱਗ ਤਿੰਨ ਘੰਟੇ ਚੱਲੇ ਇਸ ਕਵੀ-ਦਰਬਾਰ ਵਿਚ ਨਵੇਂ ਸਾਲ ਦੀ ਸ਼ੁਭ-ਆਮਦ, ਲੋਹੜੀ, ਮਾਘੀ ਅਤੇ ਹੋਰ ਸਮਾਜਿਕ ਵਿਸ਼ਿਆਂ ਨਾਲ ਜੁੜੀਆਂ ਰਚਨਾਵਾਂ ਸਾਂਝੀਆਂ ਕੀਤੀਆਂ ਗਈਆਂ।

ਨਵੇਂ ਸਾਲ ਦੀ ਮੁਬਾਰਕਬਾਦ ਸਾਂਝੀ ਕਰਦਿਆਂ ਹੋਇਆਂ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਕਵੀ-ਦਰਬਾਰ ਵਿਚ ਸ਼ਮੂਲੀਅਤ ਕਰਨ ਵਾਲੇ ਸ਼ਾਇਰਾਂ, ਮੈਂਬਰਾਂ ਤੇ ਮਹਿਮਾਨਾਂ ਦਾ ਬੜੇ ਭਾਵਪੂਰਤ ਸ਼ਬਦਾਂ ਨਾਲ ਸੁਆਗਤ ਕੀਤਾ ਗਿਆ। ਉਪਰੰਤ, ਕਵੀ-ਦਰਬਾਰ ਦੇ ਸੰਚਾਲਕ ਪਰਮਜੀਤ ਢਿੱਲੋਂ ਵੱਲੋਂ ਸੱਭ ਤੋਂ ਪਹਿਲਾਂ ਨਿਆਗਰਾ-ਵਾਸੀ ਨਿਰਵੈਰ ਸਿੰਘ ਅਰੋੜਾ ਜੋ ਇਨ੍ਹੀਂ ਦਿਨੀਂ ਪੰਜਾਬ ਫੇਰੀ 'ਤੇ ਹਨ, ਨੂੰ ਕਵਿਤਾ ਸੁਨਾਉਣ ਲਈ ਕਿਹਾ ਜਿਨ੍ਹਾਂ ਨੇ ਸੁਰਜੀਤ ਪਾਤਰ ਦੀ ਮਾਘੀ ਨਾਲ ਸਬੰਧਿਤ ਪ੍ਰਸਿੱਧ ਰਚਨਾ 'ਬੇਦਾਵਾ' ਪੇਸ਼ ਕੀਤੀ। ਨਵੇਂ ਸਾਲ ਨੂੰ ਜੀ-ਆਇਆਂ ਕਹਿੰਦੀਆਂ ਹੋਈਆਂ ਕਵਿਤਾਵਾਂ ਸੁਖਦੇਵ ਸਿੰਘ ਝੰਡ, ਜਗਮੋਹਨ ਸਿੰਘ ਸੰਘਾ ਤੇ ਪਰਮਜੀਤ ਸਿੰਘ ਗਿੱਲ ਵੱਲੋਂ ਸੁਣਾਈਆਂ ਗਈਆਂ। ਇਕਬਾਲ ਬਰਾੜ ਵੱਲੋਂ ਆਪਣੀ ਖ਼ੂਬਸੂਰਤ ਆਵਾਜ਼ ਵਿਚ ਅਨੰਤ ਕੌਰ ਦਾ ਲਿਖਿਆ ਗੀਤ "ਆਇਆ ਹੱਸਦਾ ਹਸਾਉਂਦਾ ਨਵਾਂ ਸਾਲ" ਪੇਸ਼ ਕੀਤਾ ਗਿਆ ਅਤੇ ਪਰਮਜੀਤ ਗਿੱਲ ਵੱਲੋਂ ਸ਼ਿਵ ਕੁਮਾਰ ਬਟਾਲਵੀ ਦਾ ਗੀਤ "ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ" ਸੁਣ-ਾਇਆ ਗਿਆ। ਗਿਆਨ ਸਿੰਘ ਦਰਦੀ ਅਤੇ ਕੈਲਗਰੀ ਤੋਂ ਗੁਰਦੀਸ਼ ਗਰੇਵਾਲ ਵੱਲੋਂ ਲੋਹੜੀ ਨਾਲ ਸਬੰਧਿਤ ਰਚਨਾਵਾਂ ਪੇਸ਼ ਕੀਤੀਆਂ ਗਈਆਂ ਜਿਨ੍ਹਾਂ ਵਿਚ ਧੀਆਂ ਦੀ ਲੋਹੜੀ ਮਨਾਉਣ ਦਾ ਵਿਸ਼ੇਸ਼ ਜ਼ਿਕਰ ਸੀ।

ਸਭਾ ਦੇ ਸਰਗ਼ਰਮ ਮੈਂਬਰ ਮਕਸੂਦ ਚੌਧਰੀ ਦੇ ਯਤਨਾਂ ਨਾਲ ਪਾਕਿਸਤਾਨ ਤੋਂ ਜਨਾਬ ਅਬਦੁਲ ਹਮੀਦ, ਨਦੀਮ ਅਫ਼ਜ਼ਲ, ਮੋਹਤਰਿਮਾ ਬਖ਼ਤਾਵਰ ਸ਼ਾਹ, ਜਸੀਮ ਅਲੀ ਅਤੇ ਨਜਮਾ ਅਲੀ ਨੇ ਕਵੀ-ਦਰਬਾਰ ਵਿਚ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਆਪਣੀਆਂ ਉਰਦੂ ਤੇ ਪੰਜਾਬੀ ਗ਼ਜ਼ਲਾਂ ਤੇ ਕਵਿਤਾਵਾਂ ਨਾਲ ਚੰਗਾ ਰੰਗ ਬੰਨ੍ਹਿਆਂ। ਨਦੀਮ ਅਫ਼ਜ਼ਲ ਦੀ ਠੇਠ ਲਾਹੌਰੀ ਪੰਜਾਬੀ ਅੰਦਾਜ਼ ਵਿਚ ਹਾਸਰਸ-ਕਵਿਤਾ 'ਕੜਾਕੇ ਕੱਢ ਦਿੱਤੇ' ਅਤੇ ਬਖ਼ਤਾਵਰ ਸ਼ਾਹ ਦੀਆਂ ਉਰਦੂ ਤੇ ਪੰਜਾਬੀ ਵਿਚ ਨਜ਼ਮਾਂ ਨੇ ਮਾਹੌਲ ਨੂੰ ਹੋਰ ਵੀ ਰੰਗੀਨ ਬਣਾ ਦਿੱਤਾ। ਭਾਰਤ ਦੇ ਵੱਖ-ਵੱਖ ਸ਼ਹਿਰਾਂ ਤੋਂ ਉਚੇਚੇ ਤੌਰ 'ਤੇ ਸ਼ਮੂਲੀਅਤ ਕਰਦਿਆਂ ਹੋਇਆਂ ਪ੍ਰਸਿੱਧ ਕਵਿੱਤਰੀ ਸੁਲਤਾਨਾ ਬੇਗ਼ਮ, ਡਾ. ਰਵਿੰਦਰ ਕੌਰ ਭਾਟੀਆ, ਇੰਗਲੈਂਡ ਤੋਂ ਜਸਮੇਰ ਸਿੰਘ ਲਾਲ ਦੀ ਕਵਿਤਾ "ਸੱਜਣ ਜੀ, ਤੁਸੀਂ ਘਰ ਨੂੰ ਆ ਜਾਇਓ", ਅਮਰੀਕਾ ਤੋਂ ਅਨੰਤ ਕੌਰ ਦੀ ਗ਼ਜ਼ਲ ਅਤੇ ਤਰੰਨਮ ਵਿਚ ਗਾਏ ਹੋਏ ਟੱਪੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਗਏ।

ਗਾਇਕਾ ਰਿੰਟੂ ਭਾਟੀਆ ਨੇ ਆਪਣੀ ਸੁਰੀਲੀ ਆਵਾਜ਼ ਵਿਚ ਸਫ਼ਦਰ ਹਾਸ਼ਮੀ ਦੀ ਗ਼ਜ਼ਲ "ਆਜ ਜਾਨੇ ਕੀ ਜ਼ਿਦ ਨਾ ਕਰੋ" ਤਰੰਨਮ ਵਿਚ ਗਾ ਕੇ ਆਪਣੀ ਗਾਇਕੀ ਦਾ ਖ਼ੂਬਸੂਰਤ ਮੁਜ਼ਾਹਰਾ ਕੀਤਾ। ਪਿਆਰਾ ਸਿੰਘ ਕੁੱਦੋਵਾਲ ਦੀ ਕਵਿਤਾ 'ਤੜਪ', ਤਲਵਿੰਦਰ ਮੰਡ ਦੀ 'ਨਜ਼ਮ' ਅਤੇ ਮਲੂਕ ਸਿੰਘ ਕਾਹਲੋਂ ਦੀ 'ਪੰਜਾਬ ਵਿਚ ਚੋਣਾਂ' ਵਧੀਆ ਰਹੀਆਂ। ਕਰਨ ਅਜਾਇਬ ਸਿੰਘਾ, ਮਕਸੂਦ ਚੌਧਰੀ ਅਤੇ ਬਲਜੀਤ ਭਲੂਰੀਆ ਦੀਆਂ ਕਵਿਤਾਵਾਂ ਵੀ ਕਾਫ਼ੀ ਰੌਚਕ ਸਨ। ਪਰਮਜੀਤ ਢਿੱਲੋਂ ਦਾ ਗੀਤ "ਚਿੰਤਾ ਹੁੰਦੀ ਚਿਖ਼ਾ ਬਰੋਬਰ ਸਾਰੀ ਦੁਨੀਆਂ ਕਹਿੰਦੀ" ਸਰੋਤਿਆਂ ਉੱਪਰ ਵਧੀਆ ਪ੍ਰਭਾਵ ਛੱਡ ਗਿਆ ਜਿਸ ਦੀ ਪਾਕਿਸਤਾਨੀ ਮਹਿਮਾਨਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਰਾਹਨਾ ਕੀਤੀ ਗਈ। ਸਰੋਤਿਆਂ ਵਿਚ ਰਾਜ ਕੁਮਾਰ ਓਸ਼ੋਰਾਜ, ਪੁਸ਼ਪਿੰਦਰ ਜੋਸਣ, ਹਰਜਸਪ੍ਰੀਤ ਗਿੱਲ, ਹਰਦਿਆਲ ਝੀਤਾ, ਇੰਜੀ. ਈਸ਼ਰ ਸਿੰਘ ਤੇ ਕਈ ਹੋਰ ਸ਼ਾਮਲ ਸਨ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਪਰਮਜੀਤ ਢਿੱਲੋਂ ਵੱਲੋਂ ਬਾਖ਼ੂਬੀ ਨਿਭਾਈ ਗਈ ਅਤੇ ਇਸ ਜ਼ੂਮ ਸਮਾਗ਼ਮ ਦਾ ਤਕਨੀਕੀ ਪੱਖ ਡਾ. ਜਗਮੋਹਨ ਸੰਘਾ ਨੇ ਵਧੀਆ ਢੰਗ ਨਾਲ ਸੰਭਾਲਿਆ।

ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਸਾਰੇ ਕਵੀਆਂ-ਕਵਿੱਤਰੀਆਂ ਅਤੇ ਮਹਿਮਾਨਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਸਮਾਗ਼ਮ ਵਿਚ ਵੱਖ-ਵੱਖ ਦੇਸ਼ਾਂ ਤੋਂ ਜੁੜੇ ਕਵੀਆਂ-ਕਵਿੱਤਰੀਆਂ ਨਾਲ ਇਹ ਖ਼ੂਬਸੂਰਤ ਗੁਲਦਸਤਾ ਬਣ ਗਿਆ ਹੈ ਅਤੇ ਨਵੇਂ ਸਾਲ ਦਾ ਸੁਆਗ਼ਤ ਕਰਨ ਲਈ ਇਹ ਵਿਸ਼ੇਸ਼ ਕਵੀ-ਦਰਬਾਰ ਇਕ ਸ਼ਾਨਦਾਰ ਅੰਤਰ-ਰਾਸ਼ਟਰੀ ਕਵੀ-ਦਰਬਾਰ ਹੋ ਨਿਬੜਿਆ ਹੈ। ਇਸ ਵਿਚ ਸ਼ਾਮਲ ਹੋਣ ਵਾਲੇ ਸਾਰੇ ਪ੍ਰਬੰਧਕ, ਮੈਂਬਰ ਤੇ ਮਹਿਮਾਨ ਇਸ ਦੇ ਲਈ ਵਧਾਈ ਦੇ ਪਾਤਰ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769










## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)




## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569567850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com









# ਫਿਲਮੀ ਦੁਨੀਆ

## ਮੈਂ ਅੱਜ ਕੱਲ੍ਹ ਕਾਫੀ ਚਰਚਾ ਵਿੱਚ ਹਾਂ : ਜੈਕਲਿਨ ਫਰਨਾਂਡੀਜ਼

ਬਾਲੀਵੁੱਡ ਅਭਿਨੇਤਰੀ ਜੈਕਲੀਨ ਫਰਨਾਂਡੀਜ਼ ਦੀ ਫਿਟਨੈਸ ਗਜਬ ਦੀ ਹੈ। ਫਿਟਨੈਸ ਦੇ ਇਸੇ ਜਨੂਨ ਦੇ ਕਾਰਨ ਅੱਜ ਉਸ ਨੂੰ ਬਾਲੀਵੁੱਡ ਦੀ ਇੱਕ ਫਿਟਨੈਸ ਫ੍ਰੀਕ ਵਜੋਂ ਜਾਣਿਆ ਜਾਂਦਾ ਹੈ ਪਿਛਲੀ ਵਾਰ 'ਭੂਤ ਪੁਲਸ' ਵਿੱਚ ਨਜ਼ਰ ਆ ਚੁੱਕੀ ਜੈਕਲਿਨ 'ਬੱਚਨ ਪਾਂਡੇ' ਵਿੱਚ ਅਕਸ਼ੈ ਕੁਮਾਰ ਨਾਲ ਤੀਸਰੀ ਵਾਰ ਸਕਰੀਨ ਸ਼ੇਅਰ ਕਰ ਰਹੀ ਹੈ। ਇਸ ਦੇ ਇਲਾਵਾ ਉਹ 'ਰਾਮਸੇਤੂ', 'ਅਟੈਕ' ਅਤੇ 'ਸਰਕਸ' ਵਰਗੀਆਂ ਹੋਰ ਤਿੰਨ ਵੱਡੀਆਂ ਫਿਲਮਾਂ ਕਰ ਰਹੀ ਹੈ। ਉਹ ਇੱਕ ਕੰਨੜ ਅਤੇ ਇੱਕ ਤੇਲਗੂ ਫਿਲਮ ਵਿੱਚ ਵੀ ਆਏਗੀ। ਰੋਹਿਤ ਸ਼ੈੱਟੀ ਦੀ ਰਣਵੀਰ ਸਿੰਘ ਅਤੇ ਪੂਜਾ ਹੇਗੜੇ ਸਟਾਰਰ 'ਸਰਕਸ' ਵਿੱਚ ਉਹ ਇੱਕ ਕੈਮਿਓ ਵਿੱਚ ਹੈ। 'ਅਟੈਕ' ਵਿੱਚ ਜਾਨ ਅਬਰਾਹਮ ਦੇ ਆਪੋਜ਼ਿਟ ਉਸ ਦੀ ਮੇਨ ਲੀਡ ਹੈ। ਇਸ ਨੂੰ ਲਕਸ਼ ਰਾਜ ਆਨੰਦ ਨਿਰਦੇਸ਼ਕ ਕਰ ਰਹੇ ਹਨ। 'ਕਿੱਕ' (2014) ਦੇ ਬਾਅਦ ਤੋਂ ਜੈਕਲੀਨ ਸਲਮਾਨ ਖਾਨ ਦੀ ਖਾਸਮਖਾਸ ਰਹੀ ਹੈ। ਪਿਛਲੇ ਦਿਨੀਂ ਉਹ ਸਲਮਾਨ ਖਾਨ ਸਟਾਰਰ 'ਰਾਧੇ' ਵਿੱਚ 'ਦਿਲ ਦੇ ਦਿਆ...' ਗੀਤ ਦੇ ਸਪੈਸ਼ਲ ਅਪੀਅਰੈਂਸ ਵਿੱਚ ਵੀ ਨਜ਼ਰ ਆਈ ਹੈ। ਸਾਜਿਦ ਨਾਡਿਆਡਵਾਲਾ ਦੀ ਫਰਹਾਦ ਸਾਮਦੀ ਦੇ ਨਿਰਦੇਸ਼ਨ ਵਿੱਚ 'ਬੱਚਨ ਪਾਂਡੇ' ਵਿੱਚ ਉਹ ਅਕਸ਼ੈ ਕੁਮਾਰ ਦੇ ਆਪੋਜ਼ਿਟ ਹੈ। ਇਸ ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ ਅਤੇ ਇਹ ਚਾਰ ਮਾਰਚ ਨੂੰ ਰਿਲੀਜ਼ ਹੋਵੇਗੀ। ਇਸ ਦੌਰਾਨ ਅਕਸ਼ੈ ਕੁਮਾਰ ਜੈਕਲੀਨ ਦੇ ਕੰਮ ਤੋਂ ਇੰਨੇ ਪ੍ਰਭਾਵਤ ਹੋਏ ਕਿ 'ਰਾਮਸੇਤੂ' ਵਿੱਚ ਨਿਰਦੇਸ਼ਕ ਅਭਿਸ਼ੇਕ ਸ਼ਰਮਾ ਨੂੰ ਉਨ੍ਹਾਂ ਨੇ ਜੈਕਲੀਨ ਦਾ ਨਾਂਅ ਲਿਆ। ਇਨ੍ਹੀਂ ਦਿਨੀਂ ਜੈਕਲੀਨ ਫਰਨਾਂਡੀਜ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਮਨੀ ਲਾਂਡਰਿੰਗ ਕੇਸ ਵਿੱਚ ਫਸੀ ਹੋਈ ਹੈ। ਉਸ ਦੇ ਖਿਲਾਫ ਉਥੇ 200 ਕਰੋੜ ਦੀ ਹੇਰਾ ਫੇਰੀ ਦਾ ਮਾਮਲਾ ਚੱਲ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਜੈਕਲੀਨ



ਦਾ ਨਾਂਅ ਤਿਹਾੜ ਜੇਲ੍ਹ ਦੇ ਅੰਦਰ ਰੰਗਦਾਰੀ ਵਸੂਲ ਕਰਨ ਵਾਲੇ ਸੁਕੇਸ਼ ਚੰਦਰਸ਼ੇਖਰ ਦੇ ਨਾਲ ਜੁੜਦਾ ਰਿਹਾ ਹੈ। ਪੇਸ਼ ਹਨ ਜੈਕਲੀਨ ਫਰਨਾਂਡੀਜ਼ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਤੁਸੀਂ ਅਕਸ਼ੈ ਕੁਮਾਰ ਵਰਗੇ ਵੱਡੇ ਐਕਟਰ ਨਾਲ 'ਬੱਚਨ ਪਾਂਡੇ' ਅਤੇ 'ਰਾਮਸੇਤੂ' ਵਰਗੀਆਂ ਦੋ-ਦੋ ਫਿਲਮਾਂ ਕਰ ਰਹੇ ਹੋ। ਕਿਹੋ ਜਿਹਾ ਮਹਿਸੂਸ ਹੁੰਦਾ ਹੈ?

– ਅਕਸ਼ੈ ਕੁਮਰ ਦੇ ਨਾਲ ਮੇਰੀ ਟਿਊਨਿੰਗ ਕਾਫੀ ਵਧੀਆ ਰਹੀ ਹੈ। ਉਨ੍ਹਾਂ ਦੇ ਨਾਲ ਕੰਮ ਕਰਦੇ ਹੋਏ ਕਾਫੀ ਇਨਰਜੈਂਟਿਕ ਮਹਿਸੂਸ ਹੁੰਦਾ ਹੈ। ਫਿਲਮ 'ਬੱਚਨ ਪਾਂਡੇ' ਵਿੱਚ ਮੈਂ ਉਨ੍ਹਾਂ ਦੇ ਨਾਲ 'ਫੁਨਮਬੁਲਿਜ਼ਮ', ਜਿਸ ਨੂੰ ਰੱਸੀ ਉੱਤੇ ਤੁਰਨ ਦਾ ਆਰਟ ਕਹਿੰਦੇ ਹਨ, ਕਰਦੀ ਨਜ਼ਰ ਆਵਾਂਗੀ।

* ਕੀ ਇਹ 'ਫੁਨਮਬੁਲਿਜ਼ਮ' ਓਹੀ ਹੈ, ਜੋ ਹੇਮਾ ਮਾਲਿਨੀ ਨੇ 'ਸੀਤਾ ਔਰ ਗੀਤਾ' ਵਿੱਚ ਕੀਤਾ ਸੀ?

– ਜੀ ਬਿਲਕੁਲ, ਪਰ ਮੈਂ ਇੱਕ ਗੱਲ ਕਹਾਂਗੀ ਕਿ ਸਿੱਪੀ ਸਰ ਨੇ ਉਹ ਸਾਰੇ ਸੀਨ ਹੇਮਾ ਜੀ ਦੇ ਡੁਪਲੀਕੇਟ ਉੱਤੇ ਕੀਤੇ ਸਨ, ਜਦ ਕਿ 'ਬੱਚਨ ਪਾਂਡੇ' ਵਿੱਚ ਮੈਂ ਖੁਦ ਆਪਣੇ ਸਾਰੇ ਸੀਨ ਕਰ ਰਹੀ ਹਾਂ। ਇਹ ਕਾਫੀ ਮੁਸ਼ਕਲ ਹੈ, ਪਰ ਮੈਂ ਇਸ ਨੂੰ ਸਿਰਫ ਇੱਕ ਵੀਕ ਵਿੱਚ ਸਿੱਖ ਲਿਆ। ਇਸ ਨਾਲ ਮੈਨੂੰ ਸ਼ੂਟਿੰਗ ਦੌਰਾਨ ਪਰਫੈਕਟ ਬੈਲੇਂਸ ਬਣਾਉਣ ਵਿੱਚ ਮਦਦ ਮਿਲੀ।

* ਤੁਹਾਡੇ ਬਾਰੇ ਕਿਹਾ ਜਾਂਦਾ ਹੈ ਕਿ ਤੁਸੀਂ ਫਿਲਮਾਂ ਵਿੱਚ ਸਿਰਫ ਐਕਟਿੰਗ ਨਹੀਂ ਕਰਦੇ, ਫਿਲਮ ਮੇਕਿੰਗ ਨਾਲ ਜੁੜੇ ਹਰ ਪਹਿਲੂ ਉੱਤੇ ਬਰੀਕੀ ਨਾਲ ਨਜ਼ਰ ਰੱਖਦੇ ਹੋ। ਕੀ ਅੱਗੇ ਚੱਲ ਕੇ ਫਿਲਮ ਡਾਇਰੈਕਟ ਕਰਨ ਦਾ ਇਰਾਦਾ ਹੈ?

– ਫਿਲਹਾਲ ਮੈਂ ਐਕਟਿੰਗ ਵਿੱਚ ਇੰਨੀ ਬਿਜ਼ੀ ਹਾਂ ਕਿ ਮੈਨੂੰ ਦੂਸਰੇ ਕੰਮਾਂ ਲਈ ਸਮਾਂ ਹੀ ਨਹੀਂ ਮਿਲ ਰਿਹਾ, ਪਰ ਜਦ ਵੀ ਸਮਾਂ ਮਿਲੇਗਾ, ਕੋਈ ਨਾ ਕੋਈ ਫਿਲਮ ਜ਼ਰੂਰ ਡਾਇਰੈਕਟ ਕਰਨਾ ਚਾਹਾਂਗੀ।

* ਸੁਣਿਆ ਹੈ ਕਿ ਇਨਫੋਰਸਮੈਂਟ ਡਾਇਰੈਕਟੋਰੇਟ ਵਿੱਚ 200 ਕਰੋੜ ਦੀ ਹੇਰਾ-ਫੇਰੀ ਦੇ ਮਾਮਲੇ ਦੇ ਬਾਅਦ ਸਾਊਥ ਦੀ ਇੱਕ ਫਿਲਮ ਤੋਂ ਤੁਹਾਨੂੰ ਆਊਟ ਕਰ ਦਿੱਤਾ ਗਿਆ ਹੈ?

– ਦਰਅਸਲ ਤੇਲਗੂ ਦੀ ਪਵਨ ਕਲਿਆਣ ਸਟਾਰਰ ਜਿਸ ਫਿਲਮ 'ਹਰੀ ਹਾਰਾ ਵੀਰਾ ਮੱਲੂ' ਦੀ ਗੱਲ ਕੀਤੀ ਜਾ ਰਹੀ ਹੈ, ਉਸ ਦਾ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਮਨੀ ਲਾਂਡਰਿੰਗ ਕੇਸ ਨਾਲ ਕੁਝ ਵੀ ਲੈਣਾ ਦੇਣਾ ਨਹੀਂ। ਮੈਂ ਇਸ ਕੇਸ ਨਾਲ ਜੁੜਨ ਦੇ ਕਾਫੀ ਪਹਿਲਾਂ ਪਿਛਲੇ ਸਾਲ ਹੀ ਡੇਟ ਪ੍ਰੋਬਲਮ ਕਾਰਨ ਇਸ ਫਿਲਮ ਤੋਂ ਅਲੱਗ ਹੋ ਗਈ ਸੀ। ਮੈਨੂੰ ਲੱਗਦਾ ਹੈ ਕਿ ਮੈਂ ਅੱਜ ਕੱਲ੍ਹ ਕਾਫੀ ਚਰਚਾ ਵਿੱਚ ਹਾਂ, ਇਸ ਲਈ ਮੀਡੀਆ ਬੇਮਤਲਬ ਦੇ ਮੁੱਦੇ ਉਠਾ ਰਿਹਾ ਹੈ।

## ਕਿਰਨ ਰਾਓ ਦੀ ਫਿਲਮ ਆਮੀਰ ਖਾਨ ਪ੍ਰੋਡਿਊਸ ਕਰੇਗਾ



ਅਭਿਨੇਤਾ ਆਮੀਰ ਖਾਨ ਅਤੇ ਕਿਰਨ ਰਾਓ ਨੇ ਸਾਲ 2021 ਦੌਰਾਨ ਇੱਕ ਸਾਂਝੇ ਬਿਆਨ ਰਾਹੀਂ ਜਨਤਕ ਤੌਰ ਉੱਤੇ ਵੱਖ ਹੋਣ ਦਾ ਐਲਾਨ ਕੀਤਾ ਸੀ। ਤਲਾਕ ਮਗਰੋਂ ਭਾਵੇਂ ਦੋਵੇਂ ਇਕੱਠੇ ਨਹੀਂ, ਫਿਰ ਵੀ ਚੰਗੇ ਦੋਸਤ ਹਨ। ਦੋਵਾਂ ਨੇ ਇਕੱਠਿਆਂ 'ਲਾਲ ਸਿੰਘ ਚੱਢਾ' ਵਿੱਚ ਕੰਮ ਕੀਤਾ ਸੀ ਤੇ ਇਹ ਲੱਗਦਾ ਹੈ ਕਿ ਆਮੀਰ ਜਲਦੀ ਹੀ ਕਿਰਨ ਦੇ ਨਿਰਦੇਸ਼ਨ ਵਿੱਚ ਵਾਪਸੀ ਲਈ ਇੱਕ ਪ੍ਰੋਡਿਊਸਰ ਵਜੋਂ ਸਮਰਥਨ ਕਰੇਗਾ।

ਇਹ ਪ੍ਰੋਜੈਕਟ ਬਿਪਲਵ ਗੋਸਵਾਮੀ ਵੱਲੋਂ ਲਿਖਿਆ ਤੇ ਸਕਰੀਨ ਪਲੇਅ ਸਨੇਹਾ ਦੇਸਾਈ ਦਾ ਹੈ। ਜਦੋਂ ਕਿਰਨ ਨੇ ਆਮੀਰ ਨੂੰ ਸਕ੍ਰਿਪਟ ਸੁਣਾਈ ਤਾਂ ਉਸ ਨੂੰ ਇਹ ਬਹੁਤ ਪਸੰਦ ਆਈ ਤੇ ਉਹ ਇੱਕ ਨਿਰਮਾਤਾ ਵਜੋਂ ਤੁਰੰਤ ਬੋਰਡ ਉੱਤੇ ਆਉਣ ਨੂੰ ਸਹਿਮਤ ਹੋ ਗਿਆ। ਤਲਾਕ ਤੋਂ ਬਾਅਦ ਦੋਵੇਂ ਚੰਗੇ ਦੋਸਤ ਅਤੇ ਸਹਿਯੋਗੀ ਬਣੇ ਹੋਏ ਹਨ। ਕੋਰੋਨਾ ਮਹਾਮਾਰੀ ਦੀਆਂ ਹਿਦਾਇਤਾਂ ਦੇ ਮੱਦੇਨਜ਼ਰ ਪ੍ਰੋਜੈਕਟ ਦੀ ਪਹਿਲੀ ਸਮਾਂ ਸੂਚੀ 20 ਜਨਵਰੀ ਤਕ ਚੱਲੇਗੀ। ਕਿਰਨ ਦਾ ਅਪ੍ਰੈਲ ਮਹੀਨੇ ਤਕ ਸ਼ੂਟਿੰਗ ਖਤਮ ਕਰਨ ਦਾ ਇਰਾਦਾ ਹੈ।

## ਨਵੇਂ ਅਵਤਾਰ ਵਿੱਚ ਚਿਤਰਾਂਗਦਾ



ਚਿਤਰਾਂਗਦਾ ਸਿੰਘ ਕਾਫੀ ਦਿਨਾਂ ਬਾਅਦ ਮੁੜ ਫਿਲਮ ਇੰਡਸਟਰੀ ਵਿੱਚ ਐਕਟਿਵ ਨਜ਼ਰ ਆ ਰਹੀ ਹੈ। ਉਸ ਨੂੰ ਪਿੱਛੇ ਜਿਹੇ ਅਭਿਸ਼ੇਕ ਬੱਚਨ ਦੀ ਫਿਲਮ 'ਬੌਬ ਬਿਸਵਾਸ' ਵਿੱਚ ਉਸ ਦੀ ਪਤਨੀ ਦੇ ਕਿਰਦਾਰ ਵਿੱਚ ਦੇਖਿਆ ਗਿਆ ਸੀ। ਉਹ ਜਲਦੀ ਹੀ ਸਾਰਾ ਅਲੀ ਖਾਨ ਅਤੇ ਵਿਕਰਾਂਤ ਮੇਸੀ ਦੀ ਸਸਪੈਂਸ ਡਰਾਮਾ ਫਿਲਮ 'ਗੈਸਲਾਈਨ' ਦਾ ਹਿੱਸਾ ਬਣੇਗੀ। ਉਹ ਇਨ੍ਹਾਂ ਦੋਵਾਂ ਨਾਲ ਇਸ ਫਿਲਮ ਵਿੱਚ ਮਹੱਤਵ ਪੂਰਨ ਕਿਰਦਾਰ ਵੀ ਨਿਭਾਉਂਦੀ ਦਿਖਾਈ ਦੇਵੇਗੀ।

ਜਾਣਕਾਰ ਸੂਤਰਾਂ ਅਨੁਸਾਰ ਚਿਤਰਾਂਗਦਾ ਨੇ ਦੱਸਿਆ ਕਿ ਉਹ 'ਭੂਤ ਪੁਲਸ' ਫੇਮ ਡਾਇਰੈਕਟਰ ਪਵਨ ਕ੍ਰਿਪਲਾਨੀ ਦੇ ਨਿਰਦੇਸ਼ਕ ਵਿੱਚ ਬਣਦੀ ਇਸ ਫਿਲਮ ਵਿੱਚ ਕੰਮ ਕਰ ਰਹੀ ਹੈ। ਸਾਰਾ, ਵਿਕਰਾਂਤ ਤੇ ਚਿਤਰਾਂਗਦਾ ਜਲਦੀ ਹੀ ਇਸ ਨਾਲ ਜੁੜੀ ਵਰਕਸ਼ਾਪ ਵਿਚ ਹਿੱਸਾ ਲੈਣਾ ਸ਼ੁਰੂ ਕਰਨਗੇ। ਚਿਤਰਾਂਗਦਾ ਦਾ ਦਾਅਵਾ ਹੈ ਕਿ ਉਹ ਇਸ ਫਿਲਮ ਵਿੱਚ ਏਦਾਂ ਦਾ ਕਿਰਦਾਰ ਨਿਭਾ ਰਹੀ ਹੈ ਜਿਸ ਨੂੰ ਪਹਿਲਾਂ ਕਦੇ ਉਸ ਨੇ ਨਹੀਂ ਦੇਖਿਆ ਸੀ। ਉਸ ਨੇ ਆਪਣੇ ਰੋਲ ਦਾ ਖੁਲਾਸਾ ਕੀਤੇ ਬਿਨਾਂ ਦੱਸਿਆ ਕਿ ਉਹ ਇਸ ਫਿਲਮ ਵਿੱਚ ਵੱਖਰੇ ਰੂਪ ਵਿੱਚ ਆਏਗੀ। ਉਸ ਨੇ ਕਿਹਾ ਕਿ ਪਵਨ ਬਹੁਤ ਵੱਖਰੀ ਤਰ੍ਹਾਂ ਕੰਮ ਕਰਨ ਵਾਲੇ ਫਿਲਮਮੇਕਰ ਹਨ ਤੇ ਇਹੀ ਗੱਲ ਉਨ੍ਹਾਂ ਨੂੰ ਦਿਲਚਸਪ ਬਣਾਉਂਦੀ ਹੈ ਕਿਉਂਕਿ ਤੁਹਾਨੂੰ ਪਤਾ ਨਹੀਂ ਹੁੰਦਾ ਕਿ ਉਹ ਅੱਗੇ ਕੀ ਕਰਨ ਵਾਲੇ ਹਨ। ਮੈਂ ਬੱਸ ਇੰਨਾ ਕਹਿ ਸਕਦੀ ਹਾਂ ਕਿ ਤੁਸੀਂ ਇਸ ਤਰ੍ਹਾਂ ਦੀ ਫਿਲਮ ਦੀ ਕਲਪਨਾ ਵੀ ਨਹੀਂ ਕੀਤੀ ਹੋਵੇਗੀ। ਚਿਤਰਾਂਗਦਾ ਫਿਲਮ ਅਤੇ ਆਪਣੇ ਕਿਰਦਾਰ ਬਰੇ ਕਾਫੀ ਖੁਸ਼ ਹੈ।

## ਬਚਪਨ ਤੋਂ ਹੀ ਫਿਲਮਾਂ ਦੀ ਸ਼ੌਕੀਨ ਹਾਂ : ਵਾਮਿਕਾ ਗੱਬੀ



ਪੰਜਾਬੀ ਪਰਵਾਰ ਵਿੱਚ ਪੈਦਾ ਹੋਈ ਵਾਮਿਕਾ ਗੱਬੀ ਨੂੰ ਫਿਲਮਾਂ ਦੇਖਣ ਦਾ ਬਹੁਤ ਸ਼ੌਕ ਸੀ। ਉਸ ਦੇ ਪਰਵਾਰ ਦੇ ਸਾਰੇ ਮੈਂਬਰਾਂ ਨੂੰ ਕਿਸੇ ਨਵੀਂ ਫਿਲਮ ਦੇ ਰਿਲੀਜ਼ ਹੋਣ ਉੱਤੇ ਹਾਲ ਵਿੱਚ ਜਾ ਕੇ ਦੇਖਣਾ ਪਸੰਦ ਸੀ। ਵਾਮਿਕਾ ਵੱਡੀ ਹੋਈ ਤਾਂ ਉਸ ਨੂੰ ਹਮੇਸ਼ਾ ਕੁਝ ਨਵਾਂ ਕੰਮ ਕਰਨ ਦੀ ਇੱਛਾ ਰਹਿੰਦੀ ਸੀ, ਕਈ ਵਾਰ ਉਸ ਨੇ ਆਸਪਾਸ ਕਈ ਅਜਿਹੀਆਂ ਘਟਨਾਵਾਂ ਦੇਖੀਆਂ, ਜਿਸ ਵਿੱਚ ਜਾਗਰੂਕਤਾ ਵਧਾਉਣ ਦੀ ਲੋੜ ਸੀ। ਔਰਤਾਂ ਅਤੇ ਬੱਚਿਆਂ ਨਾਲ ਨਾ-ਇਨਸਾਫੀ ਨੂੰ ਉਹ ਖਾਸ ਮੰਨਦੀ ਹੈ। ਵਾਮਿਕਾ ਨੂੰ ਲੋਕਾਂ ਤੱਕ ਆਪਣੀ ਗੱਲ ਜਾਂ ਕਿਸੇ ਵਿਸ਼ੇਸ ਮੁੱਦੇ ਨੂੰ ਲੋਕਾਂ ਤੱਕ ਪਹੁੰਚਾਉਣ ਵਾਸਤੇ ਫਿਲਮਾਂ ਲੱਗਦੀਆਂ ਸਨ, ਕਿਉਂਕਿ ਪੂਰਾ ਦੇਸ਼ ਫਿਲਮਾਂ ਦਾ ਸ਼ੌਕੀਨ ਹੈ। ਉਸ ਦੇ ਪਿਤਾ ਦੀ ਟ੍ਰਾਂਸਫਰੇਬਲ ਜੌਬ ਹੋਣ ਕਰ ਕੇ ਵਾਮਿਕਾ ਨੂੰ ਅਲੱਗ-ਅਲੱਗ ਥਾਵਾਂ ਵਿੱਚ ਜਾਣ ਦਾ ਮੌਕਾ ਮਿਲਦਾ ਰਿਹਾ। ਵਾਮਿਕਾ ਨੇ ਹਿੰਦੀ ਫਿਲਮਾਂ ਦੇ ਇਲਾਵਾ ਪੰਜਾਬੀ, ਤਮਿਲ, ਤੇਲਗੂ ਅਤੇ ਮਲਿਆਲਮ ਫਿਲਮਾਂ ਵਿੱਚ ਕੰਮ ਕੀਤਾ ਹੈ। ਉਸ ਨੂੰ ਆਪਣਾ ਕਰੀਅਰ ਬਹੁਤ ਪਸੰਦ ਹੈ, ਫਿਲਮ '83' ਵਿੱਚ ਉਸ ਨੇ ਕ੍ਰਿਕਟਰ ਮਦਨ ਲਾਲ ਦੀ ਪਤਨੀ ਅੰਨੂ ਲਾਲ ਦੀ ਭੂਮਿਕਾ ਨਿਭਾਈ ਹੈ, ਜਿਸ ਵਿੱਚ ਉਸ ਦੇ ਕੰਮ ਨੂੰ ਕਾਫੀ ਪ੍ਰਸ਼ੰਸਾ ਮਿਲੀ। ਉਸ ਨਾਲ ਉਸ ਦੇ ਫਿਲਮੀ ਸਫਰ ਬਾਰੇ ਗੱਲਬਾਤ ਹੋਈ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :

* ਫਿਲਮਾਂ ਵਿੱਚ ਆਉਣ ਦੀ ਪ੍ਰੇਰਨਾ ਕਿਵੇਂ ਮਿਲੀ?

– ਬਪਚਨ ਤੋਂ ਫਿਲਮਾਂ ਦੇਖਣ ਦਾ ਸ਼ੌਕ ਰਿਹਾ ਅਤੇ ਫਿਲਮਾਂ ਵੀ ਹਰ ਭਾਸ਼ਾ ਵਿੱਚ ਬਣਨ ਦੇ ਨਾਲ-ਨਾਲ ਹਿੰਦੀ ਵਿੱਚ ਵੀ ਬਣਦੀਆਂ ਹਨ, ਇਸ ਲਈ ਦੇਖਣ ਵਾਲੇ ਵੀ ਬਹੁਤ ਹਨ। ਮੇਰੇ ਪਰਵਾਰ ਵਿੱਚ ਸਭ ਨੂੰ ਫਿਲਮਾਂ ਦੇਖਣਾ ਪਸੰਦ ਸੀ, ਮੈਂ ਵੀ ਕਈ ਫਿਲਮਾਂ ਦੇਖੀਆਂ। ਫਿਲਮਾਂ ਹਮੇਸ਼ਾ ਮੈਨੂੰ ਆਕਰਸ਼ਿਤ ਕਰਦੀਆਂ ਅਤੇ ਕਹਾਣੀ ਖਾਸਕਰ ਸਟਰਾਂਗ ਅਤੇ ਮਨੋਰੰਜਕ, ਜਿਸ ਨੂੰ ਮੈਂ ਆਪਣੀ ਤਰ੍ਹਾਂ ਕਹਿ ਸਕਦੀ ਹਾਂ। ਮੌਕਾ ਸੀ ਅਤੇ ਮੈਂ ਲੱਕੀ ਸੀ ਕਿ ਮੈਨੂੰ ਫਿਲਮ '83' ਮਿਲੀ, ਜਿਸ ਵਿੱਚ ਕਹਾਣੀ ਦੇ ਨਾਲ ਚੰਗੇ ਡਾਇਰੈਕਟਰ, ਕੋ-ਸਟਾਰ ਸਨ। ਸਾਰਿਆਂ ਤੋਂ ਕੁਝ ਨਾ ਕੁਝ ਸਿੱਖਣ ਨੂੰ ਮਿਲਿਆ ਹੈ।

* ਦਿੱਲੀ ਤੋਂ ਮੁੰਬਈ ਕਿਵੇ ਆਉਣਾ ਹੋਇਆ?

– ਮੇਰੇ ਪਿਤਾ ਦੀ ਨੌਕਰੀ ਦਾ ਟਰਾਂਸਫਰ ਹੋਇਆ ਕਰਦਾ ਸੀ, ਅਜਿਹੇ ਵਿੱਚ ਮੇਰਾ ਜਨਮ ਦਿੱਲੀ ਵਿੱਚ ਹੋਇਆ, ਪਰ ਪੜ੍ਹਾਈ ਮੁੰਬਈ ਵਿੱਚ ਕੀਤੀ, ਇਸ ਦੇ ਬਾਅਦ ਮੇਰਾ ਫਿਰ ਦਿੱਲੀ ਜਾਣਾ ਹੋਇਆ ਤੇ ਅਖੀਰ ਮੁੰਬਈ ਆ ਗਈ ਕਿਉਂਕਿ ਇਹੀ ਮੇਰੀ ਡੈਸਟੀਨੇਸ਼ਨ ਹੈ। ਮੈਂ ਪਿਛਲੇ 18 ਸਾਲ ਤੋਂ ਮੁੰਬਈ ਵਿੱਚ ਕੰਮ ਕਰ ਰਹੀ ਹਾਂ।

* ਪਹਿਲੀ ਬਰੇਕ ਦੇ ਮਿਲਣ ਵਿੱਚ ਕਿੰਨਾ ਸਮਾਂ ਲੱਗਾ?

– ਐਕਟਿੰਗ ਦੇ ਖੇਤਰ ਵਿੱਚ ਆਉਣ ਤੋਂ ਪਹਿਲਾਂ ਮੈਂ ਫਿਲਮ ਸਕੂਲ ਵਿੱਚ ਗਈ। ਉਥੇ ਮੈਂ ਇੱਕ ਸ਼ਾਰਟ ਫਿਲਮ ਬਣਾਈ ਸੀ, ਇਸ ਦੇ ਬਾਅਦ ਕੈਂਪਸ ਪਲੇਸਮੈਂਟ ਤੋਂ ਹੀ ਮੈਨੂੰ ਪਹਿਲੀ ਫਿਲਮ 'ਮਕਬੂਲ' ਮਿਲੀ ਸੀ। ਇਸ ਦੇ ਬਾਅਦ ਹੌਲੀ-ਹੌਲੀ ਕੰਮ ਅੱਗੇ ਵਧਦਾ ਗਿਆ।

* ਨਾਨ ਕਮਰਸ਼ੀਅਲ ਫਿਲਮਾਂ ਵਿੱਚ ਕੰਮ ਕਰਨ ਦੀ ਵਜ੍ਹਾ ਕੀ ਹੈ?

– ਮੈਂ ਹਮੇਸ਼ਾ ਉਨ੍ਹਾਂ ਕਹਾਣੀਆਂ ਨੂੰ ਕਹਿਣ ਦੀ ਕੋਸ਼ਿਸ਼ ਕੀਤੀ ਹੈ, ਜੋ ਮੇਰੇ ਆਸਪਾਸ ਹੁੰਦੀਆਂ ਹਨ, ਇਸ ਤੋਂ ਮਨੋਰੰਜਨ ਦੇ ਨਾਲ ਇੱਕ ਸੰਦੇਸ਼ ਵੀ ਦਰਸ਼ਕਾਂ ਤੱਕ ਜਾਂਦਾ ਹੈ। ਅਜਿਹੀਆਂ ਕਹਾਣੀਆਂ ਨਾਲ ਲੋਕਾਂ ਦੀ ਸੋਚ ਦਾ ਪਰਿਵਰਤਨ ਹੋ ਸਕਦਾ ਹੈ। ਭਾਵੇਂ ਦਰਸ਼ਕ ਉਸ ਨੂੰ ਪਸੰਦ ਨਾ ਕਰਦੇ ਹੋਣ, ਸਹੀ ਸਕ੍ਰਿਪਟ ਨਾਲ ਉਸ ਨੂੰ ਮਨੋਰੰਜਕ ਬਣਾਇਆ ਜਾ ਸਕਦਾ ਹੈ।

*ਤੁਹਾਡੇ ਆਲੇ-ਦੁਆਲੇ ਵਾਪਰੀ ਅਜਿਹੀ ਕਹਾਣੀ, ਜਿਸ ਦਾ ਪ੍ਰਭਾਵ ਤੁਹਾਡੇ ਉੱਤੇ ਜ਼ਿਆਦਾ ਪਿਆ?

– ਕਹਾਣੀਆਂ ਬਹੁਤ ਹਨ, ਇਸ ਵਿੱਚ ਖਾਸ ਕਰ ਕੇ ਔਰਤਾਂ ਨਾਲ ਸੰਬੰਧਤ ਸਕ੍ਰਿਪਟ ਜ਼ਿਆਦਾ ਹੁੰਦੀਆਂ ਹਨ, ਜਿਸ ਵਿੱਚ ਇੱਕ ਔਰਤ ਅਲੱਗ-ਅਲੱਗ ਹਾਲਾਤਾਂ ਵਿੱਚ ਕਿਵੇਂ ਰਿਐਕਟ ਕਰਦੀ ਹੈ, ਕਿਵੇਂ ਉਨ੍ਹਾਂ ਹਾਲਾਤਾਂ ਤੋਂ ਲੰਘਦੀ ਹੈ ਅਜਿਹੀਆਂ ਸਾਰੀਆਂ ਕਹਾਣੀਆਂ ਮੇਰੇ ਦਿਲ ਦੇ ਕਰੀਬ ਹਨ।

* ਯੂਥ ਵਿੱਚ ਵਧਦੇ ਮਾਨਸਿਕ ਦਬਾਅ ਬਾਰੇ ਕੀ ਤੁਸੀਂ ਕੁਝ ਕਰਨ ਦੀ ਇੱਛਾ ਰੱਖਦੇ ਹੋ?

– ਅੱਜਕੱਲ੍ਹ ਮਾਨਸਿਕ ਦਬਾਅ ਕੇਵਲ ਬੱਚਿਆਂ ਵਿੱਚ ਨਹੀਂ, ਵੱਡਿਆਂ ਵਿੱਚ ਵੀ ਬਹੁਤ ਹੈ, ਪਰ ਇਸ ਵਿੱਚ ਜਾਗਰੂਕਤਾ ਦੀ ਘਾਟ ਹੈ। ਸਰੀਰ ਹੀ ਨਹੀਂ, ਦਿਮਾਗ ਵੀ ਬਿਮਾਰ ਹੋ ਸਕਦਾ ਹੈ, ਪਰ ਲੋਕ ਇਸ ਨੂੰ ਸਵੀਕਾਰ ਨਹੀਂ ਕਰਨਾ ਚਾਹੁੰਦੇ ਤੇ ਦੱਸਣ ਵਿੱਚ ਵੀ ਸ਼ਰਮ ਮਹਿਸੂਸ ਕਰਦੇ ਹਨ। ਮਾਨਸਿਕ ਬਿਮਾਰੀ ਨੂੰ ਟੈਬੂ ਮੰਨ ਲਿਆ ਜਾਂਦਾ ਹੈ। ਇਸ ਵਿੱਚ ਪਰਵਾਰ ਨੂੰ ਆਪਣੇ ਬੱਚੇ ਨੂੰ ਸਮਝਾਉਣ ਦੀ ਲੋੜ ਹੈ। ਜਦ ਉਹ ਕਿਸੇ ਮਾਨਸਿਕ ਪ੍ਰੇਸ਼ਾਨੀ ਦੇ ਸ਼ਿਕਾਰ ਹੋਣ ਤੋਂ ਸਭ ਤੋਂ ਪਹਿਲਾਂ ਆਪਣੇ ਘਰਦਿਆਂ ਨੂੰ ਦੱਸਣ। ਇਸ ਦੇ ਇਲਾਵਾ ਸਮਾਜਕ ਅਤੇ ਕ੍ਰਿਏਟਰਸ ਦਾ ਫਰਜ਼ ਹੈ ਕਿ ਅਜਿਹੀਆਂ ਗੱਲਾਂ ਫਿਲਮਾਂ ਜ਼ਰੀਏ ਦਰਸ਼ਕਾਂ ਤੱਕ ਪਹੁੰਚਾਉਣ। ਇੱਕ ਅਜਿਹੀ ਕਹਾਣੀ ਉੱਤੇ ਕੰਮ ਚੱਲ ਰਿਹਾ ਹੈ, ਜੋ ਜਲਦੀ ਹੀ ਪਰਦੇ ਉੱਤੇ ਆਏਗੀ।


* ਅੱਗੇ ਦੀਆਂ ਕੀ ਯੋਜਨਾਵਾਂ ਹਨ?

– ਅੱਗੇ 'ਰਾਮਸੇਤੂ' ਫਿਲਮ ਦੀ ਸ਼ੂਟਿੰਗ ਚੱਲ ਰਹੀ ਹੈ। ਇਸ ਦੇ ਇਲਾਵਾ ਫਿਲਮ 'ਜਲਸਾ' ਅਤੇ ਕਈ ਵੈਬ ਸੀਰੀਜ਼ ਵੀ ਹਨ, ਜਿਸ ਦੀ ਸ਼ੂਟਿੰਗ ਚੱਲ ਰਹੀ ਹੈ।

* ਪਰਵਾਰ ਦਾ ਸਹਿਯੋਗ ਤੁਹਾਨੂੰ ਕਿੰਨਾ ਮਿਲਿਆ?

– ਪਰਵਾਰ ਦੇ ਸਹਿਯੋਗ ਦੇ ਬਿਨਾਂ ਫਿਲਮਾਂ ਵਿੱਚ ਕੰਮ ਕਰਨਾ ਔਖਾ ਹੈ। ਮੇਰੇ ਪਤੀ ਆਰਿਫ ਸ਼ੇਖ਼ ਇੱਕ ਫਿਲਮ ਐਡੀਟਰ ਹਨ। ਮੇਰਾ ਬੇਟਾ ਕਿਆਨ ਸ਼ਰਮਾ ਸ਼ੇਖ਼, ਜੋ 11 ਸਾਲ ਦਾ ਹੈ, ਉਸ ਨੂੰ ਫਿਲਮਾਂ ਦੇਖਣ ਦਾ ਬਹੁਤ ਸ਼ੌਕ ਹੈ। ਫਿਲਹਾਲ ਉਨ੍ਹਾਂ ਨੇ ਕ੍ਰਿਕਟ ਨੂੰ ਆਪਣੀ ਕਰੀਅਰ ਬਣਾਇਆ ਹੈ।

## ਅਨੰਨਿਆ ਦੀ ਲਵ ਲਾਈਫ ਵਿੱਚ ਵਿਲੇਨ ਦੀ ਐਂਟਰੀ



ਨਵੀਂ ਪੀੜ੍ਹੀ ਦੇ ਸਭ ਤੋਂ ਪ੍ਰਤਿਭਾਸ਼ਾਲੀ ਸਿਤਾਰਿਆਂ ਵਿੱਚ ਅਨੰਨਿਆ ਪਾਂਡੇ ਅਤੇ ਈਸ਼ਾਨ ਖੱਟਰ ਦਾ ਨਾਂਅ ਮੁੱਖ ਤੌਰ ਉੱਤੇ ਲਿਆ ਜਾਣ ਲੱਗਾ ਹੈ। ਦੋਵਾਂ ਦੀਆਂ ਕੁਝ ਇੱਕ ਫਿਲਮਾਂ ਹੀ ਆਈਆਂ ਹਨ, ਪਰ ਜੋ ਵੀ ਰਲੀਜ਼ ਹੋਈਆਂ, ਉਨ੍ਹਾਂ ਵਿੱਚ ਦੋਵਾਂ ਨੇ ਦਮਦਾਰ ਐਕਟਿੰਗ ਰਾਹੀਂ ਸਿੱਧ ਕਰ ਦਿੱਤਾ ਕਿ ਉਹ ਐਕਟਿੰਗ ਵਿੱਚ ਲੰਬੀ ਰੇਸ ਲਈ ਤਿਆਰ ਹਨ। ਫਿਲਮ 'ਖਾਲੀ ਪੀਲੀ' ਵਿੱਚ ਇਕੱਠੇ ਕੰਮ ਕਰ ਚੁੱਕੇ ਇਨ੍ਹਾਂ ਦੋਵਾਂ ਸਿਤਾਰਿਆਂ ਦੇ ਬਾਰੇ ਦਿਲਚਸਪ ਹੈ ਕਿ ਉਹ ਰੀਅਲ ਲਾਈਫ ਵਿੱਚ ਵੀ ਇੱਕ ਦੂਸਰੇ ਦੇ ਕਾਫੀ ਨੇੜੇ ਹਨ। ਦੋਵਾਂ ਦੇ ਰੋਮਾਂਸ ਦੇ ਚਰਚੇ ਲੰਬੇ ਸਮੇਂ ਤੋਂ ਹੁੰਦੇ ਸਨ, ਪਰ ਦੋਵਾਂ ਨੇ ਰਾਜਸਥਾਨ ਦੇ ਰਣਥੰਭੌਰ ਵਿੱਚ ਆਪਣੇ ਨਵੇਂ ਸਾਲ ਦੇ ਜਸ਼ਨ ਨਾਲ ਖੂਬ ਸੁਰਖੀਆਂ ਲਈਆਂ ਅਤੇ ਜਦੋਂ ਦੋਵੇਂ ਛੁੱਟੀਆਂ ਮਨਾ ਕੇ ਇਕੱਠੇ ਮੁੰਬਈ ਪਰਤੇ ਤਾਂ ਇਸ ਗੱਲ ਦੀ ਲਗਭਗ ਪੁਸ਼ਟੀ ਹੋ ਗਈ ਕਿ ਦੋਵੇਂ ਇੱਕ ਦੂਜੇ ਦੇ ਬਹੁਤ ਨੇੜੇ ਆ ਚੁੱਕੇ ਹਨ।

ਸੂਤਰਾਂ ਮੁਤਾਬਕ ਦੋਵੇਂ ਇੱਕ ਦੂਜੇ ਨੂੰ ਕਾਫੀ ਪਸੰਦ ਕਰਦੇ ਹਨ ਅਤੇ ਪਿਛਲੇ ਸਾਲ ਦੋਵਾਂ ਨੇ ਮਾਲਦੀਵ ਇਕੱਠਿਆਂ ਸਮਾਂ ਬਿਤਾਇਆ ਸੀ, ਪਰ ਇਹ ਸੁਣਨ ਨੂੰ ਮਿਲ ਰਿਹਾ ਹੈ ਕਿ ਅਨੰਨਿਆ ਅਤੇ ਈਸ਼ਾਨ ਦੀ ਲਵ ਸਟੋਰੀ ਵਿੱਚ ਉਨ੍ਹਾਂ ਦੇ ਪਰਵਾਰ ਵਿਲੇਨ ਬਣ ਗਏ ਹਨ। ਦੋਵਾਂ ਦੇ ਰੋਮਾਂਸ ਦੇ ਸੁਰਖੀਆਂ ਵਿੱਚ ਆਉਣ ਪਿੱਛੋਂ ਦੋਵਾਂ ਦੇ ਪਰਵਾਰ ਕਾਫੀ ਸਖਤ ਹੋਣ ਲੱਗੇ ਹਨ। ਇੱਕ ਰਿਪੋਰਟ ਅਨੁਸਾਰ ਈਸ਼ਾਨ ਤੇ ਅਨੰਨਿਆ ਦੇ ਮਾਤਾ ਪਿਤਾ ਨੇ ਉਨ੍ਹਾਂ ਨੂੰ ਸਖਤ ਫੁਰਮਾਨ ਕੀਤਾ ਹੈ। ਦੋਵਾਂ ਦੇ ਪਰਵਾਰ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਪਰ ਉਹ ਚਾਹੁੰਦੇ ਹਨ ਕਿ ਦੋਵੇਂ ਅਜੇ ਇੰਡਸਟਰੀ ਵਿੱਚ ਨਵੇਂ ਹਨ, ਇਸ ਲਈ ਈਸ਼ਾਨ ਤੇ ਅਨੰਨਿਆ ਨੂੰ ਕਰੀਅਰ ਵੱਲ ਧਿਆਨ ਦੇਣਾ ਚਾਹੀਦਾ ਹੈ। ਕਿਉਂਕਿ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਉੱਤੇ ਬਹੁਤ ਵੱਧ ਦਬਾਅ ਹੁੰਦਾ ਹੈ। ਇਸ ਲਈ ਇਹ ਉਨ੍ਹਾਂ ਨੂੰ ਪੇਸ਼ੇਵਰ ਜ਼ਿੰਦਗੀ ਤੋਂ ਭਟਕਾ ਸਕਦਾ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ
ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਪ੍ਰਾਪਰਟੀ ਖਰੀਦਣ ਜਾਂ ਵੇਚਣ
ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ
ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh
Tiwana
Sales Representative

Tel: 905.793.5777
416.802.5866
31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਉਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਕੋਵਿਡ-19 ਦੇ ਵੈਕਸੀਨ ਦਾ ਬੂਸਟਰ ਲਵਾਉ।

ਅੱਜ ਹੀ ਆਪਣਾ ਬੂਸਟਰ ਬੁੱਕ ਕਰਵਾਉ।

ਆਪਣੇ ਆਪ ਨੂੰ ਕੋਵਿਡ-19 ਤੋਂ ਬਚਾਉ।

ਇਹ ਸਾਡੇ ਸਾਰਿਆਂ `ਤੇ ਨਿਰਭਰ ਹੈ।



**ontario.ca/covid19** `ਤੇ ਜਾਉ।
ਇਸ ਦੀ ਅਦਾਇਗੀ ਓਨਟਾਰੀਓ ਸਰਕਾਰ ਵਲੋਂ ਕੀਤੀ ਗਈ ਹੈ।
Ontario



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

## JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਈਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

# ਕੀ ਤੁਸੀਂ ਕਰਜ਼ੇ ਵਿੱਚ ਹੋ?

## ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION